ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 10 | Issue 13 | 01 April 2020 to 14 April 2020 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਤਾਂਤਰਿਕ ਵਿਧੀਆਂ ਦੇ ਸਹਾਰੇ ਕੋਰੋਨਾ ਵਾਇਰਸ ਨਾਲ ਭਾਰਤ ਨਹੀਂ ਲੜ ਸਕਦਾ

**- ਪ੍ਰੋ. ਬਲਵਿੰਦਰਪਾਲ ਸਿੰਘ**

ਬੀਤੇ ਦਿਨੀਂ ਲਾਕਡਾਊਨ ਦੇ 9ਵੇਂ ਦਿਨ ਸਵੇਰੇ 9 ਵਜੇ ਇੱਕ ਵਾਰ ਫਿਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਵੀਡੀਓ ਸੰਦੇਸ਼ ਰਾਹੀਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਐਤਵਾਰ (5 ਅਪ੍ਰੈਲ) ਨੂੰ ਕੋਰੋਨਾ ਵਾਇਰਸ ਨੂੰ ਚੁਣੌਤੀ ਦੇਣ ਲਈ ਰਾਤੀਂ 9 ਵਜੇ ਆਪਣੇ ਘਰਾਂ ਦੀਆਂ ਲਾਈਟਾਂ ਬੰਦ ਕਰਕੇ 9 ਮਿੰਟ ਤੱਕ ਘਰ ਦੇ ਦਰਵਾਜ਼ੇ ਜਾਂ ਬਾਲਕੋਨੀ ਵਿੱਚ ਖੜ ਕੇ ਦੀਵੇ, ਮੋਮਬੱਤੀ ਜਾਂ ਟਾਰਚ ਜਗਾਉਣ। ਉਨਾਂ ਦਾ ਕਹਿਣਾ ਸੀ ਕਿ ਇਸ ਤਰਾਂ ਕਰਕੇ ਅਸੀਂ ਹਨੇਰੇ ਤੋਂ ਪ੍ਰਕਾਸ਼ ਵੱਲ ਤੇ ਗ਼ਰੀਬਾਂ ਨੂੰ ਨਿਰਾਸ਼ਾ ਤੋਂ ਆਸ ਵੱਲ ਲੈ ਕੇ ਜਾਣਾ ਹੈ। ਇਸ ਨਾਲ ਪ੍ਰਕਾਸ਼ ਦੀ ਮਹਾਂਸ਼ਕਤੀ ਉਜਾਗਰ ਹੋਵੇਗੀ। ਸਵਾਲ ਪੈਦਾ ਹੁੰਦਾ ਹੈ ਕਿ 9 ਵਜੇ ਤੇ 9 ਮਿੰਟ ਹੀ ਕਿਉਂ ?

ਅਸਲ ਵਿਚ ਇਹ ਕਰਮਕਾਂਡੀ ਵਿਚਾਰਧਾਰਾ ਹਿੰਦੂ ਰਾਸ਼ਟਰਵਾਦੀ ਵਿਚਾਰਧਾਰਾ ਹੈ, ਜਿਸ ਦੇ ਅੰਸ਼ ਮਨੂਵਾਦੀ ਵਿਚਾਰਧਾਰਾ ਵਿਚ ਪਏ ਹਨ ਕਿ ਲੋਕਾਂ ਨੂੰ ਕਰਮਕਾਂਡਾਂ ਵਿਚ ਫਸਾਓ ਤੇ ਅਸਲੀ ਸਮੱਸਿਆਵਾਂ ਤੋਂ ਪਰੇ ਕਰ ਦਿਓ। ਹਿੰਦੂ ਮਿਥਿਹਾਸ ਵਿੱਚ 9 ਨੂੰ ਸੰਪੂਰਨ, ਢੁੱਕਵਾਂ ਤੇ ਦੈਵੀ ਅੰਕ ਮੰਨਿਆ ਜਾਂਦਾ ਹੈ। ਮਨੂੰਵਾਦੀ ਅੰਧ-ਵਿਸ਼ਵਾਸਾਂ ਦਾ ਸਭ ਤੋਂ ਵੱਡਾ ਸਰੋਤ 'ਜੋਤਿਸ਼ ਵਿਦਿਆ' 9 ਗ੍ਰਹਿਆਂ 'ਤੇ ਆਧਾਰਿਤ ਹੈ। ਪ੍ਰਧਾਨ ਮੰਤਰੀ ਮੋਦੀ ਜਦੋਂ ਮਹਾਂਸ਼ਕਤੀ ਦੀ ਗੱਲ ਕਰਦੇ ਹਨ ਤਾਂ ਹਿੰਦੂ ਮਿਥਿਹਾਸ ਮੁਤਾਬਕ ਦੁਰਗਾ ਹੀ ਮਹਾਂਸ਼ਕਤੀ ਹੈ ਤੇ ਇਸ ਦੇ ਵੱਖ-ਵੱਖ 9 ਸਰੂਪ ਹਨ। ਨਰਿੰਦਰ ਮੋਦੀ ਨੇ ਜਦੋਂ ਇਹ ਸੰਦੇਸ਼ ਜਾਰੀ ਕੀਤਾ ਤਾਂ ਇਸ ਤੋਂ ਇੱਕ ਦਿਨ ਪਹਿਲਾਂ ਨਵਰਾਤਰੇ ਖ਼ਤਮ ਹੋਏ ਤੇ ਸੁਨੇਹੇ ਵਾਲਾ ਦਿਨ ਵੀ ਲਾਕਡਾਊਨ ਦਾ ਨੌਵਾਂ ਦਿਨ ਸੀ। ਇਹ ਆਮ ਧਾਰਨਾ ਨਹੀਂ, ਸੱਚ ਹੈ ਕਿ ਜਦੋਂ ਮਨੁੱਖ ਨੂੰ ਸਿਰ 'ਤੇ ਮੌਤ ਦਿਖਾਈ ਦਿੰਦੀ ਹੈ ਤਾਂ ਕਮਜ਼ੋਰ ਦਿਲ ਵਾਲੇ ਲੋਕ ਕਰਮਕਾਂਡੀ ਵਿਧੀ ਅਪਨਾਉਣ ਲੱਗ ਜਾਂਦੇ ਹਨ। ਪੰਜਾਬ ਜੋ ਗੁਰੂਆਂ ਦੇ ਨਾਮ 'ਤੇ ਜਿਉਂਦਾ ਹੈ, ਉਹ ਵੀ ਇਸ ਕਰਮਕਾਂਡ ਵਿਚ ਫਸ ਗਿਆ। ਉਸ ਨੇ ਜੰਮ ਕੇ ਦੀਵਾਲੀ ਮਨਾਈ, ਪਟਾਕੇ ਛੱਡ। ਇਸ ਮੌਕੇ ਅਕਾਲ ਤਖ਼ਤ ਸਾਹਿਬ ਵਲੋਂ ਕੋਈ ਸੇਧ ਨਾ ਦਿੱਤੀ ਗਈ। ਭਾਰਤ ਵਿਚ ਕਈ ਥਾਂ 'ਤੇ ਜਾਗੋ ਕੱਢੀਆਂ ਤੇ ਮੋਮਬੱਤੀਆਂ ਜਗਾ ਕੇ ਜਲੂਸ ਕੱਢਿਆ ਤੇ ਨੱਚ ਕੇ ਜਸ਼ਨ ਮਨਾਇਆ। ਜੈ ਸ੍ਰੀ ਰਾਮ ਤੇ ਭਾਰਤ ਮਾਤਾ ਕੀ ਜੈ, ਬੰਦੇ ਮਾਤਰਮ, ਚਾਇਨਾ ਵਾਇਰਸ ਗੋ ਬੈਕ, ਹਰ ਹਰ ਮੋਦੀ ਤੇ ਨਾਅਰੇ ਲੱਗੇ। ਭਗਤੀ ਰਸ ਵਿਚ ਡੁੱਬੇ ਕਾਫੀ ਚੈਨਲ ਮੰਤਰ ਮੁਗਧ ਹੋ ਗਏ ਤੇ ਦੱਸਣ ਲੱਗੇ ਕਿ ਦੇਖੋ ਪ੍ਰਧਾਨ ਮੰਤਰੀ ਦੇ ਸੱਦੇ 'ਤੇ ਪੂਰਾ ਦੇਸ ਕਿਵੇਂ ਦੀਵਾਲੀ ਮਨਾ ਰਿਹਾ ਹੈ।



ਬਾਕੀ ਸਫ਼ਾ 28 'ਤੇ

# ਅਮਰੀਕਾ ਵਿਚ ਮ੍ਰਿਤਕਾਂ 'ਚ ਪਹਿਲਾਂ ਤੋਂ ਬਿਮਾਰੀਆਂ ਨਾਲ ਪੀੜਤ ਲੋਕਾਂ ਦੀ ਗਿਣਤੀ ਵੱਧ

**ਨਿਊਯਾਰਕ/ਹੁਸਨ ਲੜੋਆ ਬੰਗਾ:** ਅਮਰੀਕਾ ਵਿਚ ਫੈਲੇ ਕੋਰੋਨਾਵਾਇਰਸ ਨਾਲ ਪੀੜਤਾਂ ਤੇ ਮੌਤਾਂ ਦੀ ਗਿਣਤੀ ਵਿਚ ਸਥਿਰਤਾ ਆਉਣ ਦੀਆਂ ਪ੍ਰਗਟਾਈਆਂ ਸੰਭਾਵਨਾਵਾਂ ਦੇ ਦਰਮਿਆਨ ਮੌਤਾਂ ਦੀ ਗਿਣਤੀ ਤੇ ਪ੍ਰਭਾਵਿਤ ਲੋਕਾਂ ਵਿਚ ਨਿਰੰਤਰ ਵਾਧਾ ਹੋ ਰਿਹਾ ਹੈ। ਪਿਛਲੇ 24 ਘੰਟਿਆਂ ਦੌਰਾਨ 1900 ਤੋਂ ਵਧ ਲੋਕ ਮੌਤ ਦੇ ਮੂੰਹ ਵਿਚ ਜਾ ਪਏ ਹਨ ਤੇ ਕੁਲ ਮੌਤਾਂ 12900 ਹੋ ਗਈਆਂ ਹਨ ਜਦ ਕਿ ਬਿਮਾਰੀ ਨਾਲ ਪੀੜਤ ਲੋਕਾਂ ਦੀ ਗਿਣਤੀ ਤਕਰੀਬਨ 400 545 ਹੋ ਗਈ ਹੈ। ਇਕੱਲੇ ਨਿਊਯਾਰਕ ਵਿਚ 4760 ਲੋਕ ਮਾਰੇ ਜਾ ਚੁੱਕੇ ਹਨ। ਤਾਜ਼ਾ ਮਿਲੇ ਅੰਕੜਿਆਂ ਅਨੁਸਾਰ ਇਨਾਂ ਵਿਚੋਂ 86× ਮੌਤਾਂ ਉਨਾ ਵਿਅਕਤੀਆਂ ਦੀਆਂ ਹੋਈਆਂ ਹਨ ਜੋ ਪਹਿਲਾਂ ਹੀ ਹਾਈਪਰਟੈਨਸ਼ਨ ਤੇ ਸ਼ੂਗਰ ਵਰਗੇ ਰੋਗਾਂ ਤੋਂ ਪੀੜਤ ਸਨ। ਸਿਹਤ ਵਿਭਾਗ ਵੱਲੋਂ ਜਾਰੀ ਕੀਤੇ ਗਏ ਤਾਜਾ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਨਿਊਯਾਰਕ ਵਿਚ ਕੋਰੋਨਾਵਾਇਰਸ ਕਿਸ ਤਰਾਂ ਤੇਜੀ ਨਾਲ ਫੈਲਿਆ ਤੇ ਇਸ ਨੂੰ ਦੇਸ਼ ਵਿਚ ਕੋਵਿਡ-19 ਦਾ ਕੇਂਦਰ ਬਿੰਦੂ ਬਣਾ ਦਿੱਤਾ। ਰਾਜ ਵਿਚ ਮਾਰੇ ਗਏ ਲੋਕਾਂ ਵਿਚ 61 ਮਰਦ ਹਨ ਤੇ 39 ਔਰਤਾਂ ਹਨ। ਇਨਾਂ ਵਿਚ 63 ਉਹ ਲੋਕ ਸ਼ਾਮਿਲ ਹਨ ਜਿਨਾਂ ਮਰ 70 ਸਾਲ ਜਾਂ ਇਸ ਤੋਂ ਵਧ ਸੀ।

**ਸਮੁੰਦਰੀ ਸੈਨਾ ਦੇ ਸਕੱਤਰ ਨੇ ਦਿੱਤਾ ਅਸਤੀਫ਼ਾ:** ਅਮਰੀਕੀ ਸਮੁੰਦਰੀ ਸੈਨਾ ਦੇ ਸਕੱਤਰ ਥੋਮਸ ਮੋਡਲੀ ਨੇ ਆਪਣੇ ਅਹੁੱਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ ਜਿਸ ਨੂੰ ਤੁਰੰਤ ਸਵਿਕਾਰ ਕਰ ਲਿਆ ਗਿਆ ਹੈ। ਥੋਮਸ ਮੋਡਲੀ ਨੇ ਰੋਜਵੈਲਟ ਸਮੁੰਦਰੀ ਜਹਾਜ਼ ਦੇ ਕੈਪਟਨ ਨੂੰ ਬਰਖਾਸਤ ਕਰ ਦਿੱਤਾ ਸੀ ਜਿਸ ਨੇ ਕੋਰੋਨਾਵਾਇਰਸ ਨਾਲ ਪੀੜਤ ਅਮਲੇ ਨੂੰ ਬਚਾਉਣ ਲਈ ਮੱਦਦ ਕਰਨ ਦੀ ਬੇਨਤੀ ਕੀਤੀ ਸੀ। ਮੋਡਲੀ ਨੇ ਸਮੁੰਦਰੀ ਜਹਾਜ਼ ਦੇ ਅਮਲੇ ਨੂੰ ਸੰਬੋਧਨ ਕਰਦਿਆਂ ਕੈਪਟਨ ਬਰੈਟ ਕਰੋਜ਼ੀਰ ਨੂੰ ਬਹੁਤ ਹੀ ਸਿੱਧਾ ਤੇ ਮੂਰਖ ਆਦਮੀ ਕਿਹਾ ਸੀ। ਇਸ ਉਪਰੰਤ ਡੈਮੋਕਰੈਟਿਕ ਸੰਸਦ ਮੈਂਬਰਾਂ ਨੇ ਮੋਡਲੀ ਤੋਂ ਅਸਤੀਫੇ ਦੀ ਮੰਗ ਕੀਤੀ ਸੀ।

**ਕਾਲੇ ਲੋਕ ਵਧ ਪ੍ਰਭਾਵਿਤ:** ਇਸੇ ਦੌਰਾਨ ਇਹ ਖੁਲਾਸਾ ਹੋਇਆ ਹੈ ਕਿ ਅਮਰੀਕਾ ਦੇ ਕੁੱਝ ਪ੍ਰਮੁੱਖ ਸ਼ਹਿਰਾਂ ਵਿਚ ਦੂਸਰੇ ਅਮਰੀਕੀਆਂ ਦੀ ਤੁਲਨਾ ਵਿਚ ਕਾਲੇ ਲੋਕਾਂ ਦੀਆਂ ਕੋਰੋਨਾਵਾਇਰਸ ਨਾਲ ਵਧ ਮੌਤਾਂ ਹੋ ਰਹੀਆਂ ਹਨ। ਪਰੰਤੂ ਸੰਘੀ ਅਧਿਕਾਰੀ ਤੇ ਰਾਜ ਨਸਲ ਦੇ ਆਧਾਰ 'ਤੇ ਮਾਰੇ ਗਏ ਲੋਕਾਂ ਦੇ ਅੰਕੜੇ ਜਾਰੀ ਨਹੀਂ ਕਰ ਰਹੇ ਜਿਸ ਤੋਂ ਅਤਿ ਗਰੀਬੀ ਦੇ ਹਾਲਾਤ ਵਿਚ ਰਹਿ ਰਹੀ ਕਾਲੀ ਵਸੋਂ ਬਾਰੇ ਚਿੰਤਾਵਾਂ ਉਠਣੀਆਂ ਸੁਭਾਵਕ ਹਨ। ਮਨੁੱਖੀ ਹੱਕਾਂ ਬਾਰੇ ਸੰਸਥਾਵਾਂ, ਡੈਮੋਕਰੈਟਿਕਸ ਸੰਸਦ ਮੈਂਬਰਾਂ ਤੇ ਵਾਇਟ ਹਾਊਸ ਨੇ ਸੰਘੀ ਸਿਹਤ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਕੋਰੋਨਾਵਾਇਰਸ ਨਾਲ ਜੁੜੀਆਂ ਮੌਤਾਂ ਤੇ ਪ੍ਰਭਾਵਿਤ ਲੋਕਾਂ ਦੇ ਨਸਲੀ ਆਧਾਰ 'ਤੇ ਅੰਕੜੇ ਜਾਰੀ ਕੀਤੇ ਜਾਣ ਤਾਂ ਜੋ ਹਰੇਕ ਭਾਈਚਾਰੇ ਬਾਰੇ ਜਾਣਕਾਰੀ ਸਾਹਮਣੇ ਆ ਸਕੇ। ਰਾਸ਼ਟਰਪਤੀ ਡੋਨਾਲਡ ਟਰੰਪ ਤੇ ਨੈਸ਼ਨਲ ਇੰਸਟੀਚਿਊਟ ਆਫ ਅਲਰਜੀ ਐਂਡ ਇਨਫੈਕਸ਼ਨ ਡਸੀਜ਼ ਦੇ ਡਾਇਰੈਕਟਰ ਡਾ ਐਨਥਨੀ ਫੌਕੀ ਨੇ ਵੀ ਵਾਈਟ ਹਾਊਸ ਵਿਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ ਕੋਰੋਨਾਵਾਇਰਸ ਨਾਲ ਅਫਰੀਕੀ ਅਮਰੀਕਨ ਬਹੁਤ ਬੁਰੀ ਤਰਾਂ ਪ੍ਰਭਾਵਿਤ ਹੋਏ ਹਨ ਜੋ ਕਿ ਦੇਸ਼ ਲਈ ਇਕ ਵੱਡੀ ਚੁਣੌਤੀ ਹੈ। ਟਰੰਪ ਨੇ ਕਿਹਾ ਕਿ ਅਸੀਂ ਇਸ ਦੇ ਕਾਰਨ ਲਭਾਂਗੇ ਤੇ ਨਸਲੀ ਆਧਾਰ 'ਤੇ ਮੌਤਾਂ ਦਾ ਅੰਕੜਾ ਇਸ ਹਫਤੇ ਦੇ ਆਖਿਰ ਵਿਚ ਉਪਲਬੱਧ ਹੋ ਜਾਣਾ ਚਾਹੀਦਾ ਹੈ।

# ਦਿਹਾਤੀ ਪੰਜਾਬ ਦੀ ਨਾਕਾਬੰਦੀ ਨੇ ਉੱਡਤਾ ਪੰਜਾਬ ਭੁੰਜੇ ਲਾਹਿਆ

**ਚੰਡੀਗੜ/ਚਰਨਜੀਤ ਭੁੱਲਰ:** ਦਿਹਾਤੀ ਪੰਜਾਬ ਚ ਲੱਗੇ ਠੀਕਰੀ ਪਹਿਰੇ ਹੁਣ ਨਸ਼ੇ ਦੀ ਸਪਲਾਈ ਲਾਈਨ ਤੋੜਨ ਦਾ ਸਬੱਬ ਬਣ ਰਹੇ ਹਨ। ਤੋਟ ਦੇ ਭੰਨੇ ਨਸ਼ਾ ਤਸਕਰ ਹੁਣ ਪੰਚਾਇਤਾਂ ਅਤੇ ਨੌਜਵਾਨ ਕਲੱਬਾਂ ਤੇ ਹਮਲੇ ਕਰਨ ਲਈ ਉਤਾਰੂ ਹੋ ਗਏ ਹਨ। ਕਰੋਨਾ ਮਹਾਮਾਰੀ ਤੋਂ ਮੁਸਤੈਦ ਰਹਿਣ ਲਈ ਪਿੰਡਾਂ ਚ ਠੀਕਰੀ ਪਹਿਰੇ ਲੱਗੇ ਹਨ ਅਤੇ ਪਿੰਡਾਂ ਚ ਨਾਕਾਬੰਦੀ ਕੀਤੀ ਹੋਈ ਹੈ, ਜਿਨਾਂ ਕਰ ਕੇ ਨਸ਼ਾ ਤਸਕਰਾਂ ਅਤੇ ਨਸ਼ੇੜੀਆਂ ਨੂੰ ਪਿੰਡਾਂ ਵਿੱਚ ਦਾਖ਼ਲ ਹੋਣਾ ਮੁਸ਼ਕਲ ਹੋ ਰਿਹਾ ਹੈ। ਪੰਜਾਬ ਵਿੱਚ ਲੰਘੇ ਇੱਕ ਹਫ਼ਤੇ ਵਿਚ ਦਰਜਨਾਂ ਮਾਮਲੇ ਸਾਹਮਣੇ ਆਏ ਹਨ, ਜਿੱਥੇ ਠੀਕਰੀ ਪਹਿਰਾ ਦੇ ਰਹੇ ਪੇਂਡੂ ਲੋਕਾਂ ਨੇ ਤਸਕਰਾਂ ਦੀ ਭੁਗਤ ਸੰਵਾਰੀ ਹੈ।

ਵੇਰਵਿਆਂ ਅਨੁਸਾਰ ਫਿਰੋਜ਼ਪੁਰ ਦੇ ਪਿੰਡ ਹਰਾਜ ਵਿਚ ਨਸ਼ੇੜੀ ਅਤੇ ਤਸਕਰ ਪੇਂਡੂ ਨਾਕਾ ਤੋੜ ਕੇ ਲੰਘਣ ਵਿੱਚ ਕਾਮਯਾਬ ਹੋ ਗਏ। ਮੌਕੇ ਤੇ ਪਿੰਡ ਦੇ ਨੌਜਵਾਨਾਂ ਨੇ ਪਿੱਛਾ ਕੀਤਾ ਅਤੇ ਇਨਾਂ ਨਸ਼ੇੜੀਆਂ ਨੂੰ ਰੰਗੇ ਹੱਥੀ ਫੜ ਲਿਆ। ਮਗਰੋਂ ਥਾਣਾ ਤਲਵੰਡੀ ਭਾਈ ਵਿਚ ਇਨਾਂ ਖ਼ਿਲਾਫ਼ ਪੁਲੀਸ ਕੇਸ ਦਰਜ ਕੀਤਾ ਗਿਆ ਹੈ। ਤਰਨ ਤਾਰਨ ਜ਼ਿਲੇ ਦੇ ਪਿੰਡ ਭੀਲੋਵਾਲ ਵਿਚ ਪਿੰਡ ਵਾਲਿਆਂ ਨੇ ਨਸ਼ੇੜੀ ਕਾਬੂ ਕਰ ਲਏ ਸਨ। ਪਿੰਡ ਵਾਲੇ ਆਖਦੇ ਹਨ ਕਿ ਜੋ ਪਿੰਡਾਂ ਵਿੱਚ ਨਸ਼ਾ ਤਸਕਰ ਸਨ, ਉਨਾਂ ਦੇ ਨੱਕ ਵਿਚ ਦਮ ਆ ਗਿਆ ਹੈ ਅਤੇ ਨਸ਼ੇੜੀਆਂ ਕੋਲ ਵੀ ਕੋਈ ਰਾਹ ਨਹੀਂ ਬਚਿਆ ਹੈ। ਜ਼ਿਲਾ ਕਪੂਰਥਲਾ ਦੇ ਪਿੰਡ ਤੋਤਾ ਮੁਲਾਣਾ ਵਿੱਚ ਵੀ ਨੌਜਵਾਨਾਂ ਨੇ ਨਸ਼ੇੜੀ ਘੇਰ ਲਏ ਸਨ। ਹਰਿਆਣਾ ਪੁਲੀਸ ਦੇ ਇੱਕ ਪੁਲੀਸ ਮੁਲਾਜ਼ਮ ਦੀ ਅਗਵਾਈ ਵਿੱਚ ਨਸ਼ਾ ਤਸਕਰਾਂ ਨੇ ਪੰਜਾਬ-ਹਰਿਆਣਾ ਦੇ ਸਰਹੱਦੀ ਪਿੰਡਾਂ ਵਿੱਚ ਚਿੱਟੇ ਦੀ ਸਪਲਾਈ ਦੇਣੀ ਸ਼ੁਰੂ ਕਰ ਦਿੱਤੀ ਸੀ। ਪਿੰਡ ਮਲਕਾਣਾ ਦੇ ਬੱਬੂ ਨੇ ਦੱਸਿਆ ਕਿ ਦੋ ਦਿਨ ਪਹਿਲਾਂ ਜਦੋਂ ਉਨਾਂ ਨੂੰ ਸੂਹ ਮਿਲੀ ਤਾਂ ਉਨਾਂ ਨੇ ਇਹ ਤਸਕਰ ਘੇਰ ਲਏ ਸਨ। ਮਗਰੋਂ ਇਨਾਂ ਤਸਕਰਾਂ ਨੇ ਪਿੰਡ ਮਲਕਾਣਾ ਦੀ ਨਸ਼ਾ ਰੋਕੂ ਕਮੇਟੀ ਦੇ ਆਗੂਆਂ ਨੂੰ ਫੋਨ ਤੇ ਧਮਕੀ ਦਿੱਤੀ ਹੈ। ਪਤਾ ਲੱਗਾ ਹੈ ਕਿ ਲੰਘੇ ਦਿਨ ਇਨਾਂ ਲੋਕਾਂ ਨੇ ਇੱਕ ਪੰਚਾਇਤ ਮੈਂਬਰ ਤੇ ਹਮਲਾ ਕਰ ਦਿੱਤਾ ਹੈ। ਮੌੜ ਮੰਡੀ ਨੇੜਲੇ ਪਿੰਡ ਸੇਖਪੁਰਾ ਵਿੱਚ ਨਸ਼ਾ ਤਸਕਰਾਂ ਨੂੰ ਪਿੰਡ ਦੇ ਨੌਜਵਾਨਾਂ ਨੇ ਘੇਰਾ ਪਾ ਲਿਆ ਸੀ। ਬਚ ਕੇ ਲੰਘੇ ਤਸਕਰਾਂ ਨੇ ਮਗਰੋਂ ਚਿਤਾਵਨੀ ਦੇ ਦਿੱਤੀ। ਨੌਜਵਾਨ ਜਗਸੀਰ ਸਿੰਘ ਨੇ ਦੱਸਿਆ ਕਿ ਤਸਕਰਾਂ ਵੱਲੋਂ ਮਿਲੀ ਧਮਕੀ ਬਾਰੇ ਜ਼ਿਲਾ ਪੁਲੀਸ ਨੂੰ ਜਾਣੂ ਕਰਾ ਦਿੱਤਾ ਗਿਆ ਹੈ।

ਮਾਝੇ ਦੇ ਪਿੰਡ ਜਾਣੀਆਂ ਵਿੱਚ ਤਾਂ ਨਸ਼ਾ ਤਸਕਰਾਂ ਨੇ ਸਰਪੰਚ ਤੇ ਗੋਲੀ ਚਲਾ ਦਿੱਤੀ।

ਬਾਕੀ ਸਫ਼ਾ 28 'ਤੇ

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email: asrtimes.gmail.com

ਗੁਰਬਾਣੀ ਪੰਜਾਬੀ ਗਾਣੇ
Punjabi Radio USA
DIAL TO LISTEN:
408-272-5200

KHALSA INSURANCE AGENCY, INC.
COVERED CALIFORNIA
OBAMACARE
Call Now for the Lowest Health Insurance Premiums available
Some Households qualify for FREE HEALTHCARE
408-272-2500


22
GET FLAT 22 CENTS DISCOUNT AT
TA TravelCenters of America
PETRO Stopping Centers
We also offer Line of Credit for Fuel Card
National Tire Program
PM & Light Mechanical
24 Hour Dedicated Repair Service
1.855.641.6955
1.888.795.7035

FLEET ONE Over The Road
Factoring Program to meet your needs with rates starting as low as 1%
• A program custom-built to match your fleet's needs-backed by a FDIC-Insured financial partner in WEX Bank.
• Free same day funding.
• Free collection management services
• Real-time credit check service
95% ADVANCE IN 24 HOURS FOR TRUCKING COMPANIES
Call for a Quote
(855)641-6955

Affordable and Reliable

## Legal Document Preparation



| | |
|---|---|
| Wills & Trusts | ਵਸੀਅਤਾਂ |
| Immigration | ਇਮੀਗਰੇਸ਼ਨ |
| Power of Attorney | ਮੁਖਤਿਆਰਨਾਮਾ |
| Affidavits | ਐਫੀਡੇਵਿਟ |
| Grant Deeds | ਗਰਾਂਟ ਡੀਡਜ਼ |

**510-648-5554**

dolly@worryfreelegaldocs.com
www.worryfreelegaldocs.com
Not an Attorney

**Dolly (Sarvinder Kaur)**

35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County

## NJ Truck Lines



# WANTED

## OWNER OPERATORS and DRIVERS

- Dry vans only
- Grater Midwest area/East /Tx
- Phoenix/Portland
- Competitive Rates
- Next Day Pay
- Fuel card/Fuel Discounts
- Dispatch With Rate Confirmation copy
- No Forced Dispatch

## APPLY TODAY

CALL: 209 341 9196
dispatch@njtruckline.com

## Homeopathicvibes

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



**Now we have two locations :**

**940, E. El Camino Real, Sunnyvale, CA 94087**
**Office : (408) 737-7100 Fax: (408) 737-7102**

**39039 Paseo Padre Pkwy Suite #209 (upstairs) Fremont CA 94538**
**www.homeopathicvibes.com**

*We sell and ship homeopathic remedies through out North America.*
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

**Harminder Singh Gill** D.H.M.S;B.C.I.H
*(Ex Homeopathic Medical officer Punjab Govt.)*



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

# ਯੂਨਾਈਟਿਡ ਸਿੱਖਸ ਨੇ ਕਾਬੁਲ ਗੁਰਦੁਆਰਾ ਸਾਹਿਬ ਹਮਲੇ ਦੇ ਪੀੜਤ ਅਫਗਾਨ ਸਿੱਖਾਂ ਦੇ ਪਰਿਵਾਰਾਂ ਦੀ ਮਦਦ ਲਈ ਅੱਗੇ ਆਉਣ ਦਾ ਦਿੱਤਾ ਸੱਦਾ

## ‘ਗੋ ਫੰਡ ਮੀ’ ’ਤੇ ਕੀਤੀ ਫੰਡ ਰੇਜ਼ਿੰਗ ਮੁਹਿੰਮ ਸ਼ੁਰੂ, ਸਾਰੇ ਫੰਡ ਸਿੱਧੇ ਤੌਰ ’ਤੇ ਅਫਗਾਨਿਤਾਨ ਵਿਚ ਅੱਤਵਾਦ ਹਮਲੇ ਦੇ ਪੀੜਤ ਸਿੱਖਾਂ ਲਈ ਖਰਚੇ ਜਾਣਗੇ

**ਵਾਸ਼ਿੰਗਟਨ/ਏ.ਟੀ.ਨਿਊਜ਼:** ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ’ਚ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਸਾਹਿਬ ’ਤੇ 25 ਮਾਰਚ, 2020 ਨੂੰ ਹੋਏ ਅੱਤਵਾਦੀ ਹਮਲੇ ਵਿਚ ਵਿਚ ਘੱਟੋ ਘੱਟ 25 ਸਿੱਖ ਮਾਰੇ ਗਏ ਅਤੇ ਅੱਠ ਜ਼ਖਮੀ ਹੋਏ। ਅਫਗਾਨ ਭਾਈਚਾਰੇ ਨੇ ਯੂਨਾਈਟਿਡ ਸਿੱਖਸ ਨੂੰ ਬੇਨਤੀ ਕੀਤੀ ਕਿ ਉਹ ਅਫਗਾਨ ਸਿੱਖ ਭਾਈਚਾਰੇ ਦੀ ਰਾਖੀ ਲਈ ਠੋਸ ਕਦਮ ਚੁੱਕਣ। ਯੂ.ਐੱਨ. ਨਾਲ ਜੁੜੀ ਅੰਤਰਰਾਸ਼ਟਰੀ ਮਨੁੱਖੀ ਅਤੇ ਨਾਗਰਿਕ ਅਧਿਕਾਰ ਸੰਸਥਾ ਯੂਨਾਈਟਿਡ ਸਿੱਖਸ ਵਲੋਂ ਅਫਗਾਨਿਸਤਾਨ ਵਿੱਚ ਸਿੱਖਾਂ ਦੀ ਦਹਾਕਿਆਂ ਤੋਂ ਚੱਲ ਰਹੀ ਇਸ ਦੁਰਦਸ਼ਾ ਨੂੰ ਖਤਮ ਕਰਨ ਲਈ ਵਿਸ਼ਵਵਿਆਪੀ ਭਾਈਚਾਰੇ ਤੋਂ ਤੁਰੰਤ ਸਹਾਇਤਾ ਦੀ ਮੰਗ ਕੀਤੀ ਹੈ। ਇਸੇ ਸਬੰਧੀ ਵਿਚ ਯੂਨਾਈਟਿਡ ਸਿੱਖਸ ਵਲੋਂ ‘ਗੋ ਫੰਡ ਮੀ’ ’ਤੇ ਫੰਡ ਰੇਜ਼ਿੰਗ ਮੁਹਿੰਮ ਸ਼ੁਰੂ ਕੀਤੀ ਗਈ ਹੈ। ‘ਗੋ ਫੰਡ ਮੀ’ ਜ਼ਰੀਏ ਇਕੱਠਾ ਕੀਤਾ ਗਿਆ ਫੰਡ ਸਿੱਧੇ ਤੌਰ ’ਤੇ ਇਸ ਹਮਲੇ ਵਿਚ ਜ਼ਖਮੀ ਹੋਏ ਲੋਕਾਂ, ਮਾਰੇ ਗਏ ਲੋਕਾਂ ਦੇ ਪਰਿਵਾਰਾਂ ਅਤੇ ਸਿੱਖ ਪਰਿਵਾਰਾਂ ਨੂੰ ਸੁਰੱਖਿਅਤ ਥਾਵਾਂ ’ਤੇ ਤੁਰੰਤ ਤਬਦੀਲ ਕਰਨ ਅਤੇ ਗੰਭੀਰ ਮਾਨਵਤਾਵਾਦੀ ਸਹਾਇਤਾ ਪ੍ਰਦਾਨ ਕਰਨ ਲਈ ਵਰਤਿਆ ਜਾਵੇਗਾ।

2018 ਵਿੱਚ, ਜਲਾਲਾਬਾਦ ਵਿੱਚ ਹੋਏ ਆਤਮਘਾਤੀ ਬੰਬ ਧਮਾਕੇ ਤੋਂ ਬਾਅਦ ਜਿਸ ਵਿੱਚ ਸਿੱਖ ਭਾਈਚਾਰੇ ਦੇ 12 ਆਗੂ ਮਾਰੇ ਗਏ ਸਨ ਦੇ ਸਬੰਧ ਵਿਚ ਯੂਨਾਈਟਿਡ ਸਿੱਖਸ ਨੇ ਮਨੁੱਖੀ ਅਧਿਕਾਰ ਕੌਂਸਲ ਦੇ 39ਵੇਂ ਸੈਸ਼ਨ ਦੌਰਾਨ ਅਫਗਾਨਿਸਤਾਨ ਵਿੱਚ ਸਿੱਖਾਂ ਅਤੇ ਹਿੰਦੂਆਂ ਦੀ ਦੁਰਦਸ਼ਾ ਦਾ ਮੁੱਦਾ ਜ਼ੋਰਦਾਰ ਢੰਗ ਨਾਲ ਉਠਾਇਆ ਸੀ।ਸਾਲ 2019 ਵਿੱਚ, ਯੂਨਾਈਟਿਡ ਸਿੱਖਸ ਨੇ ਸਥਾਈ ਮਿਸ਼ਨਾਂ ਦੇ ਨੁਮਾਇੰਦਿਆਂ ਨੂੰ ਜਨਵਰੀ 2019 ਵਿੱਚ ‘ਯੂਨੀਵਰਸਲ ਪੀਰੀਓਡਿਕ ਰੀਵਿਊ’ ਦੌਰਾਨ ਸਿਫਾਰਸ਼ਾਂ ਕਰਨ ਲਈ ਕਿਹਾ, ਤਾਂ ਜੋ ਅਫਗਾਨਿਸਤਾਨ ਦੇ ਸਿੱਖਾਂ ਦੀ ਧਾਰਮਿਕ ਆਜ਼ਾਦੀ ’ਤੇ ਮੰਡਰਾ ਰਹੇ ਖਤਰਿਆਂ ਦਾ ਤੁਰੰਤ ਹੱਲ ਕੀਤਾ ਜਾ ਸਕੇ।

ਅਫਗਾਨਿਸਤਾਨ ਵਲੋਂ ਇਨਾਂ ਸਿਫਾਰਸ਼ਾਂ ਨੂੰ ਲਾਗੂ ਨਾ ਕਰਨਾ ਇਕ ਗੰਭੀਰ ਮੁੱਦਾ ਹੈ। ਕਈ ਸਿੱਖ ਕੁੜੀਆਂ ਅਗਵਾ ਕਰ ਕੇ ਵਿਆਹ ਕਰਾਉਣ ਲਈ ਮਜਬੂਰ ਕਰ ਦਿੱਤੀਆਂ ਗਈਆਂ ਹਨ ਅਤੇ ਸਿੱਖਾਂ ਨੂੰ ਆਪਣੇ ਮਰੇ ਹੋਏ ਅਜ਼ੀਜਾਂ ਦਾ ਸਸਕਾਰ ਕਰਨ ਤੋਂ ਵੀ ਰੋਕਿਆ ਗਿਆ ਹੈ।

ਯੂਨਾਈਟਿਡ ਸਿੱਖਸ ਦੇ ਸੇਵਾਦਾਰਾਂ ਨੇ ਕਿਹਾ ਕਿ ਹਾਲ ਹੀ ਵਿੱਚ ਇਸਲਾਮਿਕ ਸਟੇਟ ਦੀਆਂ ਗਤੀਵਿਧੀਆਂ ਅਤੇ ਅੱਤਵਾਦੀ ਹਮਲੇ ਇਸ ਖਤਰੇ ਨੂੰ ਹੋਰ ਵਧਾਉਂਦੇ




ਹਨ। ਜੇਕਰ ਅਫਗਾਨ ਸਿੱਖਾਂ ਨੂੰ ਸੁਰੱਖਿਆ ਨਾ ਦਿੱਤੀ ਗਈ ਤਾਂ ਉਹਨਾਂ ਉੱਪਰ ਧਰਮ ਦੇ ਅਧਾਰ ’ਤੇ ਹੋਰ ਵੀ ਅਣਮਨੁੱਖੀ ਤਸ਼ੱਦਦ ਵਧਣਗੇ। ਅਫਗਾਨ ਸਿੱਖਾਂ ਨੂੰ ਅੰਤਰਰਾਸ਼ਟਰੀ ਸੁਰੱਖਿਆ ਦੀ ਸਖਤ ਲੋੜ ਹੈ।

ਅਸੀਂ ਆਪਣੇ ਵਿਸ਼ਵਵਿਆਪੀ ਭਾਈਚਾਰੇ ਨੂੰ ਅਪੀਲ ਕਰਦੇ ਹਾਂ ਕਿ ਉਹ ਖੁੱਲੇ ਦਿਲ ਨਾਲ ਦਾਨ ਕਰਨ ਅਤੇ ਅਫਗਾਨ ਸਿੱਖਾਂ ’ਤੇ ਇਹੋ ਜਿਹੇ ਅੱਤਿਆਚਾਰਾਂ ਅਤੇ ਸਿਵਲ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲਿਆਂ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਸਾਡਾ ਸਾਥ ਦਿਓ।

# ਅੰਤਰਰਾਸ਼ਟਰੀ ਸਿੱਖ ਸੰਸਥਾ ਵੱਲੋ ਅਫਗਾਨਿਸਤਾਨ ਘਟਨਾ ਦੀ ਸਖਤ ਨਿਖੇਧੀ

## ਸੰਸਥਾ ਵਲੋਂ ਸ਼ਹੀਦ ਪਰਿਵਾਰਾਂ ਦੇ ਮੁੜ ਵਸੇਬੇ ਲਈ ਜੰਗੀ ਪੱਧਰ ‘ਤੇ ਯਤਨ ਜਾਰੀ : ਬਖਸ਼ੀਸ਼ ਸਿੰਘ

**ਵਾਸ਼ਿੰਗਟਨ ਡੀ. ਸੀ. /ਰਾਜ ਗੋਗਨਾ:** ਅਫਗਾਨਿਸਤਾਨ ਸਿੱਖਾਂ ਨਾਲ ਵਾਪਰੀ ਘਟਨਾ ਦੀ ਅੰਤਰ-ਰਾਸ਼ਟਰੀ ਸਿੱਖ ਸੰਸਥਾ ਜੋਰਦਾਰ ਨਿਖੇਧੀ ਕਰਦੀ ਹੈ। ਸੰਸਥਾ ਦੇ ਮੁਖੀ ਬਖਸ਼ੀਸ਼ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਰਿਵਾਰਾਂ ਦੀ ਮਦਦ ਲਈ ਮਹਿੰਮ ਸ਼ੁਰੂ ਕਰ ਦਿੱਤੀ ਹੈ। ਜਿਹੜੇ ਪਰਿਵਾਰ ਮੁਲਕ ਛੱਡ ਕੇ ਆਉਣਾ ਚਾਹੁੰਦੇ ਹਨ, ਉਨਾਂ ਦੇ ਵਸੇਬੇ ਲਈ ਕੈਨੇਡਾ ਸਰਕਾਰ ਨਾਲ ਗੱਲ ਕਰਨ ਵਾਸਤੇ ਅੰਤਰ-ਰਾਸ਼ਟਰੀ ਸੰਸਥਾ ਦੇ ਕੈਨੇਡਾ ਵਿੰਗ ਦੇ ਇੰਚਾਰਜ ਦੀ ਡਿਊਟੀ ਲਗਾ ਦਿੱਤੀ ਗਈ ਹੈ। ਉਨਾਂ ਕਿਹਾ ਕਿ ਕੋਰੋਨਾ ਵਾਇਰਸ ਕਰਕੇ ਹਾਲਾਤ ਕਾਫੀ ਨਾਜ਼ੁਕ ਬਣੇ ਹੋਏ ਹਨ। ਜਿਸ ਲਈ ਅਸੀਂ ਜਾਗਰੂਕਤਾ ਮੁਹਿੰਮ ਵੀ ਸ਼ੁਰੂ ਕੀਤੀ ਹੋਈ ਹੈ, ਜਿਸ ਰਾਹੀਂ ਅਸੀਂ ਪਰਿਵਾਰਾਂ, ਕਮਿਊਨਿਟੀ ਅਤੇ ਸੰਸਥਾਵਾਂ ਨੂੰ ਅਵੇਅਰ ਕਰ ਰਹੇ ਹਾਂ। ਨਾਲ ਦੀ ਨਾਲ ਅਪੀਲ ਕਰਦੇ ਹਾਂ ਕਿ ਉਹ ਆਪਣੇ ਆਪ ਨੂੰ ਇਕੱਠਾਂ ਤੋਂ ਵੱਖ ਰੱਖਣ ਅਤੇ ਘਰ ਟਿਕ ਕੇ ਬੈਠਣ ਤਾਂ ਜੋ ਇਸ ਬਿਮਾਰੀ ਤੋਂ ਰਾਹਤ ਮਿਲ ਸਕੇ।

ਬਖਸ਼ੀਸ਼ ਸਿੰਘ ਨੇ ਅੱਗੇ ਕਿਹਾ ਕਿ ਉਹ



ਅਫਗਾਨਿਸਤਾਨ ਸਿੱਖਾਂ ਬਾਰੇ ਕਾਫੀ ਚਿੰਤਤ ਹਨ। ਜਿਸ ਲਈ ਉਨਾਂ ਨੇ ਰਾਹਤ ਕਾਰਜਾਂ ਦੀ ਮੁਹਿੰਮ ਆਨ-ਲਾਈਨ ਸ਼ੁਰੂ ਕਰ ਦਿੱਤੀ ਹੈ। ਸੋ ਸਹਿਯੋਗੀ ਮਦਦ ਲਈ ਆਪਣਾ ਯੋਗਦਾਨ ਪਾਉਣ ਤਾਂ ਜੋ ਸ਼ਹੀਦ ਪਰਿਵਾਰਾਂ ਦੇ ਮੁੜ ਵਸੇਬੇ ਲਈ ਯਤਨ ਅਰੰਭੇ ਜਾ ਸਕਣ।

# ਸਰਕਾਰੀ ਤੰਤਰ ਦੀ ਬੇਪ੍ਰਵਾਹੀ ਨੂੰ ਪ੍ਰਵਾਸੀਆਂ ਸਿਰ ਸੁੱਟਣਾ ਮੰਦਭਾਗਾ ਪੰਜਾਬ ਪ੍ਰਵਾਸੀਆਂ ਦਾ ਆਪਣਾ ਘਰ : ਜੱਸੀ

**ਵਾਸ਼ਿੰਗਟਨ ਡੀ. ਸੀ. (ਰਾਜ ਗੋਗਨਾ ):** ਸੋਸ਼ਲ ਮੀਡੀਆ ‘ਤੇ ਐੱਨ. ਆਰ. ਆਈਜ਼ ਬਾਰੇ ਕੀਤਾ ਜਾ ਰਿਹਾ ਕੂੜ ਪ੍ਰਚਾਰ ਜਿੱਥੇ ਮੰਦਭਾਗਾ ਹੈ, ਉੱਥੇ ਗਲਤ ਵੀ ਹੈ। ਸਰਕਾਰੀ ਤੰਤਰ ਦੀ ਬੇਪ੍ਰਵਾਹੀ ਨੂੰ ਪ੍ਰਵਾਸੀਆਂ ਸਿਰ ਬੰਨਣਾ ਸਿਰ ਦੀ ਬੇਵਕੂਫੀ ਹੈ। ਚਾਹੀਦਾ ਤਾਂ ਇਹ ਸੀ ਕਿ ਏਅਰਪੋਰਟਾਂ ਤੇ ਚੰਗੀ ਤਰਾਂ ਚੈੱਕਿੰਗ ਕਰਕੇ ਸਾਰਿਆਂ ਨੂੰ ਆਉਣ ਦਿੱਤਾ ਜਾਂਦਾ। ਇਸ ਵਿੱਚ ਸਾਡਾ ਸਭ ਦਾ ਭਲਾ ਸੀ, ਪਰ ਸਰਕਾਰਾਂ ਨੇ ਅਵੇਸਲਾਪਨ ਦਿਖਾਇਆ ਹੈ। ਜਦ ਕਿ ਦੇਖਿਆ ਜਾਵੇ ਤਾਂ ਕੋਰੋਨਾ ਵਾਇਰਸ ਨਾਮੁਰਾਦ ਬਿਮਾਰੀ ਤਾਂ ਚੀਨ ਦੀ ਧਰਤੀ ਤੋਂ ਸ਼ੁਰੂ ਹੋ ਕੇ ਪੂਰੇ ਸੰਸਾਰ ਵਿੱਚ ਫੈਲੀ ਹੈ। ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਕੋਰੋਨਾਵਾਇਰਸ ਸਬੰਧੀ ਸੋਸ਼ਲ ਮੀਡੀਆ ਤੇ ਪ੍ਰਵਾਸੀਆਂ ਪ੍ਰਤੀ ਭੰਡੀ ਪ੍ਰਚਾਰ ਕਰਕੇ ਐੱਨ. ਆਰ. ਆਈ. ਨੂੰ ਦੋਸ਼ੀ ਠਹਿਰਾਇਆ ਜਾ ਰਿਹਾ ਹੈ।

ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਅਤੇ ਮੈਂਬਰ ਟਰੰਪ ਐਡਵਾਈਜਰੀ ਕਮੇਟੀ ਯੂ.ਐਸ. ਏ ਦਾ ਕਹਿਣਾ ਹੈ ਕਿ ਪੰਜਾਬੀ ਪ੍ਰਵਾਸੀਆਂ ਦਾ ਆਪਣਾ ਘਰ ਹੈ, ਕੋਈ ਕਿਸੇ ਨੂੰ ਆਪਣੇ ਘਰ ਆਉਣ ਤੇ ਕਿਵੇਂ ਏਦਾ ਕਹਿ ਸਕਦਾ ਹੈ? ਜਦੋਂ ਐੱਨ. ਆਰ. ਆਈ. ਆਪਣੀ ਧਰਤੀ ‘ਤੇ ਜਾਂਦੇ ਸਨ ਤਾਂ ਉਨਾਂ ਦਾ ਮਾਣ ਸਤਿਕਾਰ ਕੀਤਾ ਜਾਂਦਾ ਰਿਹਾ। ਕਿਉਂਕਿ ਪ੍ਰਵਾਸੀਆਂ ਨੇ ਆਪਣੇ ਪਿੰਡਾਂ ਦੀ ਨੁਹਾਰ ਬਦਲਣ, ਸਿੱਖਿਆ ਦੇ ਖੇਤਰ ਵਿੱਚ ਗਰੀਬਾਂ ਦੀ ਮਦਦ ਕਰਨ ਤੋਂ ਇਲਾਵਾ ਹੋਰ ਵੀ ਕਈ ਖੇਤਰਾਂ ਵਿੱਚ ਪੰਜਾਬ ਦਾ ਭਲਾ



ਹੀ ਕੀਤਾ ਹੈ। ਅੱਜ ਇਹਨਾਂ ਬਾਰੇ ਭੰਡੀ ਪ੍ਰਚਾਰ ਕਰਕੇ ਤਿੱਖਿਆਂ ਨਜਰਾਂ ਨਾਲ ਵੇਖਿਆ ਜਾ ਰਿਹਾ ਹੈ। ਅਜਿਹਾ ਕਰਕੇ ਪ੍ਰਵਾਸੀਆਂ ਨਾਲ ਧ੍ਰੋਹ ਨਹੀਂ ਕਮਾਉਣਾ ਚਾਹੀਦਾ। ਜਦ ਕਿ ਇਹ ਹਰ ਮੁਸ਼ਕਲ ਦੀ ਘੜੀ ਵਿੱਚ ਸਹਿਯੋਗੀ ਰਹੇ ਹਨ ਅਤੇ ਭਵਿੱਖ ਵਿੱਚ ਵੀ ਰਹਿਣਗੇ।ਪੰਜਾਬ ਦੇ ਇੱਕ ਮੰਤਰੀ ਵਲੋਂ ਐੱਨ. ਆਰ. ਆਈ. ਸਬੰਧੀ ਮੰਦਭਾਗਾ ਬਿਆਨ ਦੇ ਕੇ ਆਪਣੀ ਅਕਲ ਦਾ ਜਲੂਸ ਕੱਢ ਲਿਆ ਹੈ। ਪ੍ਰਵਾਸੀਆਂ ਨੂੰ ਦੋਸ਼ੀਆਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਅਜਿਹਾ ਕਿਉਂ ? ਪ੍ਰਵਾਸੀ ਵੀਰ ਭੈਣ ਪੰਜਾਬ ਦੇ ਮੋਹ ਨਾਲ ਭਿੱਜੇ ਪਿਆਰ ਦੇ ਹਾਮੀ ਹਨ ਤਾਂ ਹੀ ਉਹ ਹਮੇਸ਼ਾਂ ਪੰਜਾਬ ਦੀ ਬਿਹਤਰੀ ਅਤੇ ਮੁਲਕ ਦੀ ਚੜਦੀ ਕਲਾ ਲੋਚਦੇ ਹਨ। ਪ੍ਰਵਾਸੀ ਪੰਜਾਬੀ ਹਰ ਮੁਸ਼ਕਲ ਦੀ ਘੜੀ ਵਿੱਚ ਮਦਦ ਲਈ ਹਰ ਪ੍ਰਕਾਰ ਤਿਆਰ ਰਹਿੰਦੇ ਹਨ। ਭਾਵੇਂ ਹੜਾਂ ਦੀ ਸਥਿਤੀ ਹੋਵੇ, ਚਾਹੇ ਭੁੱਖਮਰੀ ਪਵੇ ਜਾਂ ਕੁਦਰਤੀ ਆਫਤ ਆਵੇ, ਗਰੀਬ ਕੁੜੀਆਂ ਦੀ ਸ਼ਾਦੀ, ਨਸ਼ਿਆਂ ਤੋਂ ਮੁਕਤੀ ਲਈ ਪੰਜਾਬ ਦੀ ਮਦਦ ਕਰਨਾ, ਖੇਡ ਟੂਰਨਾਮੈਂਟ ਕਰਵਾਉਣੇ, ਹੈਲਥ ਕੈਂਪ ਲਗਾਉਣੇ ਦਵਾਈਆਂ ਮੁਫਤ ਵੰਡਣੀਆਂ, ਗਰੀਬਾਂ ਦੀ ਮਦਦ ਕਰਨਾ ਆਦਿ ਉਹ ਸਦਾ ਹੀ ਆਪਣੇ ਆਪ ਨੂੰ ਜ਼ੋਖਮ ਵਿੱਚ ਪਾ ਕੇ ਮਦਦ ਲਈ ਅੱਗੇ ਆਉਂਦੇ ਹਨ। ਸਿੱਖਸ ਆਫ ਅਮਰੀਕਾ ਅਪੀਲ ਕਰਦਾ ਹੈ ਕਿ ਸਮਝਦਾਰੀ ਤੋਂ ਕੰਮ ਲਵੋ ਅਤੇ ਅਜਿਹਾ ਪ੍ਰਚਾਰ ਕਰਨ ਤੋਂ ਗੁਰੇਜ਼ ਕਰੋ। ਪ੍ਰਵਾਸੀਆਂ ਪੰਜਾਬੀਆਂ ਦੇ ਦਿਲਾਂ ਵਿੱਚ ਪੰਜਾਬ ਹਮੇਸ਼ਾ ਹੀ ਵੱਸਦਾ ਰਹੇਗਾ।

# ਐਨ ਆਰ ਆਈ ਵਿਰੁਧ ਬੋਲਣ ਵਾਲੇ ਗਾਇਕਾਂ-ਕਲਾਕਾਰਾਂ ਨੂੰ ਮੂੰਹ ਨਾ ਲਾਇਆ ਜਾਵੇ: ਗਾਖਲ

**ਫਰੀਮਾਂਟ/ਏ.ਟੀ.ਨਿਊਜ਼:** ਉੱਘੇ ਕਾਰੋਬਾਰੀ ਤੇ ਯੁਨਾਇਟਡ ਸਪੋਰਟਸ ਕਲੱਬ ਦੇ ਮੁੱਖ ਪ੍ਰਬੰਧਕ ਸ ਅਮੋਲਕ ਸਿੰਘ ਗਾਖਲ ਨੇ ਵਰਤਮਾਨ ਹਾਲਾਤਾਂ ਵਿੱਚ ਐਨ ਆਰ ਆਈ ਭਰਾਵਾਂ ਵਿਰੁਧ ਕੁਝ ਅਖੌਤੀ ਗਾਇਕਾਂ/ਕਲਾਕਾਰਾਂ ਵਲੋਂ ਉਗਲੀ ਜਹਿਰ ਦੀ ਨਿੰਦਾ ਕਰਦਿਆਂ ਕਿਹਾ ਕਿ ਬਾਹਰ ਆਉਣ’ਤੇ ਇਨਾਂ ਨੂੰ ਮੂੰਹ ਨਾ ਲਾਇਆ ਜਾਵੇ ਤੇ ਵਿਰੋਧ ਕੀਤਾ ਜਾਵੇ।ਸ ਗਾਖਲ ਨੇ ਬਿਨਾਂ ਨਾਂ ਲਏ ਇੱਕ ਵਿਵਾਦਿਤ ਗਾਇਕ ਵਲੋਂ ਕਰੋਨਾ ਬਿਮਾਰੀ ‘ਤੇ ਐਨ ਆਰ ਆਈਜ ’ਤੇ ਤਨਜ ਕੱਸਦਾ ਗੀਤ ਗਾਉਣ ਵਾਲੇ ਸਿਰਫਿਰੇ ਗਾਇਕ ਦਾ ਸਮਾਜਿਕ ਬਾਈਕਾਟ ਕਰਨ ਦੀ ਗੱਲ ਵੀ ਕੀਤੀ।ਅਜਿਹੇ ਵਕਤ ਉਨਾਂ ਬੱਬੂ ਮਾਨ ਵਲੋਂ ਐਨ ਆਰ ਆਈ ਵੀਰਾਂ ਲਈ ਨਿਭਾਈ ਜਿਕਰਯੋਗ ਭੂਮਿਕਾ ਦੀ ਪ੍ਰਸ਼ੰਸ਼ਾ ਵੀ ਕੀਤੀ।ਵਾਹਿਗੁਰੂ ਕਰੇ ਹਾਲਾਤ ਸੁਧਰਨ ਤੇ ਪੰਜਾਬ ’ਚ ਐਨ ਆਰ ਆਈ ਭਰਾਵਾਂ ਵਲੋਂ ਲਗਾਏ ਜਾਂਦੇ ਖੇਡ ਮੇਲਿਆਂ ਵਿੱਚ ਵੀ ਇਨਾਂ ਬੇਗੈਰਤ ਗਾਇਕਾਂ ਨੂੰ ਬਿਲਕੁਲ ਨਾ ਬੁਲਾਇਆ ਜਾਵੇ।

# ਕੋਰੋਨਾ ਵਾਇਰਸ ਦੀ ਦਹਿਸ਼ਤ ਕਾਰਨ ਭਾਰਤੀ ਕਰ ਰਹੇ ਨੇ ਆਤਮ-ਹੱਤਿਆ

**ਦਿੱਲੀ/ਏ. ਟੀ. ਨਿਊਜ਼:** ਹਰਿਆਣਾ ਦੇ ਕਰਨਾਲ ਜ਼ਿਲ੍ਹੇ 'ਚ ਕੋਰੋਨਾ ਵਾਇਰਸ ਦੇ 52 ਸਾਲਾ ਸ਼ੱਕੀ ਮਰੀਜ਼ ਜੋ ਕਿ ਪਾਨੀਪਤ ਦਾ ਨਿਵਾਸੀ ਹੈ, ਦੀ ਮੌਤ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਨੂੰ ਕਲਪਨਾ ਚਾਵਲਾ ਹਸਪਤਾਲ ਦੇ ਆਈਸੋਲੇਸ਼ਨ ਵਾਰਡ ਵਿਚ ਦਾਖ਼ਲ ਕਰਵਾਇਆ ਗਿਆ ਸੀ। ਕੋਰੋਨਾ ਦੇ ਸ਼ੱਕੀ ਮਰੀਜ਼ ਨੇ ਹਸਪਤਾਲ ਦੀ ਛੇਵੀਂ ਮੰਜ਼ਿਲ ਦੇ ਆਈਸੋਲੇਸ਼ਨ ਵਾਰਡ ਦੀ ਇੱਕ ਖਿੜਕੀ ਨਾਲ ਚਾਦਰ ਬੰਨੀ ਹੋਈ ਸੀ ਅਤੇ ਉਥੋਂ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਦੌਰਾਨ ਉਹ ਹੇਠਾਂ ਆ ਡਿੱਗਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪਿੰਡ ਸਠਿਆਲਾ ਵਿੱਚ ਬੀਤੀ ਰਾਤ ਇਕ ਬਜ਼ੁਰਗ ਜੋੜੇ ਬਲਵਿੰਦਰ ਸਿੰਘ ਅਤੇ ਉਸ ਦੀ ਪਤਨੀ ਗੁਰਜਿੰਦਰ ਕੌਰ ਨੇ ਕੋਈ ਜ਼ਹਿਰੀਲੀ ਚੀਜ਼ ਨਿਗਲ ਕੇ ਖ਼ੁਦਕੁਸ਼ੀ ਕਰ ਲਈ। ਥਾਣਾ ਬਿਆਸ ਦੇ ਮੁਖੀ ਕਿਰਨਦੀਪ ਸਿੰਘ ਨੇ ਦੱਸਿਆ ਕਿ ਬਲਵਿੰਦਰ ਸਿੰਘ ਫੋਟੋ ਸਟੂਡੀਓ ਚਲਾਉਂਦਾ ਸੀ ਅਤੇ ਉਸ ਦੀ ਪਤਨੀ ਸੇਵਾਮੁਕਤ ਸਕੂਲ ਅਧਿਆਪਕਾ ਸੀ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਉਨਾਂ ਦਾ ਪੁੱਤਰ ਪਿਛਲੇ ਕਈ ਸਾਲਾਂ ਤੋਂ ਆਸਟਰੇਲੀਆ, ਜਦੋਂਕਿ ਧੀ ਦਿੱਲੀ ਵਿੱਚ ਰਹਿੰਦੀ ਹੈ। ਸਠਿਆਲਾ ਪਿੰਡ ਵਿਚ ਸੇਵਾਮੁਕਤ ਗੁਰਜਿੰਦਰ ਕੌਰ ਤੇ ਉਸ ਦੇ ਪਤੀ ਬਲਵਿੰਦਰ ਸਿੰਘ ਨੇ ਕੋਰੋਨਾ ਵਾਇਰਸ (ਕੋਵਿਡ-19) ਦੇ ਖ਼ੌਫ ਕਾਰਨ ਆਤਮਹੱਤਿਆ ਕਰ ਲਈ ਸੀ। ਉੱਧਰ ਮੈਡੀਕਲ ਕਾਲਜ ਸਥਿਤ ਫੌਰੈਂਸਿਕ ਵਿਭਾਗ ਦੀ ਟੀਮ ਦੇ ਡਾਕਟਰਾਂ ਨੇ ਦੋਵਾਂ ਦਾ ਪੋਸਟਮਾਰਟਮ ਕਰਨ ਤੋਂ ਮਨਾਂ ਕਰ ਦਿੱਤਾ। ਉਨਾਂ ਨੇ ਦੱਸਿਆ ਕਿ ਉਨਾਂ ਨੂੰ ਸ਼ੱਕ ਹੈ ਕਿ ਦੋਵਾਂ ਲਾਸ਼ਾਂ ਵਿਚ ਕੋਰੋਨਾ ਵਾਇਰਸ ਹੈ।

ਨਵੀਂ ਦਿੱਲੀ ਵਿਚ ਤਬਲੀਗੀ ਜਮਾਤ ਦੇ ਇਕੱਠ ਤੋਂ ਬਾਅਦ ਕੋਰੋਨਾ ਦੇ ਫੈਲਾਅ ਨੂੰ ਲੈ ਕੇ ਲੋਕਾਂ ਵੱਲੋਂ ਜ਼ਲੀਲ ਕਰਨ 'ਤੇ ਊਨਾ ਦੇ ਬੰਗੜਾ ਪਿੰਡ ਦੇ ਗੁੱਜਰ ਦਿਲਸ਼ਾਦ ਮੁਹੰਮਦ ਨੇ ਬੀਤੇ ਦਿਨੀਂ ਪਹਾੜੀ 'ਤੇ ਸਥਿਤ ਆਪਣੇ ਘਰ ਵਿਚ ਫਾਹਾ ਲੈ ਲਿਆ। ਲੋਕਲ ਪੁਲਸ ਇੰਚਾਰਜ ਰਾਕੇਸ਼ ਕੁਮਾਰ ਨੇ ਦੱਸਿਆ ਕਿ ਤਬਲੀਗੀ ਜਮਾਤ ਦੇ ਇਕੱਠ ਵਿਚ ਸ਼ਾਮਲ ਹੋਣ ਵਾਲੇ ਦੋ ਵਿਅਕਤੀਆਂ ਦੇ ਸੰਪਰਕ ਵਿਚ ਆਉਣ ਵਾਲੇ ਦਿਲਸ਼ਾਦ ਨੂੰ ਦੋ ਅਪ੍ਰੈਲ ਨੂੰ ਪੁਲਸ ਊਨਾ ਦੇ ਰਿਜਨਲ ਹਸਪਤਾਲ ਲੈ ਕੇ ਗਈ ਸੀ। ਉਸਦਾ ਟੈੱਸਟ ਨੈਗੇਟਿਵ ਆਉਣ 'ਤੇ ਉਸਨੂੰ ਸ਼ਨੀਵਾਰ ਐਂਬੂਲੈਂਸ ਵਿਚ ਘਰ ਛੱਡ ਦਿੱਤਾ ਗਿਆ। ਦਿਲਸ਼ਾਦ ਊਨਾ ਤੇ ਨਾਲ ਲੱਗਦੇ ਪੰਜਾਬ ਦੇ ਇਲਾਕਿਆਂ ਵਿਚ ਦੁੱਧ ਵੇਚਦਾ ਸੀ। ਹਿਮਾਚਲ ਸਰਕਾਰ ਨੇ ਉਸਦੇ ਪਰਿਵਾਰ ਨੂੰ ਗਰੀਬੀ ਰੇਖਾ ਤੋਂ ਹੇਠਾਂ ਵਾਲਾ ਪਰਿਵਾਰ ਕਰਾਰ ਦਿੱਤਾ ਹੋਇਆ ਹੈ। ਉਸਦੀ ਮਾਂ ਊਸ਼ਾ ਦੇਵੀ ਨੇ ਦੱਸਿਆ ਕਿ ਪਿੰਡ ਦੇ ਕੁਝ ਲੋਕਾਂ ਨੇ ਉਸਨੂੰ ਜ਼ਲੀਲ ਕੀਤਾ, ਜਿਸਤੋਂ ਦੁਖੀ ਹੋ ਕੇ ਉਸਨੇ ਖੁਦਕੁਸ਼ੀ ਕਰ ਲਈ। ਰਿਪੋਰਟ ਨੈਗੇਟਿਵ ਆਉਣ ਦੇ ਬਾਵਜੂਦ ਕੁਝ ਲੋਕ ਪਰਿਵਾਰ ਨੂੰ ਜ਼ਲੀਲ ਕਰਨੋਂ ਨਹੀਂ ਹਟੇ। ਉਨਾਂ ਦੁੱਧ ਲੈਣਾ ਵੀ ਛੱਡ ਦਿੱਤਾ। ਪੁਲਸ ਨੇ ਕਿਹਾ ਹੈ ਕਿ ਪੋਸਟਮਾਰਟਮ ਤੋਂ ਬਾਅਦ ਕੇਸ ਦਰਜ ਕੀਤਾ ਜਾਵੇਗਾ।

ਪਾਤੜਾਂ ਸ਼ਹਿਰ ਦੇ ਨਰਵਾਣਾ ਰੋਡ ਉੱਤੇ ਕਾਰ ਬਾਜ਼ਾਰ ਵਿੱਚ ਪੁਰਾਣੀਆਂ ਕਾਰਾਂ ਵੇਚਣ ਤੇ ਖਰੀਦਣ ਦਾ ਕੰਮ ਕਰਨ ਵਾਲੇ ਦਰਬਾਰਾ ਸਿੰਘ ਵਾਸੀ ਹਰਿਆਊ ਦੀ ਪਤਨੀ ਜਸਪ੍ਰੀਤ ਕੌਰ (40 ਨੇ ਆਪਣੇ ਘਰ ਵਿੱਚ ਪਈ ਲਾਇਸੈਂਸੀ ਪਿਸਤੌਲ ਨਾਲ ਖ਼ੁਦ ਨੂੰ ਗੋਲੀ ਮਾਰ ਲਈ। ਉਸ ਨੂੰ ਤੁਰੰਤ ਮੁੱਢਲਾ ਸਿਹਤ ਕੇਂਦਰ ਪਾਤੜਾਂ ਪਹੁੰਚਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਹ ਪਿਛਲੇ ਕੁਝ ਦਿਨਾਂ ਤੋਂ ਕਰੋਨਾਵਾਇਰਸ ਮਹਾਮਾਰੀ ਦੇ ਮੱਦੇਨਜ਼ਰ ਮਾਨਸਿਕ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੀ ਸੀ।

ਉਸ ਦੀ ਧੀ ਕੁਝ ਸਮਾਂ ਪਹਿਲਾਂ ਪੜਨ ਲਈ ਕੈਨੇਡਾ ਗਈ ਸੀ। ਉਸ ਦੀ ਧੀ ਨੇ ਫੋਨ ਕਰ ਕੇ ਦੱਸਿਆ ਸੀ ਕਿ ਉਸ ਨਾਲ ਪੜਦੀ ਇਕ ਲੜਕੀ ਨੂੰ ਕਰੋਨਾਵਾਇਰਸ ਪਾਜ਼ੇਟਿਵ ਆਇਆ ਹੈ। ਉਸ ਮਗਰੋਂ ਜਸਪ੍ਰੀਤ ਕੌਰ ਲਗਾਤਾਰ ਪ੍ਰੇਸ਼ਾਨ ਰਹਿਣ ਲੱਗੀ ਸੀ। ਇਸ ਕਾਰਨ ਉਸ ਨੇ ਆਪਣੇ ਘਰ ਵਿੱਚ ਪਈ ਲਾਇਸੈਂਸੀ ਪਿਸਤੌਲ ਤੋਂ ਖ਼ੁਦ ਨੂੰ ਗੋਲੀ ਮਾਰ ਲਈ।

# ਸਿੱਖ ਰਿਸਰਚ ਇੰਸਟੀਚਿਊਟ ਦਾ ਗੁਰੂ ਗ੍ਰੰਥ ਸਾਹਿਬ ਪ੍ਰਾਜੈਕਟ ਲੋਕ-ਅਰਪਣ

**ਨਿਊਜਰਸੀ, (ਹੁਸਨ ਲੜੋਆ ਬੰਗਾ):** ਨਾਨਕਸ਼ਾਹੀ ਨਵੇਂ-ਸਾਲ ਦੀ ਅਰੰਭਤਾ ਮੌਕੇ ਸਿਖਰੀ ਵਲੋਂ ਤਿੰਨ ਸਾਲ ਪਹਿਲਾਂ ਗੁਰੂ ਗ੍ਰੰਥ ਸਾਹਿਬ ਪ੍ਰਾਜੈਕਟ ਦੀ ਕਲਪਨਾ ਅਜੋਕੀ ਅੰਗਰੇਜ਼ੀ ਅਤੇ ਪੰਜਾਬੀ ਦੇ ਪਾਠਕਾਂ ਨੂੰ ਸ਼ਬਦ-ਗਿਆਨ ਨਾਲ ਜੋੜਨ ਦੇ ਇੱਕ ਸਾਧਨ ਵਜੋਂ ਕੀਤੀ ਗਈ ਸੀ। ਬੋਰਡ ਆਫ਼ ਡਾਇਰੈਕਟਰਜ਼ ਦੇ ਮੁੱਖੀ, ਜਸਵਿੰਦਰ ਸਿੰਘ ਨੇ ਟਿੱਪਣੀ ਕਰਦੇ ਹੋਏ ਕਿਹਾ, ਸਿੱਖ ਵਿੱਦਿਅਕ ਸਰੋਤ ਤਿਆਰ ਕਰਨ ਲਈ ਸਿਖਰੀ ਦੀ ਸਤਾਰਾਂ ਸਾਲ ਦੀ ਦ੍ਰਿੜ ਵਚਨਬੱਧਤਾ ਨੇ ਇਸ ਨੂੰ ਗੁਰੂ ਗ੍ਰੰਥ ਸਾਹਿਬ ਪ੍ਰਾਜੈਕਟ ਸ਼ੁਰੂ ਕਰਨ ਦੇ ਯੋਗ ਬਣਾਇਆ ਹੈ। ਤੇਜ਼ੀ ਨਾਲ ਬਦਲ ਰਹੇ ਗਿਆਨ ਦੇ ਵਾਤਾਵਰਣ ਦੇ ਅਨੁਕੂਲ ਬਣਨ ਲਈ, ਸਿਖਰੀ ਵਰਗੀਆਂ ਪ੍ਰਮੁੱਖ ਖੋਜ ਸੰਸਥਾਵਾਂ ਵਰਤਮਾਨ ਟੈਕਨੋਲੋਜੀ ਅਤੇ ਸੰਚਾਰ ਦੇ ਸਾਧਨਾਂ ਨੂੰ ਵਰਤੋਂ ਵਿੱਚ ਲਿਆ ਰਹੀਆਂ ਹਨ। ਸਾਨੂੰ ਉਮੀਦ ਹੈ ਕਿ ਇਹ ਵਿਰਾਸਤੀ ਪ੍ਰਾਜੈਕਟ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਵਿਸ਼ਵ ਵਿਆਪੀ ਪਾਠਕਾਂ ਤੱਕ ਪਹੁੰਚਾਏਗਾ।" ਪ੍ਰਾਜੈਕਟ ਦੇ ਉਦੇਸ਼ ਨੂੰ ਦਰਸਾਉਂਦੇ ਹੋਏ ਸਿਖਰੀ ਦੇ ਸਹਿ-ਸੰਸਥਾਪਕ ਅਤੇ ਪ੍ਰਾਜੈਕਟ ਲੀਡਰ, ਹਰਿੰਦਰ ਸਿੰਘ ਨੇ ਕਿਹਾ ਕਿ, ਅਸੀਂ ਗੁਰੂ ਗ੍ਰੰਥ ਸਾਹਿਬ ਨਾਲ ਇਕ ਨਵੇਂ ਰਿਸ਼ਤੇ ਦੀ ਜੁਗਤ ਨੂੰ ਸੁਖਾਲਾ ਬਣਾ ਰਹੇ ਹਾਂ ਜੋ ਆਸਾਨੀ ਨਾਲ ਹਰ ਇਕ ਦੀ ਪਹੁੰਚ ਵਿੱਚ ਹੋਵੇ। ਇਸ ਦੇ ਮਾਧਿਅਮ ਰਾਹੀਂ, ਅਸੀਂ 7 ਅਰਬ ਲੋਕਾਂ ਤੱਕ ਪਹੁੰਚਣ ਦੀ ਸਮਰੱਥਾ ਰੱਖਦੇ ਹਾਂ। ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਵਿਸ਼ੇਸ਼ ਵਿਅਕਤੀਆਂ ਅਤੇ ਸੰਸਥਾਵਾਂ-ਦੇ ਅਧਿਕਾਰ-ਖੇਤਰ ਚੋਂ-ਬਾਹਰ ਨਿਕਲਕੇ, ਹਰ ਇਕ ਤੇ ਹਰ ਕਿਸੇ ਦੇ ਸਿੱਧੇ ਸੰਪਰਕ ਵਿੱਚ ਹੋਣੀ ਚਾਹੀਦੀ ਹੈ। ਸਿਖਰੀ ਨੇ ਇਸ ਪ੍ਰਾਜੈਕਟ ਦੀ ਸਿਰਜਣਾਤਮਿਕ-ਅਨੁਵਾਦ ਪ੍ਰਕਿਰਿਆ ਨੂੰ ਰਚਨਾਦਰ-ਰਚਨਾ 'ਆਸਾ ਕੀ ਵਾਰ' ਤੋਂ ਅਰੰਭ ਕਰਨ ਲਈ ਮਾਹਿਰਾਂ ਅਤੇ ਵਿਸ਼ਾ-ਵਸਤੂ ਮਾਹਿਰਾਂ ਦੀ ਇਕ ਅੰਤਰਰਾਸ਼ਟਰੀ ਟੀਮ ਨੂੰ ਤਿਆਰ ਕੀਤਾ। ਸਿਰਜਣਾਤਮਿਕ-ਅਨੁਵਾਦ, ਅਜੋਕੀ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਸਮੱਗਰੀ ਤਿਆਰ ਕਰਦਿਆਂ ਇਕ ਅਰਥ-ਭਰਪੂਰ ਵਿਆਖਿਆ ਨੂੰ ਵਿਕਸਤ ਕਰਨ ਦੀ ਪ੍ਰਕਿਰਿਆ ਹੈ। ਸਿਖਰੀ ਦੀ ਸਿਰਜਣਾਤਮਿਕ ਅਨੁਵਾਦ ਪ੍ਰਕਿਰਿਆ ਦਾ ਉਦੇਸ਼ ਗੁਰੂ ਗ੍ਰੰਥ ਸਾਹਿਬ ਵਿਚਲੀ ਭਾਸ਼ਾ, ਸੁਹਜ, ਸੰਗੀਤ, ਇਤਿਹਾਸ, ਸਭਿਆਚਾਰ ਅਤੇ ਦਰਸ਼ਨ ਨੂੰ ਪ੍ਰਕਾਸ਼ਮਾਨ ਕਰਨ ਲਈ ਇਕ ਅਮੀਰ ਪ੍ਰਸੰਗ ਤਿਆਰ ਕਰਨਾ ਹੈ। ਬਾਣੀ-ਦਰ-ਬਾਣੀ ਚੱਲਣ ਦੀ ਇਕ ਜੁਗਤ ਇਕ ਵਿਧੀਬੱਧ ਚੋਣ ਸੀ। ਸਿਖਰੀ ਦੇ ਪ੍ਰਾਜੈਕਟ ਸਲਾਹਕਾਰਾਂ ਦਾ ਅਨੁਮਾਨ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਸਿਰਜਣਾਤਮਿਕ ਅਨੁਵਾਦ ਨੂੰ 20 ਸਾਲ ਦਾ ਲੰਬਾ ਸਮਾਂ ਲੱਗ ਸਕਦਾ ਹੈ।

# ਨਿਊਜਰਸੀ ਦੇ ਅਟਾਰਨੀ ਜਨਰਲ ਗਰੇਵਾਲ ਨੇ ਕੋਵਿਡ -19 ਨੂੰ ਲੈ ਕਿ ਐਮਰਜੈਂਸੀ ਆਦੇਸ਼ਾਂ ਦੀ ਉਲੰਘਣਾ ਕਰਨ ਵਾਲਿਆਂ ਲਈ ਸੰਭਾਵਿਤ ਅਪਰਾਧਿਕ ਦੋਸ਼ਾਂ ਦੀ ਦਿੱਤੀ ਚਿਤਾਵਨੀ

**ਨਿਊਜਰਸੀ/ਰਾਜ ਗੋਗਨਾ:** ਨਿਊਜਰਸੀ ਦੇ ਪਹਿਲੇ ਸਿੱਖ ਅਟਾਰਨੀ ਜਨਰਲ ਸ: ਗੁਰਬੀਰ ਸਿੰਘ ਗਰੇਵਾਲ ਨੇ ਅੱਜ ਫਿਰ ਆਪਣੇ ਸੰਦੇਸ਼ ਨੂੰ ਦੁਬਾਰਾ ਦੁਹਰਾਇਆ ਹੈ ਕਿ ਨਿਊਜਰਸੀ ਦੀਆਂ ਧਾਰਾਂ ਵਿੱਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਕੋਵਿਡ -19 ਮਹਾਂਮਾਰੀ ਦੇ ਦੌਰਾਨ ਰਾਜਪਾਲ ਦੇ ਕਾਰਜਕਾਰੀ ਆਦੇਸ਼ਾਂ ਨੂੰ ਬਹੁਤ ਸਖਤੀ ਨਾਲ ਲਾਗੂ ਕਰ ਰਹੀਆਂ ਹਨ। ਉਹਨਾਂ ਕਿਹਾ ਜੇਕਰ ਉਹਨਾਂ ਦੇ ਸੰਦੇਸ਼ ਦੀ ਪਾਲਣਾ ਨਾ ਕਰਨ ਦੀ ਉਲੰਘਣਾ ਕੀਤੀ, ਅਤੇ ਉਹਨਾਂ ਲੋਕਾਂ ਨੂੰ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ।ਅਟਾਰਨੀ ਜਨਰਲ ਸ: ਗਰੇਵਾਲ ਨੇ ਤਿੰਨ ਤਾਜ਼ਾ ਉਦਾਹਰਣਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜਿੱਥੇ ਪੁਲਿਸ ਨੇ ਵਿਅਕਤੀਆਂ ਉੱਤੇ ਵਰਜਿਤ ਇਕੱਠ ਕਰਨ ਦੇ ਦੋਸ਼ ਲਗਾਏ ਹਨ, ਜਿੰਨ੍ਹਾਂ ਵਿੱਚ ਨਿਊਜਰਸੀ ਸੂਬੇ ਦੇ ਪੈਨਸ ਗਰੋਵ ਵਿੱਚ ਇੱਕ ਹਾਊਸ ਪਾਰਟੀ ਅਤੇ ਲੇਕਵੁੱਡ ਵਿੱਚ ਦੋ ਵੱਡੇ ਇਕੱਠ ਸ਼ਾਮਲ ਹਨ,ਜਿੰਨ੍ਹਾਂ ਵਿੱਚ ਇੱਕ ਵਿਆਹ ਦੀ ਰਿਸੈਪਸ਼ਨ ਵੀ ਸ਼ਾਮਲ ਹੈ।ਅਟਾਰਨੀ ਜਨਰਲ ਸ:ਗੁਰਬੀਰ ਗਰੇਵਾਲ ਨੇ ਕਿਹਾ, ਸਾਡੇ ਸੂਬੇ ਦੇ ਰਿਹਾਇਸ਼ੀਆਂ ਨੂੰ ਕਾਨੂੰਨ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ।ਅਤੇ ਵੱਡੇ- ਵੱਡੇ ਇਕੱਠ ਕਰਕੇ ਆਪਣੇ ਆਪ ਨੂੰ ਜੋਖਮ ਵਿੱਚ ਨਾਂ ਪਾਵੋ ਉਹਨਾਂ ਕਿਹਾ ਕਿ ਜਿਵੇਂ ਕਿ ਬੀਤੇ ਦਿਨ ਦੋ ਵਾਰ ਨਿਊਜਰਸੀ ਦੇ ਟਾਊਨ ਲੇਕਵੁੱਡ ਵਿੱਚ ਰਹਿਣ ਵਾਲੇ ਇਕ ਪਰਿਵਾਰ ਨੇ ਹਫਤੇ ਦੇ ਅੰਤ ਵਿੱਚ ਸਲੇਮ ਕਾਊਂਟੀ ਵਿੱਚ ਕਾਨੂੰਨ ਨੂੰ ਤੋੜਿਆ ਸੀ, ਅਸੀਂ ਉਹਨਾਂ ਤਿੰਨ ਵਿਅਕਤੀਆਂ 'ਤੇ ਦੋਸ਼ ਵੀ ਆਇਦ ਕੀਤੇ ਹਨ ਅਤੇ ਉਹਨਾਂ ਵਿਅਕਤੀ ਤੇ ਅਦਾਲਤ ਵੱਲੋਂ ਜੁਰਮਾਨਾ ਵੀ ਲੱਗੇਗਾ।ਜੋ ਇਸ ਮੌਕੇ ਐਮਰਜੈਂਸੀ ਦੌਰਾਨ ਵੱਡੇ ਇਕੱਠ ਕਰਕੇ ਜਨਤਕ ਸਿਹਤ ਲਈ ਖਤਰਾ ਪੈਦਾ ਕਰਦੇ ਹਨ।ਅਤੇ ਸਾਡਾ ਸੁਨੇਹਾ ਸਪੱਸ਼ਟ ਹੈ। ਘਰ ਰਹੋ, ਗਰੇਵਾਲ ਨੇ ਦੱਸਿਆ ਕਿ ਬੀਤੇਂ ਸ਼ਨੀਵਾਰ ਨੂੰ ਦੇਰ ਰਾਤ ਨੂੰ, ਪੁਲਿਸ ਨੇ ਪੈਨਸ ਗਰੋਵ ਵਿੱਚ ਜਿੱਥੇ 30 ਤੋਂ ਵੱਧ ਲੋਕ ਇੱਕ ਘਰ ਦੀ ਪਾਰਟੀ ਵਿੱਚ ਸ਼ਾਮਲ ਹੋਏ ਸਨ।ਅਤੇ ਪੁਲਿਸ ਅਧਿਕਾਰੀਆਂ ਨੇ ਪਾਰਟੀ ਨੂੰ ਖੁਦੇੜਿਆਂ, ਅਤੇ ਇਕ 37 ਸਾਲਾ ਦੇ ਵਿਅਕਤੀ 'ਤੇ ਦੋਸ਼ ਵੀ ਲੱਗਾ ਹੈ ਕਿ ਉਹ ਨਿਊਜਰਸੀ ਦੇ ਗਵਰਨਰ ਮਰਫੀ ਵੱਲੋਂ ਵੱਡੇ ਇਕੱਠਾਂ ਤੇ



ਰੋਕ ਲਗਾਉਣ ਦੇ ਆਦੇਸ਼ਾ ਦੀ ਉਲੰਘਣਾ ਕਰਨ ਦੇ ਨਾਲ ਇੱਕ ਗੜਬੜ ਵਾਲੇ ਵਿਅਕਤੀ ਨੂੰ ਜੁਰਮ ਤਹਿਤ ਵੀ ਫੜਿਆਂ, ਹੈ ਜੋ ਇਸ ਪਾਰਟੀ ਦੀ ਮੇਜ਼ਬਾਨੀ ਕਰ ਰਿਹਾ ਸੀ।ਅਤੇ ਉਹ ਪਾਰਟੀ ਦੀ ਮਹਿਮਾਨ ਨਿਵਾਜੀ ਨੂੰ ਯੂਟ੍ਰਿਊਬ 'ਤੇ ਪੋਸਟ ਕਰਨ ਲਈ ਪਾਰਟੀ ਦੀਆਂ ਵੀਡੀਓ ਬਣਾ ਰਹੇ ਸਨ।ਅਟਾਰਨੀ ਜਨਰਲ ਗਰੇਵਾਲ ਨੇ ਦੱਸਿਆ ਕਿ ਲੇਕਵੁੱਡ ਵਿੱਚ ਸਥਾਨਕ ਪੁਲਿਸ ਨੇ ਇੱਕ ਹੋਰ ਘਰ ਦੇ ਬਾਹਰ ਵਿਆਹ ਦੀ ਰਿਸੈਪਸ਼ਨ ਲਈ ਇੱਕ ਟੈਂਟ ਤੇ ਇਕੱਠੇ ਹੋਏ ਲੋਕਾਂ ਦੇ ਇੱਕ ਵੱਡੇ ਸਮੂੰਹ ਦਾ ਵੀ ਇਕ ਮਾਮਲਾ ਸਾਹਮਣਾ ਆਇਆ ਜਿੰਨਾਂ ਨੂੰ ਪੁਲਿਸ ਇਕਾਈਆਂ ਨੇ ਇਸ ਇਕੱਠ ਨੂੰ ਖਿੰਡਾਉਣ ਅਤੇ ਘਰ ਦੇ ਮਾਲਕ, ਮੀਰ ਟੀ. ਗਰਸਕਿਨ (37) ਨੂੰ ਵੀ ਸੰਮਨ ਜਾਰੀ ਕੀਤਾ, ਜਿਸ 'ਤੇ ਉਸ ਨੂੰ ਐਮਰਜੈਂਸੀ ਦੇ ਆਦੇਸ਼ਾਂ ਦੀ ਉਲੰਘਣਾ ਕਰਨ ਲਈ ਅਤੇ ਕਾਨੂੰਨ ਚ ਵਿਘਨ ਪਾਉਣ ਵਾਲੇ ਵਿਅਕਤੀਆਂ ਵਿਰੁੱਧ ਅਪਰਾਧ ਦਾ ਸੰਮਨ ਜਾਰੀ ਕੀਤਾ ਗਿਆ।

# ਫਰਵਾਲਾ ਪਰਿਵਾਰ ਨੂੰ ਗਹਿਰਾ ਸਦਮਾ ਸੁਰਿੰਦਰ ਸਿੰਘ ਸੰਘੇੜਾ ਦਾ ਦੇਹਾਂਤ



**ਸੈਕਰਾਮੈਂਟੋ/ ਏ. ਟੀ. ਨਿਊਜ਼:** ਪੀ. ਸੀ. ਐਸ ਸੈਕਰਾਮੈਂਟੋ (ਕੈਲੇਫੋਰਨੀਆ) ਦੇ ਮੁੱਖੀ ਰਛਪਾਲ ਸਿੰਘ ਫਰਵਾਲਾ ਅਤੇ ਉਹਨਾਂ ਦੇ ਸਮੂਹ ਫਰਵਾਲਾ ਪਰਿਵਾਰ ਨੂੰ ਉਸ ਵਕਤ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦਾ ਛੋਟਾ ਵੀਰ ਸੁਰਿੰਦਰ ਸਿੰਘ ਸੰਘੇੜਾ (58) ਪਹਿਲੀ ਅਪ੍ਰੈਲ ਦੀ ਬਾਅਦ ਦੁਪਹਿਰ 2 ਵਜੇ ਨਿਊਜ਼ੀਲੈਂਡ 'ਚ ਆਪਣੇ ਗ੍ਰਹਿ ਵਿਖੇ ਅਕਾਲ ਪੁਰਖ ਨੂੰ ਪਿਆਰਾ ਹੋ ਗਿਆ। ਫਰਵਾਲਾ ਪਰਿਵਾਰ ਨੂੰ ਇਹ ਨਾ ਪੂਰਾ ਹੋਣ ਵਾਲਾ ਬੜਾ ਵੱਡਾ ਸਦਮਾ ਹੈ, ਜਿਸ ਦੀ ਪੰਜਾਬੀ ਭਾਈਚਾਰੇ 'ਚ ਅਫ਼ਸੋਸ ਦੀ ਲਹਿਰ ਹੈ। ਸਵਰਗੀ ਸੁਰਿੰਦਰ ਸਿੰਘ ਸੰਘੇੜਾ ਇਕ ਨੇਕਦਿਲ ਇਨਸਾਨ ਸਨ। ਵਾਹਿਗੁਰੂ ਦੀ ਰਜ਼ਾ 'ਚ ਰਹਿਣ ਵਾਲਾ ਗੀਤ-ਸੰਗੀਤ ਦਾ ਗਿਆਤਾ, ਸਕੂਲ-ਕਾਲਜ ਦੇ ਦਿਨਾਂ ਤੋਂ ਆਪਣੇ ਯਾਰਾਂ-ਦੋਸਤਾਂ ਦਾ ਚਹੇਤਾ, ਇਕ ਚੰਗਾ ਪਤੀ, ਪਿਤਾ, ਭਰਾ, ਸਮਾਜਿਕ ਪ੍ਰਾਣੀ ਆਪਣੇ ਜ਼ਿੰਦਗੀ ਦੇ ਆਖਰੀ ਦਿਨਾਂ 'ਚ ਲੱਗਭੱਗ 6 ਮਹੀਨੇ ਨਾਮੁਰਾਦ ਬਿਮਾਰੀ ਕੈਂਸਰ ਨਾਲ ਜੂਝਦਾ ਹੋਇਆ ਆਖਿਰ, ਆਖਰੀ ਲੜਾਈ ਹਾਰ ਗਿਆ ਤੇ ਅਕਾਲ ਪੁਰਖ ਵੱਲੋਂ ਬਖ਼ਸ਼ੀ ਉਮਰ 58 'ਚ ਆਪਣੇ ਪਿੱਛੇ ਸੁਪਤਨੀ ਦਲਜੀਤ ਕੌਰ ਸੰਘੇੜਾ, ਸਪੁੱਤਰ ਪ੍ਰਿੰਸ ਸੰਘੇੜਾ ਅਤੇ ਸਪੁੱਤਰੀ ਨਵਰੀਨ ਸੰਘੇੜਾ ਛੱਡ ਗਿਆ।

ਸਵਰਗੀ ਸੁਰਿੰਦਰ ਸਿੰਘ ਸੰਘੇੜਾ ਜੋ ਆਪਣੇ ਗੀਤ-ਸੰਗੀਤ ਖੇਤਰ 'ਚ ਸੁਰਿੰਦਰ ਫਰਵਾਲਾ ਨਾਂ ਨਾਲ ਜਾਣਿਆ ਜਾਂਦਾ ਸੀ, ਉਹਨਾਂ ਕੁਝ ਆਪਣੇ ਗੀਤਾਂ ਨੂੰ ਰਿਕਾਰਡ ਵੀ ਕਰਵਾਇਆ। ਲੱਗਭੱਗ ਸਾਢੇ ਤਿੰਨ ਸਾਲ ਪਹਿਲਾਂ ਉਹ ਆਪਣੀ ਵੱਡੀ ਭੈਣ ਦੇ ਅਕਾਲ ਚਲਾਣੇ 'ਤੇ ਸੈਕਰਾਮੈਂਟੋ ਆਇਆ ਸੀ ਤਾਂ ਉਸ ਨਾਲ ਗੱਲਬਾਤ ਕਰਦਿਆਂ ਉਸ ਅੰਦਰ ਜੋ ਗਾਉਣ ਦੀ ਕਲਾ ਤੇ ਬੋਲਚਾਲ ਦਾ ਇਕ ਵਧੀਆ ਸਲੀਕਾ ਜਾਨਣ ਦਾ ਸਬੱਬ ਬਣਿਆ। ਸੁਰਿੰਦਰ ਸਿੰਘ ਸੰਘੇੜਾ ਨੇ ਆਪਣੀ ਜ਼ਿੰਦਗੀ ਦਾ ਅੱਧ ਤੋਂ ਵੱਧ ਸਮਾਂ ਨਿਊਜ਼ੀਲੈਂਡ 'ਚ ਹੀ ਗੁਜ਼ਾਰਿਆ। ਉਹ ਉਥੋਂ ਦੀ ਜੀਵਨ ਸ਼ੈਲੀ ਨੂੰ ਬਹੁਤ ਪਿਆਰਦਾ ਸੀ, ਬੇਸ਼ੱਕ ਉਹ ਆਪਣੀ ਮਾਤਭੂਮੀ ਤੋਂ ਦੂਰ ਸੀ, ਫਿਰ ਵੀ ਆਪਣੀ ਮਾਂ-ਬੋਲੀ, ਆਪਣੇ ਕਲਚਰ ਤੇ ਧਾਰਮਿਕ ਵਿਰਸੇ ਨਾਲ ਜੁੜਿਆ ਰਹਿਣਾ, ਉਸਨੇ ਆਪਣੇ ਵੱਡੇ ਵੀਰ ਸ਼ ਰਛਪਾਲ ਸਿੰਘ ਫਰਵਾਲਾ ਤੋਂ ਸਿੱਖਿਆ ਜੋ ਖੁਦ ਵੀ ਆਪਣੇ ਵਕਤ ਦਾ ਇਕ ਵਧੀਆ ਗਾਇਕ ਰਿਹਾ ਤੇ ਅੱਜ ਵੀ ਪੀ. ਸੀ. ਐਸ਼. ਸੈਕਰਾਮੈਂਟੋ ਦੇ ਕੋਈ 30-31 ਸਾਲਾਂ ਤੋਂ ਕਰਵਾ ਰਹੇ ਸਭਿਆਚਾਰਕ/ਵਿਸਾਖੀ ਮੇਲੇ ਤੋਂ ਆਪਣੀ ਗਾਇਕੀ ਦਾ ਰੰਗ ਬਿਖੇਰਦਾ ਰਹਿੰਦਾ ਹੈ। ਸੋ ਪੰਜਾਬੀ ਭਾਈਚਾਰੇ 'ਚੋਂ ਇਕ ਹੋਣਹਾਰ ਹੀਰੇ ਦਾ ਇੰਨੀ ਛੇਤੀ ਚਲੇ ਜਾਣਾ ਬੜਾ ਦੁਖਦਾਈ ਹੈ।

**ਫਰਵਾਲਾ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 916-880-0531 'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ‘ਰੱਬ ਦਾ ਰੂਪ’ ਮੰਨੇ ਜਾਂਦੇ ਡਾਕਟਰਾਂ ਨੇ ਤੜਫ ਰਹੀਆਂ ਇਨਸਾਨੀ ਜ਼ਿੰਦਗੀਆਂ ਤੋਂ ਫੇਰਿਆ ਮੂੰਹ



**- ਮਨਜਿੰਦਰ ਸਿੰਘ ਸਰੌਂਦ**
9463463136

ਸਰਕਾਰ ਵੱਲੋਂ ਮਨੁੱਖੀ ਜ਼ਿੰਦਗੀਆਂ ਨੂੰ ਕੋਰੋਨਾ ਵਾਇਰਸ ਦੇ ਪ੍ਰਕੋਪ ਤੋਂ ਬਚਾਉਣ ਦੇ ਲਈ ਦਿੱਤੇ ਤਾਲਾਬੰਦੀ ਦੇ ਹੁਕਮਾਂ ਤੋਂ ਬਾਅਦ ਸੂਬੇ ਅੰਦਰ ਵੱਡੇ-ਵੱਡੇ ਹਸਪਤਾਲ ਚਲਾ ਰਹੇ ਪ੍ਰਾਈਵੇਟ ਡਾਕਟਰਾਂ ਨੇ ਸਰਕਾਰੀ ਹਦਾਇਤਾਂ ਦੇ ਨਾਂ ‘ਤੇ ਬੂਹੇ ਭੇੜ ਲਏ ਹਨ ਕਈ ਹਸਪਤਾਲ ਸਿਰਫ ਐਮਰਜੈਂਸੀ ਲਈ ਖੁੱਲੇ ਹਨ ਪਰ ਉੱਥੇ ਕਿਸੇ ਵੀ ਮਰੀਜ਼ ਨੂੰ ਦਾਖਲ ਕਰਨ ਤੋਂ ਕੰਨੀ ਕਤਰਾਇਆ ਜਾ ਰਿਹਾ ਹੈ ਜਿਸ ਕਾਰਨ ਹੁਣ ਘਰਾਂ ਅੰਦਰ ਬੈਠੇ ਬਜ਼ੁਰਗ ਮਰੀਜ਼ਾਂ ਅਤੇ ਗਰਭਵਤੀ ਮਹਿਲਾਵਾਂ ਦੀ ਜ਼ਿੰਦਗੀ ‘ਦਾਅ’ ‘ਤੇ ਲੱਗੀ ਨਜ਼ਰ ਆਉਂਦੀ ਹੈ ਕਿਉਂਕਿ ਕੁਝ ਦਿਨ ਤਾਂ ਉਨਾਂ ਨੇ ਔਖੇ-ਸੌਖੇ ਘਰਾਂ ਅੰਦਰ ਬੈਠ ਕੇ ਗੁਜਾਰ ਲਏ ਪਰ ਹੁਣ ਉਨਾਂ ਦੀ ਇੱਕ ਤਰਾਂ ਨਾਲ ਬੇਵਾਹ ਹੋ ਚੁੱਕੀ ਵਿਖਾਈ ਦਿੰਦੀ ਹੈ। ਬੀਤੇ ਦਿਨੀਂ ਮੋਗੇ ਜ਼ਿਲੇ ਦੇ ਕਸਬੇ ਧਰਮਕੋਟ ਕੋਲ ਇੱਕ ਗਰਭਵਤੀ ਮਹਿਲਾ ਨੂੰ ਜਦੋਂ ਕਿਸੇ ਹਸਪਤਾਲ ਅੰਦਰ ਦਾਖਲ ਕਰਾਵਾਉਣ ਲਈ ਲਿਜਾਇਆ ਗਿਆ ਤਾਂ ਰਾਤ ਦਾ ਸਮਾਂ ਹੋਣ ਕਾਰਨ ਉਸ ਮਹਿਲਾ ਅਤੇ ਪਰਿਵਾਰ ਨੂੰ ਕਿਸੇ ਨੇ ਵੀ ਹਸਪਤਾਲ ਅੰਦਰ ਦਾਖ਼ਲ ਨਾ ਹੋਣ ਦਿੱਤਾ ਆਖਰ ਨੂੰ ਉਸ ਮਹਿਲਾ ਵੱਲੋਂ ਸੜਕ ‘ਤੇ ਹੀ ਇੱਕ ਫੱਟੇ ‘ਤੇ ਬੱਚੇ ਨੂੰ ਜਨਮ ਦੇ ਦਿੱਤਾ ਇਹੋ ਦੀਆਂ ਘਟਨਾਵਾਂ ਦੀ ਗਿਣਤੀ ਵਿਚ ਹਰ ਰੋਜ਼ ਵਾਧਾ ਹੋ ਰਿਹਾ ਹੈ , ਇੱਕ ਨੌਜਵਾਨ ਨੇ ਭੁੱਬੀ ਰੋਂਦਿਆਂ ਆਖਿਆ ਕਿ ਉਸ ਵੱਲੋਂ ਆਪਣੀ ਦਰਦ ਨਾਲ ਵਿਲਕ ਰਹੀ ਮਾਂ ਨੂੰ ਗੱਡੀ ਵਿਚ ਪਾ ਕੇ ਕਈ ਘੰਟੇ ਹਸਪਤਾਲਾਂ ਦੇ ਅੱਗੇ ਚੱਕਰ ਕੱਟਣ ਤੋਂ ਬਾਅਦ ਵੀ ਕਿਸੇ ਨੇ ਉਸ ਦੇ ਇਲਾਜ ਕਰਨ ਦੀ ਹਾਮੀ ਤੱਕ ਨਹੀਂ ਭਰੀ , ਕਿੱਥੇ ਗਈ ਸਾਡੀ ਇਨਸਾਨੀਅਤ ਅਤੇ ਕਿੱਥੇ ਗਏ ਸਾਡੇ ਫਰਜ਼ ।

ਕਿੰਨੇ ਹੀ ਅਜਿਹੇ ਅਭਾਗੇ ਇਨਸਾਨ ਨੇ ਜਿਨਾਂ ਨੂੰ ਕਈ ਡਾਕਟਰਾਂ ਵੱਲੋਂ ਗੰਭੀਰ ਹਾਲਤ ਵਿੱਚ ਵੀ ਇਹ ਕਹਿ ਕੇ ਘਰ ਭੇਜ ਦਿੱਤਾ ਜਾਂਦਾ ਹੈ ਤੁਸੀਂ ਹੁਣ ਠੀਕ ਹੋ ਤੁਹਾਨੂੰ ਇਲਾਜ ਦੀ ਜ਼ਰੂਰਤ ਨਹੀਂ ਹੈ , ਕਿੱਧਰ ਨੂੰ ਤੁਰ ਚੱਲੇ ਹਾਂ ਅਸੀਂ । ਕੋਰੋਨਾ ਤਾਂ ਅੱਜ ਨਹੀਂ ਸ਼ਾਇਦ ਕੱਲ ਨੂੰ ਚਲਿਆ ਜਾਵੇਗਾ ਪਰ ਜੋ ਇਤਿਹਾਸ ਅਸੀਂ ਸਿਰਜ ਰਹੇ ਹਾਂ ਉਹ ਆਉਣ ਵਾਲੀਆਂ ਪੀੜੀਆਂ ਲਈ ਇੱਕ ‘ਤਵਾਰੀਖੀ ਸੱਚ’ ਜ਼ਰੂਰ ਬਣ ਜਾਵੇਗਾ । ਸਾਡੇ ਦੇਸ਼ ਅੰਦਰ ‘ਅੰਤ ਦੀਆਂ ਮਾੜੀਆਂ’ ਸਿਹਤ ਸੁਵਿਧਾਵਾਂ ਕਾਰਨ ਅਨੇਕਾਂ ਜ਼ਿੰਦਗੀਆਂ ਇਸ ਸੰਸਾਰ ਤੋਂ ਚਲੀਆਂ ਜਾਂਦੀਆਂ ਨੇ ਪਰ ਸਾਡੇ ਸਿਆਸੀ ਆਗੂਆਂ ਦੇ ਕੰਨ ‘ਤੇ ਜੂੰ ਨਹੀਂ ਸਰਕਦੀ , ਸਿਹਤ ਨਾਲ ਸਬੰਧਤ ਜਿਸ ਸਾਜ਼ੋ ਸਾਮਾਨ ਦੀ ਸਰਕਾਰਾਂ ਵੱਲੋਂ ਵਰਿਆਂ ਪਹਿਲਾਂ ਖ਼ਰੀਦ ਕਰਨੀ ਚਾਹੀਦੀ ਸੀ ਉਸ ਦੇ ਆਰਡਰ ਹੁਣ ਦਿੱਤੇ ਜਾ ਰਹੇ ਹਨ। ਪਿੰਡਾਂ ਅੰਦਰ ਅੱਜ



ਬਹੁਤੇ ਬਜ਼ੁਰਗ ਮਰੀਜ਼ ਸਾਹ , ਦਮੇ , ਦਰਦ , ਪੀਲੀਆ ਅਤੇ ਹੋਰ ਬਿਮਾਰੀਆਂ ਤੋਂ ਪੀੜਤ ਹੋਣ ਕਾਰਨ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ ਕਿਉਂਕਿ ਪ੍ਰਾਈਵੇਟ ਹਸਪਤਾਲਾਂ ਦੇ ਬੰਦ ਪਏ ਦਰਵਾਜ਼ੇ ਉਨਾਂ ਲਈ ਮੌਤ ਦੇ ਸਾਮਾਨ ਹਨ ਅਤੇ ਸਰਕਾਰੀ ਹਸਪਤਾਲਾਂ ਦਾ ਹਾਲ ਕਿਸੇ ਤੋਂ ਲੁਕਿਆ ਨਹੀਂ ਹੈ । ਜਿਨਾਂ ਮਰੀਜ਼ਾਂ ਦੀ ਪ੍ਰਾਈਵੇਟ ਡਾਕਟਰਾਂ ਕੋਲੋਂ ਲੰਬੀ ਦਵਾਈ ਚੱਲਦੀ ਹੈ ਉਹ ਹੁਣ ਕੀ ਕਰਨ , ਹੋਰ ਤਾਂ ਹੋਰ ਮੈਡੀਕਲ ਸਟੋਰਾਂ ਨੂੰ ਵੀ ਚੁੱਣ ਕੇ ਖੋਲਿਆ ਜਾਂਦਾ ਹੈ ਜਿਸ ਕਾਰਨ ਬਹੁਤ ਮਰੀਜ਼ ਅਜੇ ਵੀ ਦਵਾਈ ਤੋਂ ਵਾਂਝੇ ਰਹਿ ਜਾਂਦੇ ਨੇ । ਜਦ ਕਿ ਪ੍ਰਾਈਵੇਟ ਹਸਪਤਾਲਾਂ ਨੂੰ ਫੌਰੀ ਤੌਰ ‘ਤੇ ਇਸ ਗੱਲ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅੱਜ ਔਖੇ ਵੇਲੇ ਉਹ 24 ਘੰਟੇ ਅਪਣੇ ਦਰਵਾਜ਼ੇ ਖੁੱਲੇ ਰੱਖਣਗੇ ਜਿਸ ਕਾਰਨ ਮਰੀਜ਼ਾਂ ਨੂੰ ਆਪਣਾ ਇਲਾਜ ਕਰਵਾਉਣ ਵਿਚ ਕੋਈ ਪ੍ਰੇਸ਼ਾਨੀ ਨਾ ਆਵੇ ।

ਡਾਕਟਰੀ ਦੇ ਨਾਂ ‘ਤੇ ਮੋਟੀਆਂ ਕਮਾਈਆਂ ਕਰਨ ਵਾਲੇ ਲੋਕਾਂ ਨੇ ਅੱਜ ਕੋਰੋਨਾ ਨੂੰ ਵੇਖ ਕੇ ਆਪਣੇ ਹਸਪਤਾਲਾਂ ਦੇ ਬੂਹੇ ਕਿਉਂ ਭੇੜ ਲਏ ਹਨ ਸਗੋਂ ਇਸ ਮੁਸੀਬਤ ਦੀ ਘੜੀ ਅੰਦਰ ਮਰੀਜ਼ਾਂ ਨੂੰ ਇਲਾਜ ਦੀ ਸਖ਼ਤ ਜ਼ਰੂਰਤ ਹੈ ਸਰਕਾਰ ਵੱਲੋਂ ਭਾਵੇਂ ਆਪਣੀਆਂ ਹਦਾਇਤਾਂ ਅਨੁਸਾਰ ਵਾਰ-ਵਾਰ ਇਹ ਗੱਲ ਆਖੀ ਜਾ ਰਹੀ ਹੈ ਕਿ ਕਿਸੇ ਵੀ ਮਰੀਜ਼ ਨੂੰ ਕੋਈ ਵੀ ਪ੍ਰਾਈਵੇਟ ਹਸਪਤਾਲ ਇਲਾਜ ਕਰਨ ਤੋਂ ਖਾਲੀ ਨਾ ਮੋੜੇ ਪਰ ਹੈਰਾਨੀ ਦੀ ਗੱਲ ਹੈ ਕਿ ਰੱਬ ਦਾ ਰੂਪ ਅਖਵਾਉਣ ਵਾਲੇ ਡਾਕਟਰ ਅੱਜ ਬਿਮਾਰੀ ਨਾਲ ‘ਕੂਕ’ ਰਹੇ ਲੋਕਾਂ ਨੂੰ ਛੱਡ ਕੇ ‘ਲੰਬੀਆਂ ਕੂੰਟਾਂ’ ਨੂੰ ਚੜ ਗਏ ਪ੍ਰਤੀਤ ਹੁੰਦੇ ਹਨ ਕੀ ਡਾਕਟਰ ਵਰਗ ਦਾ ਹੱਕ ਬਣਦਾ ਹੈ ਕਿ ਉਹ ਇਸ ਮੁਸੀਬਤ ਦੀ ਘੜੀ ਵਿੱਚ ਗੁਰਬਤ ਦੇ ਮਾਰੇ ਮਰੀਜ਼ਾਂ ਦਾ ਇਲਾਜ ਕਰਨ ਦੀ ਬਜਾਏ ਆਪਣੇ ਗੇਟ ਬੰਦ ਕਰ ਲੈਣ ।

ਇਸ ਅੱਤ ਗੰਭੀਰ ਮਸਲੇ ‘ਤੇ ਬੀਤੇ ਦਿਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਪ ਮੀਡੀਆ ਵਿੱਚ ਆ ਕੇ ਸਖ਼ਤ ਲਹਿਜੇ ਵਿੱਚ ਟਿੱਪਣੀ ਕਰਨੀ ਪਈ ਹੈ ਕਿ ਜੇਕਰ ਪ੍ਰਾਈਵੇਟ ਹਸਪਤਾਲ ਇਸੇ ਤਰਾਂ ਆਪਣੇ ਫ਼ਰਜ਼ਾਂ ਤੋਂ ਭੱਜਦੇ ਰਹੇ ਤਾਂ ਸਰਕਾਰ ਆਉਣ ਵਾਲੇ ਸਮੇਂ ਅੰਦਰ ਉਨਾਂ ਸਾਰੇ ਹਸਪਤਾਲਾਂ ਦੇ ਲਾਇਸੰਸ ਕੈਂਸਲ ਕਰਨ ਤੋਂ ਵੀ ਗੁਰੇਜ਼ ਨਹੀਂ ਕਰੇਗੀ । ਉਨਾਂ ਜ਼ੋਰ ਦੇ ਕੇ ਆਖਿਆ ਹੈ ਕਿ ਇਹ ਸਮਾਂ ਮਰੀਜ਼ਾਂ ਤੋਂ ਮੂੰਹ ਮੋੜ ਕੇ ਭੱਜਣ ਦਾ ਨਹੀਂ ਸਗੋਂ ਉਨਾਂ ਨੂੰ ਹਰ ਤਰਾਂ ਦੇ ਇਲਾਜ ਮੁਹੱਈਆ ਕਰਵਾਉਣ ਦਾ ਹੈ । ਜੇਕਰ ਅੱਜ ਇਸ ਮੁਸ਼ਕਿਲ ਘੜੀ ਅੰਦਰ ਡਾਕਟਰ ਭਾਈਚਾਰਾ ਇਸੇ ਤਰਾਂ ਆਪਣੇ ਫ਼ਰਜ਼ਾਂ ਤੋਂ ਮੁਨਕਰ ਹੁੰਦਿਆਂ ਘਰਾਂ ਵਿੱਚ ਤ੍ਰਾਹ-ਤ੍ਰਾਹ ਕਰ ਰਹੇ ਮਰੀਜ਼ਾਂ ਦੇ ਇਲਾਜ ਲਈ ਅੱਗੇ ਨਹੀਂ ਆਵੇਗਾ ਤਾਂ ਕੱਲ ਨੂੰ ਕੋਈ ਹੱਕ ਨਹੀਂ ਰਹਿ ਜਾਂਦਾ ਕਿ ਉਹ ਹਾਲਾਤ ਸੁਧਰਨ ਤੋਂ ਬਾਅਦ ਸਿਰਫ ਵਪਾਰ ਅਤੇ ਮੁਨਾਫ਼ੇ ਖਾਤਰ ਹੀ ਇਸ ਖੇਤਰ ਵਿੱਚ ਆਪਣੀਆਂ ਸੇਵਾਵਾਂ ਦੇਣ । ਚੰਗਾ ਹੋਵੇ ਸਮੁੱਚੇ ਪ੍ਰਾਈਵੇਟ ਹਸਪਤਾਲ ਅੱਜ ਇਸ ਜੋਖ਼ਮ ਭਰੀ ਸਥਿਤੀ ਦੇ ਨਾਲ ਨਿਪਟਣ ਦੇ ਲਈ ਲੱਖਾਂ ਮਰੀਜ਼ਾਂ ਦੀ ਜਾਨ ਨੂੰ ਧਿਆਨ ਵਿੱਚ ਰੱਖਦਿਆਂ ਬਿਨਾਂ ਝਿਜਕ ਆਪਣੀਆਂ ਸੇਵਾਵਾਂ ਆਪਣੇ ਲੋਕਾਂ ਨੂੰ ਦੇਣ ਤਾਂ ਕਿ ਆਮ ਲੋਕਾਂ ਲਈ ‘ਰੱਬ ਦਾ ਰੂਪ’ ਜਾਣੇ ਜਾਂਦੇ ਡਾਕਟਰ ਭਾਈਚਾਰੇ ‘ਤੇ ਉਨਾਂ ਦਾ ਵਿਸ਼ਵਾਸ ਕਾਇਮ ਰਹੇ ।



# ਭਾਰਤੀ ਲੋਕਤੰਤਰ ਤੇ ਨੇਤਾਵਾਂ ਦਾ ਅਸਲ ਚਿਹਰਾ

**- ਗੁਰਮੀਤ ਸਿੰਘ ਪਲਾਹੀ**

ਹੁਣੇ ਜਿਹੇ ਮੱਧ ਪ੍ਰਦੇਸ਼ ਵਿੱਚ ਜੋ ਕੁਝ ਵਾਪਰਿਆ ਹੈ, ਉਹ ਭਾਰਤੀ ਲੋਕਤੰਤਰ ਉੱਤੇ ਇੱਕ ਧੱਬਾ ਹੈ। ਭਾਰਤੀ ਵੋਟਰਾਂ ਨੂੰ ਪਿੱਠ ਵਿਖਾ ਕੇ, ਵਿਧਾਨ ਸਭਾ ਲਈ ਚੁਣੇ ਹੋਏ ਇਨ੍ਹਾਂ ਪ੍ਰਤੀਨਿਧਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਵੋਟਰਾਂ ਨੂੰ ਵਰਗਲਾ ਕੇ ਉਨ੍ਹਾਂ ਤੋਂ ਵੋਟਾਂ ਲੈ ਕੇ ਉਨ੍ਹਾਂ ਦੇ ਹਿਤ, ਆਪਣੇ ਸਵਾਰਥ ਲਈ ਵਰਤਣਾ ਉਨ੍ਹਾਂ ਦਾ ਹੱਕ ਹੈ। ਇਸੇ ਕਰਕੇ ਉਨ੍ਹਾਂ ਨੇ ਵੋਟਰਾਂ ਦੀ ਰਤਾ-ਮਾਸਾ ਵੀ ਪ੍ਰਵਾਹ ਨਹੀਂ ਕੀਤੀ। 22 ਕਾਂਗਰਸੀ ਵਿਧਾਇਕਾਂ ਨੇ ਵਿਧਾਨ ਸਭਾ ਮੈਂਬਰੀ ਤੋਂ ਅਸਤੀਫ਼ਾ ਦਿੱਤਾ ਅਤੇ ਬਾਅਦ ਵਿੱਚ ਭਾਜਪਾ ਵਿੱਚ ਸ਼ਾਮਲ ਹੋ ਗਏ। ਸਿੱਟੇ ਵਜੋਂ ਕਾਂਗਰਸ ਦੀ ਕਮਲਨਾਥ ਸਰਕਾਰ ਟੁੱਟ ਗਈ ਅਤੇ ਭਾਜਪਾ ਦੇ ਸ਼ਿਵਰਾਜ ਚੌਥੀ ਵਾਰ ਮੁੱਖ ਮੰਤਰੀ ਬਣ ਗਏ। ਭਾਜਪਾ ਦੇਸ਼ ਭਰ ਵਿੱਚ 17 ਸੂਬਿਆਂ ਵਿੱਚ ਸਰਕਾਰ ਚਲਾ ਰਹੀ ਹੈ।

ਃਃਭਾਵੇਂ ਪਾਸਾ ਬਦਲ ਕੇ ਆਇਆ ਰਾਮ, ਗਿਆ ਰਾਮ ਦੀ ਸਿਆਸਤ ਕਰਨਾ ਕੋਈ ਨਵੀਂ ਗੱਲ ਨਹੀਂ ਹੈ ਕੀ ਚੁਣੇ ਹੋਏ ਵਿਧਾਇਕਾਂ ਵੱਲੋਂ ਅਸੂਲਾਂ ਨਾਲੋਂ ਵੱਧ ਆਪਣੇ ਨਿੱਜੀ ਸੁਖ-ਸਾਧਨਾਂ, ਸੱਤਾ ਅਤੇ ਧਨ ਨੂੰ ਇਸ ਕੋਰੋਨਾ ਵਾਇਰਸ ਦੇ ਦੌਰ ਵਿੱਚ ਵੱਧ ਅਹਿਮੀਅਤ ਦੇਣਾ, ਕੀ ਸ਼ੋਭਾ ਦਿੰਦਾ ਹੈ ? ਰਾਸ਼ਟਰ ਹਿਤ ਦੀਆਂ ਗੱਲਾਂ ਕਰਨ ਵਾਲੇ ਰਾਸ਼ਟਰੀ ਹਾਕਮਾਂ ਵੱਲੋਂ ਇਸ ਆਫ਼ਤ ਸਮੇਂ ਮੱਧ ਪ੍ਰਦੇਸ਼ ਵਿੱਚ ਸੱਤਾ ਸੰਭਾਲ ਰਹੇ ਦਲ ਨੂੰ ਅਸਥਿਰ ਕਰਨ ਲਈ ਸਮਾਂ, ਊਰਜਾ ਅਤੇ ਸਾਧਨ ਝੋਕਣਾ, ਕੀ ਉਨ੍ਹਾਂ ਦੀ ਭੈੜੀ, ਭੱਦੀ ਦੂਸ਼ਿਤ ਸੋਚ-ਸਮਝ ਨਹੀਂ ਦਰਸਾਉਂਦਾ ? ਅੱਜ ਜਦੋਂ ਕਿ ਸਾਰੇ ਦਲਾਂ, ਪਾਰਟੀਆਂ, ਗਰੁੱਪਾਂ ਨੂੰ ਇੱਕਮੁੱਠ ਹੋ ਕੇ ਆਫ਼ਤ ਦਾ ਮੁਕਾਬਲਾ ਕਰਨ ਦੀ ਲੋੜ ਹੈ, ਉਸ ਸਮੇਂ ਇਹੋ ਜਿਹਾ ਦੁਫੇੜ ਪਾਉਣਾ, ਗੱਦੀਆਂ ਦੀ ਰੱਦੋ-ਬਦਲ ਕਰਨਾ ਅਤੇ ਕਰਵਾਉਣਾ, ਕੀ ਕਿਸੇ ਤਰ੍ਹਾਂ ਵੀ ਜਾਇਜ਼ ਗਿਣਿਆ ਜਾ ਸਕਦਾ ਹੈ ? ਬਿਨਾਂ ਸ਼ੱਕ ਕਾਂਗਰਸ ਨੇ ਸੱਤਾ ਵਿੱਚ ਰਹਿੰਦਿਆਂ ਰਾਜ ਸਰਕਾਰਾਂ ਨੂੰ ਅਸਥਿਰ ਕੀਤਾ, ਪਰ ਮੋਦੀ-ਸ਼ਾਹ ਦੇ ਸ਼ਾਸਨ ਨੇ ਅਸਥਿਰ ਕਰਨ ਦੀ ਪ੍ਰਕਿਰਿਆ ਨੂੰ ਅੱਗੇ ਵਧਾਇਆ ਹੈ। ਅਸਲ ਵਿੱਚ ਭਾਰਤੀ ਸਿਆਸਤਦਾਨਾਂ ਵਿੱਚ ਸਿਧਾਂਤਾਂ ਦੀ ਕਮੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਸਿਧਾਂਤਾਂ ਦੀ ਕਮੀ ਨੇ ਸਮੁੱਚੀ ਲੋਕਤੰਤਰੀ ਪ੍ਰਕਿਰਿਆ ਵਿੱਚ ਇਹੋ ਜਿਹੇ ਕਿੱਲ ਗੱਡੇ ਹਨ, ਜਿਨ੍ਹਾਂ ਨਾਲ ਲੋਕਤੰਤਰ ਦੂਸ਼ਿਤ ਹੋਇਆ ਹੈ। ਸਿਆਸਤ ਵਿੱਚ ਭਾਈ-ਭਤੀਜਾਵਾਦ, ਧਨ-ਦੌਲਤ ਦੀ ਵਰਤੋਂ, ਅਸੂਲਾਂ ਤੋਂ ਕਿਨਾਰਾ ਕਰਨ ਦਾ ਜੋ ਦੌਰ ਇਸ ਵੇਲੇ ਚੱਲਿਆ ਹੋਇਆ ਹੈ, ਉਸ ਨੇ ਭਾਰਤੀ ਸਮਾਜ ਵਿੱਚ ਲੁੱਟ-ਖਸੁੱਟ ਦਾ ਮਾਹੌਲ ਬਣਾ ਦਿੱਤਾ ਹੈ। ਸਿਆਸਤਦਾਨਾਂ ਵੱਲੋਂ ਭੂ-ਮਾਫ਼ੀਆ, ਨਸ਼ਾ-ਮਾਫ਼ੀਆ, ਗੁੰਡਾ ਅਨਸਰਾਂ ਨਾਲ ਰਲ ਕੇ ਸੱਤਾ ਹਥਿਆਉਣ ਦੇ ਕਰਮ ਵਿੱਚ ਅਪਰਾਧੀ ਲੋਕਾਂ ਨੇ ਸਿਆਸਤ-ਸੁਖ ਪ੍ਰਾਪਤ ਕਰਨ ਲਈ ਸਿਆਸਤ ਵਿੱਚ ਦਾਖ਼ਲਾ ਲੈ ਲਿਆ ਹੈ। ਵੱਡੀ ਗਿਣਤੀ ਵਿੱਚ ਅਪਰਾਧੀ ਕਿਰਦਾਰ ਵਾਲੇ ਲੋਕ ਲੋਕ ਸਭਾ, ਵਿਧਾਨ ਸਭਾਵਾਂ/ ਪ੍ਰੀਸ਼ਦਾਂ, ਪੰਚਾਇਤੀ ਸੰਸਥਾਵਾਂ ਵਿੱਚ ਦਾਖ਼ਲ ਹੋ ਚੁੱਕੇ ਹਨ, ਜੋ ਲੋਕਤੰਤਰੀ ਕਦਰ-ਕੀਮਤਾਂ ਦਾ ਘਾਣ ਕਰਨ ਉੱਤੇ ਤੁਲੇ ਹੋਏ ਹਨ। ਭਾਰਤੀ ਸਿਆਸਤਦਾਨਾਂ ਵੱਲੋਂ ਭਾਈ-ਭਤੀਜਾਵਾਦ ਤੋਂ ਬਾਅਦ ਹਰ ਹੀਲੇ ਸੱਤਾ ਉੱਤੇ ਕਾਬਜ਼ ਹੋਣ ਤੇ ਗੱਦੀ ਤੇ ਸਥਾਪਤ ਰਹਿਣ ਅਤੇ ਡਿਕਟੇਟਰਾਨਾ ਰੁਚੀਆਂ ਨਾਲ ਰਾਜ-ਭਾਗ ਚਲਾਉਣ ਵਿੱਚ ਵਾਧਾ ਹੋ ਰਿਹਾ ਹੈ। ਵਿਰੋਧੀ ਖੇਮੇ ਵਿੱਚੋਂ ਨੇਤਾਵਾਂ ਨੂੰ ਪੁੱਟਣਾ, ਇਸ ਕਰਮ ਵਿੱਚ ਵੱਡੇ ਸਿਆਸੀ ਨੇਤਾਵਾਂ ਉੱਤੇ ਘਪਲਿਆਂ/ਘੁਟਾਲਿਆਂ ਦੇ ਕੇਸ ਦਰਜ ਕਰਨੇ ਅਤੇ ਆਪਣੀ ਪਾਰਟੀ ਵਿੱਚ ਸ਼ਾਮਲ ਵੇਲੇ ਉਨ੍ਹਾਂ ਨੂੰ ਇਨ੍ਹਾਂ ਘਪਲਿਆ ਵਿੱਚ ਕਲੀਨ ਚਿੱਟ ਦੇਣਾ, ਆਮ ਜਿਹਾ ਵਰਤਾਰਾ ਹੋ ਗਿਆ ਹੈ। ਜੋਤੀਰਾਦਿੱਤਿਆ ਸਿੰਧੀਆ ਵੱਲੋਂ ਮੱਧ ਪ੍ਰਦੇਸ਼ ਵਿੱਚ 22 ਵਿਧਾਇਕਾਂ ਨੂੰ ਆਪਣੇ ਨਾਲ ਭਾਜਪਾ ਵਿੱਚ ਸ਼ਾਮਲ ਕਰਨ ਤੋਂ ਬਾਅਦ, ਮੱਧ ਪ੍ਰਦੇਸ਼ ਦੀ ਆਰਥਿਕ ਅਪਰਾਧਾ ਸ਼ਾਖਾ ਨੇ ਸਿੰਧੀਆਂ ਵਿਰੁੱਧ ਚੱਲ ਰਹੇ ਜਾਲ੍ਹਸਾਜ਼ੀ ਮਾਮਲਿਆਂ ਨੂੰ ਖ਼ਤਮ ਕਰ ਦਿੱਤਾ ਹੈ। ਉਨ੍ਹਾਂ ਉੱਤੇ ਮਹਿਲ ਪਿੰਡ ਵਿੱਚ 6000 ਵਰਗ ਫੁੱਟ ਦੀ ਜ਼ਮੀਨ ਝੂਠੇ ਦਸਤਾਵੇਜ਼ ਤਿਆਰ ਕਰਕੇ ਵੇਚਣ ਦਾ ਦੋਸ਼ ਸੀ। ਘਰ ਸੱਤਾ ਦੀ ਇਸ ਊਠਕ-ਬੈਠਕ ਵਿੱਚ ਸਿੰਧੀਆ ਭਾਜਪਾ ਸਰਕਾਰ ਵੱਲੋਂ ਦੁੱਧ-ਧੋਤਾ ਕਰਾਰ ਦੇ ਦਿੱਤਾ ਗਿਆ। ਲੋਕਤੰਤਰ ਦੀ ਕਿਹੜੀ ਇਹੋ ਜਿਹੀ ਪਾਠਸ਼ਾਲਾ ਹੈ, ਜਿਹੜੀ ਇਸ ਕਿਸਮ ਦਾ ਪਾਠ ਪੜ੍ਹਾਉਂਦੀ ਹੈ। ਅਸਲ ਵਿੱਚ ਤਾਂ ਹਾਕਮਾਂ ਨੇ ਈ ਡੀ ਸੀ ਬੀ ਆਈ ਅਤੇ ਇੱਥੋਂ ਤੱਕ ਕਿ ਚੋਣ ਕਮਿਸ਼ਨ ਨੂੰ ਵੀ ਪ੍ਰਭਾਵਤ ਕਰਕੇ ਆਪਣੇ ਅਨੁਸਾਰ ਕੰਮ ਕਰਨ ਲਈ ਮਜਬੂਰ ਕੀਤਾ ਹੋਇਆ ਹੈ।

ਭਾਰਤੀ ਸਰਵਜਨਕ ਸੰਸਥਾਵਾਂ ਜਿਨ੍ਹਾਂ ਵਿੱਚ ਸੀ ਬੀ ਆਈ, ਪੁਲਸ, ਰਿਜ਼ਰਵ ਬੈਂਕ, ਈ ਡੀ ਚੋਣ ਕਮਿਸ਼ਨ ਸ਼ਾਮਲ ਹੈ, ਦੀ ਹੋਂਦ ਸ਼ੁਰੂ ਤੋਂ ਹੀ ਅੱਡ ਨਹੀਂ ਸੀ, ਇਹ ਸੰਸਥਾਵਾਂ ਮੌਕੇ ਦੇ ਹਾਕਮਾਂ ਦੇ ਹੁਕਮਾਂ ਦੀ ਪਾਲਣਾ ਕਰਨ ਨੂੰ ਪਹਿਲ ਦਿੰਦੀਆਂ ਰਹੀਆਂ ਹਨ, ਪਰ ਉਨ੍ਹਾਂ ਦੀ ਸਮਰਥਾ ਅਤੇ ਭਰੋਸੇਯੋਗਤਾ ਵਿੱਚ ਇਹਨਾਂ ਦਿਨਾਂ ਵੱਡੀ ਗਿਰਾਵਟ ਆਈ ਹੈ। ਸਾਲ 1984 ਵਿੱਚ ਦਿੱਲੀ ਵਿੱਚ ਸਿੱਖਾਂ ਦੀ ਵਿਰੁੱਧ ਹੋਈ ਹਿੰਸਾ ਨੂੰ ਰੋਕਿਆ ਜਾ ਸਕਦਾ ਸੀ ਜੇਕਰ ਮੌਕੇ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਗ੍ਰਹਿ ਮੰਤਰੀ ਨਰਸਿਮਹਾ ਰਾ ? ਨੇ ਮੌਕੇ ਦੀ ਪੁਲਸ ਅਤੇ ਅਰਧ ਸੈਨਿਕ ਬਲਾਂ ਨੂੰ ਕੰਟਰੋਲ ਕਰਨ ਲਈ ਸੱਦਿਆ ਹੁੰਦਾ। ਪੱਛਮੀ ਬੰਗਾਲ ਵਿੱਚ ਮੌਕੇ ਦੇ ਹਾਕਮਾਂ ਨੇ ਪੁਲਸ ਨੂੰ ਹੁਕਮ ਦਿੱਤਾ ਸੀ ਕਿ ਸਿੱਖਾਂ ਨੂੰ ਸੁਰੱਖਿਅਤ ਰੱਖਿਆ ਜਾਵੇ, ਇਸ ਕਰਕੇ ਕਲਕੱਤਾ ਸਮੇਤ ਪੱਛਮੀ ਬੰਗਾਲ ਵਿੱਚ ਸ਼ਾਇਦ ਹੀ ਕੋਈ ਘਟਨਾ ਵਾਪਰੀ ਹੋਵੇ।

ਪੁਲਸ ਨੇ ਜਾਮੀਆ ਮਿਲੀਆ ਅਤੇ ਜਵਾਹਰ ਲਾਲ ਯੂਨੀਵਰਸਿਟੀ ਵਿੱਚ ਇਸੇ ਤੇ ਪਿਛਲੇ ਵਰ੍ਹੇ ਜ਼ਿਆਦਤੀਆਂ ਕੀਤੀਆਂ ਅਤੇ ਫਰਵਰੀ ਦੇ ਦਿੱਲੀ ਦੰਗਿਆਂ ਵਿੱਚ ਪੁਲਸ ਨੇ ਮੂਕ ਦਰਸ਼ਕ ਦੀ ਜੋ ਭੂਮਿਕਾ ਨਿਭਾਈ, ਉਸ ਨੇ ਕਈ ਸਵਾਲ ਖੜ੍ਹੇ ਕੀਤੇ ਹਨ। ਇਹ ਇੱਕ ਸੱਚਾਈ ਹੈ ਕਿ ਵੱਡੇ ਦੰਗੇ ਤਦੇ ਭੜਕਦੇ ਹਨ, ਜਦੋਂ ਸਿਆਸੀ ਨੇਤਾ ਜਾਂ ਤਾਂ ਉਨ੍ਹਾਂ ਨੂੰ ਰੋਕਣ ਵਿੱਚ ਅਸਮਰਥ ਹੋਣ ਜਾਂ ਫਿਰ ਦੰਗੇ ਰੋਕਣੇ ਨਾ ਚਾਹੁੰਦੇ ਹੋਣ।

ਦਿੱਲੀ ਦੰਗਿਆਂ ਸੰਬੰਧੀ ਅਜ਼ਾਦਾਨਾ ਪੱਤਰਕਾਰਾਂ ਦੀ ਰਿਪੋਰਟ ਕਹਿੰਦੀ ਹੈ ਕਿ ਭਾਜਪਾ ਨੇਤਾ ਖੁੱਲ੍ਹੇਆਮ ਮੁਸਲਮਾਨਾਂ ਨੂੰ ਲਲਕਾਰ ਰਹੇ ਸਨ, ਪਰ ਦਿੱਲੀ ਪੁਲਸ, ਜੋ ਕੇਂਦਰੀ ਸਰਕਾਰ ਦੇ ਅਧੀਨ ਕੰਮ ਕਰਦੀ ਹੈ, ਨੇ ਕੋਈ ਵੀ ਕਾਰਵਾਈ ਨਾ ਕੀਤੀ। ਜਦੋਂ ਇਹ ਹਮਲੇ ਸ਼ੁਰੂ ਹੋਏ ਤਾਂ ਪੁਲਸ ਬੱਸ ਦੇਖਦੀ ਰਹੀ। ਪ੍ਰੰਤੂ ਜਦੋਂ ਪੁਲਸ ਨੂੰ ਕਾਰਵਾਈ ਕਰਨ ਲਈ ਮਜਬੂਰ ਕੀਤਾ ਗਿਆ, ਤਦ ਵੀ ਉਸ ਵੱਲੋਂ ਇੱਕ ਸੁਰੱਖਿਆ ਬਲ ਵਜੋਂ ਕੰਮ ਨਹੀਂ ਕੀਤਾ, ਜੋ ਤੁਰੰਤ ਅਤੇ ਨਿਰਪੱਖ ਕੰਮ ਕਰਨਾ ਚਾਹੁੰਦਾ ਹੋਵੇ। ਦਿੱਲੀ ਪੁਲਸ ਦੀਆਂ ਸੀ ਸੀ ਟੀ ਵੀ ਕੈਮਰਿਆਂ ਨੂੰ ਤੋੜਨ ਦੀਆਂ ਫੋਟੋਆਂ ਇਸ ਗੱਲ ਦਾ ਸਬੂਤ ਹਨ ਕਿ ਪੁਲਸ ਦੀ ਭੂਮਿਕਾ ਨਿਰਪੱਖ ਨਹੀਂ ਸੀ। ਅਹਿਮਦਾਬਾਦ ਵਿੱਚ 1969 ਅਤੇ 2002 ਦੇ ਦੰਗਿਆਂ ਵਿੱਚ, ਮੁਜ਼ੱਫਰਪੁਰ ਵਿੱਚ 2003 ਵਿੱਚ, ਮੁੰਬਈ ਵਿੱਚ 1992-93 ਵਿੱਚ, ਭਾਗਲਪੁਰ ਵਿੱਚ 1989 ਵਿੱਚ ਹੋਏ ਦੰਗਿਆਂ ਵਿੱਚ ਉਹ ਕੁਝ ਹੀ ਹੋਇਆ-ਵਾਪਰਿਆ, ਜੋ ਇਸ ਵਰ੍ਹੇ ਦਿੱਲੀ ਵਿੱਚ ਵੇਖਣ ਨੂੰ ਮਿਲਿਆ। ਇਨ੍ਹਾਂ ਦੰਗਿਆਂ ਵਿੱਚ ਮੁਸਲਮਾਨ ਦੇ ਜੀਵਨ, ਜਾਇਦਾਦ ਅਤੇ ਰੁਜ਼ਗਾਰ ਨੂੰ ਹਿੰਦੂਆਂ ਦੇ ਮੁਕਾਬਲੇ ਜ਼ਿਆਦਾ ਤਬਾਹੀ ਦਾ ਸਾਹਮਣਾ ਪੁਲਸ ਦੀ ਲਾਪਰਵਾਹੀ, ਅਣਦੇਖੀ ਕਾਰਨ ਕਰਨਾ ਪਿਆ, ਜਦਕਿ ਕਸ਼ਮੀਰ ਵਿੱਚ 1989-50 ਵਿੱਚ ਹਿੰਦੂਆਂ ਨੂੰ ਮੁਸਲਮਾਨਾਂ ਦੇ ਹੱਥੋਂ ਬੁਰੀ ਤਰ੍ਹਾਂ ਪੀੜਤ ਹੋਣਾ ਪਿਆ, ਹਾਲਾਂਕਿ ਹਿੰਦੂਆਂ-ਮੁਸਲਮਾਨਾਂ ਵਿੱਚ ਇੱਥੇ ਗੰਭੀਰ ਸੰਘਰਸ਼ ਵੀ ਵੇਖਣ ਨੂੰ ਮਿਲਿਆ ਸੀ। ਅਸਲ ਵਿੱਚ ਇਸ ਸਭ ਕੁਝ ਨਾਲ ਭਾਰਤੀ ਲੋਕਤੰਤਰ ਨੂੰ ਸਮੇਂ-ਸਮੇਂ ਸ਼ਰਮਿੰਦਗੀ ਉਠਾਉਣੀ ਪਈ ਅਤੇ ਇਨ੍ਹਾਂ ਦਿਨਾਂ ਵਿੱਚ ਜਦੋਂ ਅਮਰੀਕੀ ਰਾਸ਼ਟਰਪਤੀ ਟਰੰਪ ਭਾਰਤ ਦੇ ਦੌਰੇ ਉੱਤੇ ਸੀ, ਦਿੱਲੀ ਵਿੱਚ ਦੰਗੇ ਹੋਏ, ਪੂਰੇ ਵਿਸ਼ਵ ਵਿੱਚ ਇਸਦੀਆਂ ਰਿਪੋਰਟਾਂ ਛਪੀਆਂ ਅਤੇ ਦੇਸ਼ ਦੀ ਸਭ ਤੋਂ ਮਜ਼ਬੂਤ ਦਿੱਲੀ ਪੁਲਸ ਦੇ ਕੀਤੇ ਕਾਰਨਾਮੇ ਚਰਚਾ ਵਿੱਚ ਆਏ। ਨਾਗਰਿਕਤਾ ਸੋਧ ਬਿੱਲ ਵਿੱਚ ਮੁਸਲਮਾਨਾਂ ਦਾ ਨਾਂਅ ਨਾ ਸ਼ਾਮਲ ਕਰਨ ਕਾਰਨ, ਭਾਰਤੀ ਹਾਕਮਾਂ ਦਾ ਅਕਸ ਬਹੁ-ਸੰਖਿਅਕਾਂ ਵੱਲੋਂ ਘੱਟ ਗਿਣਤੀਆਂ ਨੂੰ ਦਬਾਉਣ ਵਾਲਿਆਂ ਵਜੋਂ ਪੇਸ਼ ਹੋਇਆ। ਇਸ ਸਭ ਕੁਝ ਨੇ ਭਾਰਤੀ ਲੋਕਤੰਤਰਿਕ ਪ੍ਰਣਾਲੀ ਦੇ ਕੰਮ ਕਾਰ ਅਤੇ ਅੰਦਰਲੀ ਸੱਚਾਈ ਲੋਕਾਂ ਸਾਹਮਣੇ ਲਿਆਂਦੀ, ਜਿਸ ਨਾਲ ਭਾਰਤੀ ਲੋਕਤੰਤਰ ਦੇ ਅਪੂਰਨ ਹੋਣ ਉੱਤੇ ਮੋਹਰ ਲੱਗੀ ਹੈ।

ਬਾਕੀ ਸਫ਼ਾ 29 'ਤੇ

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- **Excellent Payment**
- **Easy Aboard ELD Logbook**



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

**3096 Farrar Ave Modesto, CA 95354**

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਕੌਮਾਂਤਰੀ ਸਿੱਖ ਭਾਈਚਾਰੇ ਵਲੋਂ ਕੋਵਿਡ-19 ਸੰਕਟ ਸਮੇਂ ਨਿਭਾਈ ਜਾ ਰਹੀ ਅਹਿਮ ਭੂਮਿਕਾ

**- ਡਾ. ਗੁਰਵਿੰਦਰ ਸਿੰਘ**

ਕੈਨੇਡਾ ਵਿੱਚ ਵੀ ਜਿਥੇ ਕੋਵਿਡ - 19 ਦੇ ਖਤਰਨਾਕ ਪ੍ਰਭਾਵ ਲਗਾਤਾਰ ਵਧ ਰਹੇ ਹਨ, ਉਥੇ ਬ੍ਰਿਟਿਸ਼ ਕੋਲੰਬੀਆ ਸਮੇਤ ਕਈ ਸੂਬਿਆਂ ਨੇ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ। ਲੋਕ ਵਾਇਰਸ ਦੇ ਡਰੋਂ ਘਰਾਂ ਵਿਚੋਂ ਬਾਹਰ ਨਹੀਂ ਨਿਕਲ ਰਹੇ ਅਤੇ ਹਾਲਾਤ ਹੋਰ ਵਿਗੜਨ ਦੇ ਫਿਕਰ ਵਿਚ ਉਹ ਗੁੰਮਰਾਹ ਵੀ ਹੋ ਰਹੇ ਹਨ ਜਿਵੇਂ ਕਿ ਕੁਝ ਘਬਰਾਏ ਲੋਕ ਸਟੋਰਾਂ ਤੋਂ ਭਾਰੀ ਰਾਸ਼ਨ ਲਿਆ ਕੇ ਘਰੀਂ ਜਮਾਂ ਕਰ ਰਹੇ ਹਨ, ਜਦਕਿ ਹੋਰਨਾਂ ਨੂੰ ਭੋਜਨ ਪਦਾਰਥਾਂ ਦੀ ਘਾਟ ਕਾਰਨ ਤੰਗੀ ਆ ਰਹੀ ਹੈ। ਕੁਝ ਲਾਲਚੀ ਲੋਕ ਸਟੋਰਾਂ 'ਤੇ ਸਮਾਨ ਮਹਿੰਗਾ ਵੇਚ ਕੇ ਬਦਨਾਮੀ ਖੱਟ ਰਹੇ ਹਨ, ਜਦਕਿ ਇਹ ਗੈਰ-ਕਾਨੂੰਨੀ ਵਰਤਾਰਾ ਹੈ।

ਦੂਸਰੇ ਪਾਸੇ ਕੈਨੇਡਾ ਦੀਆਂ ਸਿੱਖ ਨੌਜਵਾਨ ਸੰਸਥਾਵਾਂ ਨੇ ਅਜਿਹੇ ਸੰਕਟਮਈ ਸਮੇਂ ਮਨੁੱਖਤਾ ਦੀ ਸੇਵਾ ਦਾ ਜਿਹੜਾ ਰਾਹ ਅਪਨਾਇਆ ਹੈ, ਉਸ ਚੰਗੇ ਪੱਖ ਨੂੰ ਬਹੁਤ ਘੱਟ ਪ੍ਰਚਾਰਿਆ ਜਾ ਰਿਹਾ ਹੈ। ਗੱਲ ਸਰੀ ਤੋਂ ਸ਼ੁਰੂ ਕਰਦੇ ਹਾਂ ਜਿਥੇ ਬ੍ਰਿਟਿਸ਼ ਕੋਲੰਬੀਆਂ ਸਿੱਖਜ਼ ਅਤੇ ਸੈਫ(ਸਿੱਖ ਅਵੇਅਰਨੈੱਸ ਫਾਊਂਡੇਸ਼ਨ) ਇੰਟਰਨੈਸ਼ਨਲ ਵੱਲੋਂ 'ਨੋ ਹੰਗਰੀ ਟਮੀਂ' ਭਾਵ ਕੋਈ ਪੇਟ ਭੁੱਖਾ ਨਹੀਂ ਰਹੇਗਾ, ਮੁਹਿੰਮ ਚੱਲ ਰਹੀ ਹੈ। ਜਿਸ ਰਾਹੀ ਕੈਨੇਡਾ ਦੇ ਸੈਂਕੜੇ ਸਿੱਖ ਬੱਚੇ-ਬੱਚੀਆਂ ਸਿਹਤ ਨਿਯਮਾਂ ਦਾ ਖਿਆਲ ਰੱਖਦੇ ਹੋਏ, ਲੋੜਵੰਦ ਲੋਕਾਂ ਨੂੰ ਭੋਜਨ ਪਦਾਰਥ ਪਹੁੰਚਾ ਰਹੇ ਹਨ। ਲੋਅਰ- ਮੇਨਲੈਂਡ ਦੇ ਵੱਖ- ਵੱਖ ਸ਼ਹਿਰਾਂ ਵਿਚ ਘਰੋਂ - ਘਰੀ ਜਾ ਕੇ ਸੇਵਾ ਕਰਨ ਵਾਲੇ ਇਹ ਵਲੰਟੀਅਰ, ਬਗੈਰ ਕਿਸੇ ਭਿੰਨ - ਭੇਦ ਦੇ, ਹਰੇਕ ਰੰਗ - ਨਸਲ ਤੇ ਫਿਰਕੇ ਨਾਲ ਸੰਬੰਧਿਤ ਪਰਿਵਾਰਾਂ ਦੀ ਸੇਵਾ ਕਰ ਰਹੇ ਹਨ। ਉਂਞ ਇਹ ਸੰਸਥਾਵਾਂ ਲੰਮੇ ਅਰਸੇ ਤੋਂ , ਕੈਨੇਡਾ ਤੋਂ ਇਲਾਵਾ ਭਾਰਤ ਵਿਚ ਵੀ ਬੱਚਿਆਂ ਲਈ ਵੱਖ-ਵੱਖ ਸੇਵਾਵਾਂ ਨਿਭਾ ਰਹੀਆਂ ਹਨ। ਅੱਜ ਦੇ ਔਖੇ ਵੇਲੇ ਕੈਨੇਡਾ ਵਸਦੇ ਭਾਈਚਾਰੇ ਲਈ ਸਤਿਕਾਰ ਦੇ ਪਾਤਰ ਬਣਨ ਵਾਲੇ ਅਜਿਹੇ ਸੇਵਾਦਾਰਾਂ ਦੀ ਗਿਣਤੀ ਬਹੁਤ ਵੱਡੀ ਹੈ। ਇਨਾਂ ਵਿੱਚ ਰੈਸਟੋਰੈਂਟ ਵੱਲੋਂ 'ਫ੍ਰੀ ਟਿਫਨ' ਦੇ ਨਾਂ ਹੇਠ ਲੋੜਵੰਦ ਪਰਿਵਾਰਾਂ, ਖਾਸ ਕਰਕੇ ਕੈਨੇਡਾ ਵਿਚ ਪੜਨ ਆਏ ਅੰਤਰ - ਰਾਸ਼ਟਰੀ ਵਿਦਿਆਰਥੀਆਂ ਲਈ ਸੇਵਾ ਚਲਾਈ ਜਾ ਰਹੀ ਹੈ, ਜਿਥੇ ਖਾਲੀ ਟਿਫ਼ਨ ਤਾਜ਼ਾ ਭੋਜਨ ਦੇ ਭਰ ਕੇ ਅਤੇ ਲੋੜ ਪੈਣ 'ਤੇ ਘਰਾਂ ਵਿਚ ਵੀ ਪਹੁੰਚਦੇ ਕਰਕੇ , ਇਹ ਸੇਵਾਦਾਰ ਸਮੁੱਚੇ ਸਿੱਖ ਭਾਈਚਾਰੇ ਦਾ ਨਾਂ ਰੌਸ਼ਨ ਕਰ ਰਹੇ ਹਨ। ਇਉਂ ਹੀ ਕੈਨੇਡਾ ਦੇ ਹੋਰਨਾਂ ਪ੍ਰਮੁੱਖ ਸ਼ਹਿਰਾਂ ਵਿੱਚ ਵੀ ਸੈਂਕੜੇ ਹੀ ਅਜਿਹੇ ਨਿਸ਼ਕਾਮ ਸੇਵਾਦਾਰ ਸਰਗਰਮ ਹਨ, ਜਿਹੜੇ ਕੋਵਿੰਡ -19 ਦੇ ਸੰਕਟਮਈ ਹਾਲਾਤ ਵਿੱਚ ਇਤਿਹਾਸਕ ਭੂਮਿਕਾ ਨਿਭਾ ਰਹੇ ਹਨ।

ਕੈਨੇਡਾ ਵਿਚ ਖਾਲਸਾ ਸਾਜਨਾ ਦਿਹਾੜੇ 'ਤੇ ਸਜਾਏ ਜਾਂਦੇ ਨਗਰ ਕੀਰਤਨ ਮੌਜੂਦ ਹਾਲਾਤ ਵਿੱਚ ਮੁਲਤਵੀ ਕਰ ਦਿੱਤੇ ਗਏ ਹਨ, ਤਾਂ ਕਿ ਕੋਵਿਡ- 19 ਮਹਾਂਮਾਰੀ ਨੂੰ ਹੋਰ ਫੈਲਣ ਤੋਂ ਰੋਕਿਆ ਜਾਵੇ।

ਦੂਜੇ ਪਾਸੇ ਗੁਰਦੁਆਰਾ ਸੰਸਥਾਵਾਂ ਦੇ ਪ੍ਰਬੰਧਕਾਂ ਵੱਲੋਂ ਨਗਰ ਕੀਰਤਨਾਂ ਵਿਚ ਲਗਾਏ ਜਾਂਦੇ ਭੋਜਨ ਸਟਾਲਾਂ ਦੀ ਥਾਂ, ਹੁਣ ਲੋੜਵੰਦ ਲੋਕਾਂ ਨੂੰ ਸੇਵਾਵਾਂ ਦੇਣ ਦੇ ਉਪਰਾਲੇ ਹੋ ਰਹੇ ਹਨ, ਜੋ ਕਿ ਸ਼ਲਾਘਾਯੋਗ ਹਨ। ਬ੍ਰਿਟਿਸ਼ ਕੋਲੰਬੀਆਂ ਗੁਰਦੁਆਰਾ ਕੌਂਸਲ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਗੁਰੂ ਦਾ ਲੰਗਰ ਜ਼ਰੂਰਤਮੰਦਾਂ ਨੂੰ ਉਨਾਂ ਦੇ ਘਰਾਂ ਵਿੱਚ ਪਹੁੰਚਦਾ ਕੀਤਾ ਜਾਵੇਗਾ। ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਡੈਲਟਾ ਵਲੋਂ ਸਰਬੱਤ ਲਈ ਸਰਬਪੱਖੀ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਵਿਸ਼ੇਸ਼ ਕਰਕੇ ਇੰਟਰਨੈਸ਼ਨਲ ਵਿਦਿਆਰਥੀਆਂ ਦੀ ਮੁਸ਼ਕਲ ਦੀ ਘੜੀ ਬਾਂਹ ਫੜਨ ਲਈ ਜਿਵੇਂ ਗੁਰਦੁਆਰਾ ਸੰਸਥਾਵਾਂ ਭੂਮਿਕਾ ਨਿਭਾ ਰਹੀਆਂ ਹਨ, ਉਹ ਬਿਆਨ ਕਰਨਾ ਕਹਿਣ ਤੋਂ ਬਾਹਰ ਹੈ। ਗੁਰਦੁਆਰਾ ਦੁੱਖ ਨਿਵਾਰਨ ਸਰੀ ਵਿਖੇ ਵੀ ਸੇਵਾਦਾਰਾਂ ਅਤੇ ਕਾਰੋਬਾਰੀ ਵਿਅਕਤੀਆਂ ਨੇ ਮਿਲ ਕੇ ਬੇਅੰਤ ਨਿਸ਼ਕਾਮ ਸੇਵਾ ਦੇ ਕਾਰਜ ਆਰੰਭ ਕਰ ਦਿੱਤੇ ਹਨ। ਲੋੜਵੰਦ ਵਿਦਿਆਰਥੀਆਂ ਲਈ ਰੋਟੀ- ਕੱਪੜਾ ਕਈ ਮਹੀਨਿਆਂ ਤੱਕ ਮੁਹੱਈਆ ਕਰਨਾ ਅਤੇ ਮਾਲੀ ਮਦਦ ਵੀ ਕਰਨਾ ਉਨਾਂ ਉਪਰਾਲਿਆਂ ਵਿਚੋਂ ਕੁਝ ਹਨ, ਜਿਹੜੇ ਕੈਨੇਡਾ ਦੇ ਕਈ ਸ਼ਹਿਰਾਂ ਵਿਚ ਜ਼ੋਰਾਂ ਤੇ ਹਨ। ਪਰ ਅਫਸੋਸ ਇਹ ਹੈ ਕਿ ਕਰੋਨਾ ਵਾਇਰਸ ਦੇ ਫੈਲਣ 'ਤੇ ਕਈ ਵਿਅਕਤੀ ਗੁਰਦੁਆਰਿਆਂ ਦੇ ਸ਼ਰਧਾ ਪੱਖ ਨੂੰ ਅਲੋਚਨਾ ਦੇ ਘੇਰੇ ਵਿਚ ਲਿਆ ਕੇ ਨਿੰਦਣਾ ਸ਼ੁਰੂ ਕਰ ਦਿੰਦੇ ਹਨ, ਜਦਕਿ ਗੁਰਦੁਆਰਿਆਂ ਵਲੋਂ ਅੱਜ ਸਮਾਜਿਕ ਤੇ ਭਾਈਚਾਰਕ ਕਾਰਜਾਂ ਵਿਚ ਨਿਭਾਈਆਂ ਜਾ ਰਹੀਆਂ ਸੇਵਾਵਾਂ ਨੂੰ ਜਾਣ-ਬੁੱਝ ਕੇ ਛੁਟਿਆਉਂਦੇ ਹਨ।

ਕੌਮਾਂਤਰੀ ਪੱਧਰ ਤੇ 'ਖਾਲਸਾ ਏਡ' ਸੰਸਥਾਂ ਨੇ ਜਿਥੇ ਹੱਦਾਂ ਸਰਹੱਦਾਂ ਤੋਂ ਪਾਰ, ਵੱਖ ਵੱਖ ਦੇਸ਼ਾਂ ਵਿਚ ਹਰ ਮੁਸ਼ਕਲ ਘੜੀ ਵਿਚ ਮੋਹਰੀ ਭੂਮਿਕਾ ਨਿਭਾਈ ਹੈ ਤੇ ਅੱਜ ਵੀ ਨਿਭਾ ਰਹੇ ਹਨ, ਉਸੇ ਸਥਾਨਕ ਪੱਧਰ ਤੇ ਵੀ ਭਾਈਚਾਰਾ ਸਿੱਖ ਕੌਮ ਤੇ 'ਕਿਰਤ ਕਰੋ' ਵੰਡ ਛਕੋ ਤੇ ਨਾਮ ਜਪੋ' ਦੇ ਸਿਧਾਂਤ ਤੇ ਪਹਿਰਾ ਦੇ ਰਿਹਾ ਹੈ। 'ਯੂਨਾਈਟਡ ਸਿੱਖਸ' ਵਲੋਂ ਅਮਰੀਕਾ, ਕੈਨੇਡਾ ਵਿਚ ਥਾਂ-ਥਾਂ ਤੇ ਜਾ ਕੇ, ਲੋੜਵੰਦਾਂ ਦੀ ਮਦਦ ਕਰਕੇ ਮਨੁੱਖੀ ਸੇਵਾ ਦਾ ਕਾਰਜ ਨਿਭਾਇਆ ਜਾ ਰਿਹਾ ਹੈ। ਇਉਂ ਹੀ ਯੂਰਪ ਸਮੇਤ ਵੱਖ- ਵੱਖ ਮੁਲਕਾਂ ਵਿਚ ਵੀ ਨਿਸ਼ਕਾਮ ਸਿੱਖ, ਭਾਈ ਘਨਈਆ ਜੀ ਦੇ ਅਸੂਲਾਂ 'ਤੇ ਪਹਿਰਾ ਦਿੰਦਿਆਂ' ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਲੰਗਰ ਚਲਾ ਰਹੇ ਹਨ, ਜੋ ਕਿ ਸੰਸਾਰ ਲਈ ਪ੍ਰੇਰਨਾ ਸਰੋਤ ਹਨ ।

ਐਨ ਐਸ ਹੀ ਮੌਕੇ 'ਤੇ ਅਫਗਾਨਿਸਤਾਨ ਦੇ ਕਾਬੁਲ ਸਥਿਤ ਗੁਰਦੁਆਰਾ ਸਾਹਿਬ ਵਿਖੇ ਨਿਰਦੋਸ਼ ਸਿੱਖਾਂ 'ਤੇ ਭਿਆਨਕ ਦਹਿਸ਼ਤਗਰਦੀ ਹਮਲਾ ਕਰਕੇ, 25 ਸਿੱਖਾਂ ਦੀਆਂ ਜਾਨਾਂ ਲਈਆਂ ਗਈਆਂ ਹਨ, ਜਿਸ ਨਾਲ ਸੰਸਾਰ ਕੰਬ ਉੱਠਿਆ ਹੈ।

ਦੁਨੀਆਂ ਭਰ ਦੇ ਦੇਸ਼ਾਂ ਤੋਂ ਇਲਾਵਾ ਯੂਐਨਓ ਨੇ ਵੀ ਇਸ ਹਮਲੇ ਨੂੰ ਵਹਿਸ਼ੀਆਨਾ ਕਾਰਾ ਕਰਾਰ ਦਿੱਤਾ ਹੈ, ਪਰ ਇਸ ਦੀ ਆੜ ਵਿੱਚ ਕੁਝ ਤਾਕਤਾਂ ਇਹ ਕਹਿਣ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਸ਼ਾਹੀਨ ਬਾਗ ਜਾਂ ਕਸ਼ਮੀਰ ਵਿੱਚ ਮੁਸਲਮਾਨਾਂ ਜਾਂ ਸੰਘਰਸ਼ ਕਰ ਰਹੇ ਲੋਕਾਂ ਲਈ ਲੰਗਰ ਲਾਉਣ ਵਾਲੇ ਸਿੱਖ, ਹੁਣ ਸੋਚਣ। ਅਜਿਹੇ ਨਫਰਤ ਭਰੇ ਬਿਆਨ ਦੇਣ ਵਾਲੇ ਕਪਿਲ ਮਿਸ਼ਰਾ ਵਰਗੇ ਲੋਕ ਸ਼ਾਇਦ ਇਹ ਭੁੱਲ ਜਾਂਦੇ ਹਨ ਕਿ ਸਿੱਖ ਤਾਂ ਜੰਗਾਂ- ਯੁੱਧਾਂ ਵਿੱਚ ਪਾਣੀ ਪਿਆਉਣ ਦੇ ਨਾਲ ਮੱਲਮ -ਪੱਟੀ ਕਰਨ ਦੀ ਵਿਰਾਸਤ ਨੂੰ ਸੰਭਾਲੀ ਬੈਠੇ ਹਨ, ਉਹ ਕਦੇ ਵੀ ਸਰਬੱਤ ਦੇ ਭਲੇ ਦੇ ਸੰਕਲਪ ਤੋਂ ਪਿੱਛੇ ਨਹੀਂ ਹੱਟਣਗੇ। ਹੌਲੀ-ਹੌਲੀ ਇਹ ਸੱਚ ਵੀ ਸਾਹਮਣੇ ਆ ਜਾਏਗਾ ਕਿ ਆਈਐੱਸ ਦੇ ਇਸ ਹਮਲੇ ਪਿੱਛੇ ਕਿਹੜੀਆਂ ਏਜੰਸੀਆਂ ਆਪਣੇ ਨਾਪਾਕ ਇਰਾਦੇ ਪੂਰੇ ਕਰ ਰਹੀਆਂ ਹਨ।

ਕਰੋਨਾ ਵਾਇਰਸ ਦਾ ਸੰਕਟ ਵੀ 'ਦੁੱਖ ਤੇ ਸੁੱਖ ਦੋਵੇਂ ਹੀ ਮਨੁੱਖੀ ਜੀਵਨ ਸਫ਼ਰ ਵਿਚ ਕੱਪੜੇ ਹਨ,ਜੋ ਕਿ ਮਨੁੱਖ ਬਦਲ - ਬਦਲ ਪਹਿਨਦਾ ਹੈ, ਅਨੁਸਾਰ ਹੀ ਮਾਨਵਵਾਦੀ ਸੋਚ ਨੂੰ ਚੜਦੀਕਲਾ ਦੀ ਲੀਹ ਤੇ ਪਾਉਣ ਦਾ ਆਧਾਰ ਬਣ ਰਿਹਾ ਹੈ। ਚਾਹੇ ਮਹਾਂ ਸ਼ਕਤੀਆਂ ਵੱਲੋਂ ਕੋਵਿਡ -19 ਜੈਵਿਕ ਜੰਗ ਦੀ ਮਸ਼ਕ ਹੋਵੇ, ਚਾਹੇ ਫਾਸ਼ੀਵਾਦੀ ਤਾਕਤਾਂ ਵੱਲੋਂ ਜਨਤਾ ਦਾ ਧਿਆਨ, ਉਨਾਂ ਦੀਆਂ ਅਸਫ਼ਲਤਾਵਾਂ ਅਤੇ ਲੋਕਮਾਰੂ ਨੀਤੀਆਂ ਤੋਂ ਹਟਾਉਣ ਦੀ ਸਾਜ਼ਿਸ਼ ਚੱਲ ਰਹੀ ਹੋਵੇ, ਚਾਹੇ ਆਰਥਿਕ ਮੰਦਵਾੜੇ ਤੋਂ ਜਨਤਾ ਦਾ ਧਿਆਨ ਹਟਾਉਣ ਲਈ ਵੀ ਇਸ ਦਾ ਸਹਾਰਾ ਲਿਆ ਦਾ ਰਿਹਾ ਹੈ, ਕੁਝ ਵੀ ਹੋਏ , ਪਰ ਇਸ ਸਮੇਂ ਕੌਮਾਂਤਰੀ ਪਧਰ 'ਤੇ ਸਰਬੱਤ ਦਾ ਭਲਾ ਮੰਗਣ ਵਾਲੀ ਸਿੱਖ ਕੌਮ , ਇਕ ਵਾਰ ਫਿਰ ਸਮੂਹ ਮਾਨਵ ਜਾਤੀ ਦੀ ਸੇਵਾਦਾਰ ਬਣ ਕੇ ਉਭਰੀ ਹੈ।


ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# Sir Speedy Tustin
*Printers to the Community*

## Outdoor 3'x11' Promo Flag
**Only $29/-**
Pole & Spike $55/-

## Outdoor 3'x6' Durable Banner
GURU NANAK SIKH TEMPLE FAIRFIELD Visit Our Website: www.FairfieldGurudwara.com
All weather, durable to sunlight, rain and wear & tear. Text only.
**Only $69/-**

## Receipt Books
Customized with your information and design. 2 part carbonless with numbering and perforation.
**Call for Price**

## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**

## All Weather 18"x24" Yard Signs
OPEN 24 HOURS / OPEN HOUSE! Welcome
Includes H-stakes. Single sided, durable to sunlight and rain. Reusable!
**$49/- for 4**

## 11" Printed Balloons
ਲੱਖ ਲੱਖ ਵਧਾਈ
Printed with your logo and info. One color, one location. Min. qty 1000
**19¢ each**

## Your Printed T-Shirts
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
**Only $4.99**

## Your Printed Caps
YOUR LOGO HERE
1 color in 1 position. Min Qty. 100
**Only $4.99**

## Trip Envelopes Qty 1000
DAILY TRIP ENVELOPE
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

# ਕਲਾਸ ਰੂਮਾਂ ਵਿਚਲੀ ਘੱਟ ਬਿਜਲੀ ਦਾ ਬੱਚਿਆਂ ਦੀਆਂ ਅੱਖਾਂ ਉੱਤੇ ਅਸਰ

- ਡਾ. ਹਰਸ਼ਿੰਦਰ ਕੌਰ
ਫੋਨ ਨੰ: 0175-2216783

ਮਨੀਪਾਲ ਯੂਨੀਵਰਸਿਟੀ, ਕਰਨਾਟਕ ਵਿਖੇ 596 ਬੱਚਿਆਂ ਉੱਤੇ ਇਕ ਖੋਜ ਕੀਤੀ ਗਈ ਜਿਸ ਵਿਚ ਸਰਕਾਰੀ ਸਕੂਲਾਂ ਦੇ ਬੱਚੇ ਸ਼ਾਮਲ ਕੀਤੇ ਗਏ। ਨੌਂ ਸਕੂਲਾਂ ਵਿਚਲੇ ਛੇਵੀਂ ਤੇ ਸੱਤਵੀਂ ਜਮਾਤ ਦੇ ਉਹ ਬੱਚੇ ਜਿਨ੍ਹਾਂ ਨੂੰ ਪਹਿਲਾਂ ਹੀ ਕੋਈ ਅੱਖਾਂ ਦੀ ਤਕਲੀਫ਼ ਸੀ, ਇਸ ਖੋਜ ਵਿਚ ਸ਼ਾਮਲ ਨਹੀਂ ਕੀਤੇ ਗਏ। ਜਿਹੜੇ ਬੱਚੇ ਘੱਟੋ-ਘੱਟ ਤਿੰਨ ਸਾਲਾਂ ਤੋਂ ਉਸੇ ਸਕੂਲ ਵਿਚ ਪੜ੍ਹ ਰਹੇ ਸਨ, ਉਨ੍ਹਾਂ ਨੂੰ ਹੀ ਖੋਜ ਵਿਚ ਸ਼ਾਮਲ ਕੀਤਾ ਗਿਆ ਤਾਂ ਜੋ ਲੰਮੇ ਸਮੇਂ ਤਕ ਘੱਟ ਰੋਸ਼ਨੀ ਦਾ ਨਾਰਮਲ ਅੱਖਾਂ ਉੱਤੇ ਅਸਰ ਲੱਭਿਆ ਜਾ ਸਕੇ।

ਇਨ੍ਹਾਂ ਸਾਰੇ ਬੱਚਿਆਂ ਦੀ ਨਜ਼ਰ ਚੈੱਕ ਕੀਤੀ ਗਈ। ਪੰਜ ਸੌ ਛਿਆਨਵੇਂ ਬੱਚਿਆਂ ਵਿੱਚੋਂ 319 ਮੁੰਡੇ ਸਨ। ਇਨ੍ਹਾਂ ਬੱਚਿਆਂ ਵਿੱਚੋਂ 92.1% ਦੇ ਘਰਾਂ ਵਿਚ ਬਿਜਲੀ ਸੀ, 78.4% ਦੇ ਘਰਾਂ ਵਿਚ ਟਿਊਬ ਲਾਈਟਾਂ ਲੱਗੀਆਂ ਹੋਈਆਂ ਸਨ ਤੇ 84.6 ਪ੍ਰਤੀਸ਼ਤ ਦੇ ਘਰਾਂ ਵਿਚ ਟੈਲੀਵਿਜ਼ਨ ਸੀ।

ਇਨ੍ਹਾਂ ਬੱਚਿਆਂ ਦੀਆਂ ਅੱਖਾਂ ਦਾ ਟੈੱਸਟ ਕਰਨ ਬਾਅਦ ਪਤਾ ਲੱਗਿਆ ਕਿ 26 ਪ੍ਰਤੀਸ਼ਤ ਬੱਚਿਆਂ ਦੀ ਨਜ਼ਰ 6/9 ਤੋਂ ਘੱਟ ਸੀ।

ਜਦੋਂ ਕਲਾਸਰੂਮਾਂ ਵਿਚਲੀ ਲਾਈਟ ਅਤੇ ਬਲੈਕ ਬੋਰਡਾਂ ਉੱਤੇ ਪੈਂਦੀ ਰੌਸ਼ਨੀ ਚੈੱਕ ਕੀਤੀ ਗਈ ਤਾਂ 88.4 ਫੀਸਦੀ ਬਲੈਕ ਬੋਰਡਾਂ ਅਤੇ 55.1 ਫੀਸਦੀ ਕਲਾਸਰੂਮਾਂ ਵਿਚ 300 ਲਕਸ ਤੋਂ ਘੱਟ ਬਿਜਲੀ ਸੀ। (300 ਲਕਸ ਵਾਲੇ ਬਿਜਲੀ ਦੇ ਬਲਬਾਂ ਨੂੰ ਵਧੀਆ ਰੌਸ਼ਨੀ ਮੰਨਿਆ ਜਾਂਦਾ ਹੈ)।

ਇਹ ਵੇਖਣ ਵਿਚ ਆਇਆ ਕਿ ਜਿਨ੍ਹਾਂ ਕਲਾਸਰੂਮਾਂ ਵਿਚ ਬਿਜਲੀ ਘੱਟ ਸੀ, ਉਨ੍ਹਾਂ ਵਿਚ ਪੜ੍ਹ ਰਹੇ ਬੱਚਿਆਂ ਦੀਆਂ ਅੱਖਾਂ ਵਧ ਖ਼ਰਾਬ ਨਿਕਲੀਆਂ। ਜਿੱਥੇ ਬਲੈਕ ਬੋਰਡ ਉੱਤੇ ਜਾਂ ਉਸ ਦੇ ਨੇੜੇ ਘੱਟ ਲਾਈਟ ਸੀ, ਉਨ੍ਹਾਂ ਕਲਾਸਰੂਮਾਂ ਦੇ ਬੱਚਿਆਂ ਦੀ ਨਜ਼ਰ ਫੇਰ ਵੀ ਕੁੱਝ ਹਦ ਤੱਕ ਠੀਕ ਸੀ।



ਇਸੇ ਤਰ੍ਹਾਂ ਦੀਆਂ ਕਈ ਖੋਜਾਂ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪੱਧਰ ਉੱਤੇ ਹੋ ਚੁੱਕੀਆਂ ਹਨ ਜੋ ਇਹੀ ਦਰਸਾਉਂਦੀਆਂ ਹਨ ਕਿ ਪ੍ਰਾਈਮਰੀ ਸਕੂਲਾਂ ਵਿਚਲੇ ਕਲਾਸਰੂਮਾਂ ਦੀਆਂ ਘੱਟ ਲਾਈਟਾਂ ਲਗਭਗ 26 ਤੋਂ 32 ਫੀਸਦੀ ਬੱਚਿਆਂ ਦੀਆਂ ਅੱਖਾਂ ਉੱਤੇ ਅਸਰ ਪਾ ਦਿੰਦੀਆਂ ਹਨ ਜੋ ਉਮਰ ਭਰ ਲਈ ਘਟ ਨਜ਼ਰ ਨਾਲ ਜੂਝਦੇ ਰਹਿੰਦੇ ਹਨ।

ਪਾਕਿਸਤਾਨ ਵਿਚ ਵੀ ਅਜਿਹੀ ਖੋਜ ਦੇ ਲਗਭਗ ਇਸੇ ਤਰ੍ਹਾਂ ਦੇ ਸਿੱਟੇ ਨਿਕਲੇ ਹਨ ਜਿੱਥੇ 300 ਲਕਸ ਤੋਂ ਘੱਟ ਬਿਜਲੀ ਨਾਲ 29 ਫੀਸਦੀ ਬੱਚਿਆਂ ਵਿਚ ਨਜ਼ਰ ਘਟੀ ਹੋਈ ਲੱਭੀ।

ਨਜ਼ਰ ਘੱਟ ਜਾਣ ਵਾਲੇ 26 ਫੀਸਦੀ ਬੱਚਿਆਂ ਤੋਂ ਇਲਾਵਾ ਬਾਕੀ 74 ਫੀਸਦੀ ਬੱਚਿਆਂ ਵਿਚ ਮਨੀਪਾਲ ਯੂਨੀਵਰਸਿਟੀ ਦੀ ਖੋਜ ਅਨੁਸਾਰ ਹੋਰ ਵੀ ਕਈ ਲੱਛਣ ਲੱਭੇ। ਉਹ ਸਨ :-

ਕਲਾਸ ਰੂਮ ਵਿਚ ਪੂਰਾ ਸਾਫ ਨਾ ਦਿਸਣਾ - 11.4 ਫੀਸਦੀ
ਦੋ-ਦੋ ਦਿਸਣੇ - 1.3 ਫੀਸਦੀ
ਧੁੰਦਲਾ ਦਿਸਣਾ - 11.9 ਫੀਸਦੀ
ਅੱਖਾਂ ਵਿੱਚੋਂ ਪਾਣੀ ਵਗਦੇ ਰਹਿਣਾ - 25.7 ਫੀਸਦੀ
ਅੱਖਾਂ ਦੁਆਲੇ ਪੀੜ ਹੁੰਦੀ ਰਹਿਣੀ - 15.6 ਫੀਸਦੀ
ਅੱਖਾਂ ਲਾਲ ਰਹਿਣੀਆਂ - 3.4 ਫੀਸਦੀ
ਅੱਖਾਂ ਅੰਦਰ ਪੀੜ ਕਾਰਣ ਡਾਕਟਰ ਕੋਲੋਂ ਦਵਾਈ ਲੈਂਦੇ ਰਹਿਣਾ -3 ਫੀਸਦੀ
ਸਿਰ ਪੀੜ - 38.6 ਫੀਸਦੀ
ਥੱਕੀਆਂ ਅੱਖਾਂ ਅਤੇ ਥੱਕਿਆ ਸਰੀਰ ਮਹਿਸੂਸ ਹੋਣਾ - 0.5 ਫੀਸਦੀ
ਨੀਂਦਰ ਪੂਰੀ ਨਾ ਆਉਣੀ ਤੇ ਅੱਖਾਂ ਚੜ੍ਹੀਆਂ ਮਹਿਸੂਸ ਹੋਣੀਆਂ - 5.5 ਫੀਸਦੀ

ਇਹ ਖੋਜ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਇਸ ਨੇ ਜ਼ਾਹਿਰ ਕਰ ਛੱਡਿਆ ਹੈ ਕਿ ਸਕੂਲਾਂ ਦੇ ਕਲਾਸਰੂਮਾਂ ਵਿਚਲੀ ਘੱਟ ਲਾਈਟ ਅਤੇ ਬਲਬਾਂ ਦੀ ਘੱਟ ਰੋਸ਼ਨੀ ਸਾਡੇ ਬੱਚਿਆਂ ਦੀਆਂ ਅੱਖਾਂ ਦੀ ਰੌਸ਼ਨੀ ਅਤੇ ਸਿਹਤ ਉੱਤੇ ਲਗਾਤਾਰ ਮਾੜਾ ਅਸਰ ਪਾ ਰਹੀ ਹੈ। ਜੇ ਸਕੂਲਾਂ ਵਿਚ ਸਾਰੇ ਬਲਬ 300 ਲਕਸ ਦੀ ਰੋਸ਼ਨੀ ਵਾਲੇ ਲਾ ਦਿੱਤੇ ਜਾਣ ਤਾਂ ਸਾਰੇ ਬੱਚੇ ਵਧੀਆ ਨਜ਼ਰ ਨਾਲ ਬਿਨਾਂ ਐਨਕਾਂ ਲਾਏ ਜਵਾਨ ਹੋ ਸਕਦੇ ਹਨ। ਇਹ ਕੋਈ ਬਹੁਤਾ ਔਖਾ ਕੰਮ ਨਹੀਂ ਹੈ। ਸਿਰਫ਼ ਅੱਖੋਂ ਪਰੋਖੇ ਹੋ ਰਿਹਾ ਹੈ, ਕਿਉਂਕਿ ਇਸ ਪੱਖ ਉੱਤੇ ਕੋਈ ਗੱਲ ਨਹੀਂ ਕਰ ਰਿਹਾ।

ਇਸ ਜ਼ਰੂਰੀ ਪਰ ਅਣਗੌਲੇ ਪੱਖ ਵੱਲ ਧਿਆਨ ਦਵਾਉਣ ਹਿਤ ਹੀ ਮੈਂ ਇਹ ਖੋਜ ਮਾਪਿਆਂ ਦੀ ਨਜ਼ਰੀਂ ਕੀਤੀ ਹੈ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)

• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਕੋਵਿਡ 19 ਦੀ ਮਹਾਮਾਰੀ ਫੈਲਾਉਣ ਲਈ ਜ਼ਿੰਮੇਵਾਰ ਕੌਣ ?

**- ਡਾ. ਮਨਜੀਤ ਸਿੰਘ ਬੱਲ**

ਕਰੋਨਾ ਵਾਇਰਸ ਜਿਸਨੇ ਸਾਰੀ ਦੁਨੀਆ ਵਿੱਚ ਤਰਥੱਲੀ ਮਚਾਈ ਹੋਈ ਹੈ, ਦੇ ਬਾਰੇ ਤਾਂ 1960 ਤੋਂ ਹੀ ਪਤਾ ਹੈ। 'ਕਰੋਨਾ' ਇਕ ਗਰੁੱਪ ਦਾ ਨਾਂ ਹੈ ਜਿਹਦੇ ਅਧੀਨ ਕਈ ਕਿਸਮਾਂ ਹਨ। ਆਮ ਤੌਰ ਉੱਤੇ ਇਹ ਜਾਨਵਰ ਵਿੱਚ ਹੀ ਹੁੰਦਾ ਹੈ। ਇਹ ਇੱਕ ਬਹੁਤ ਹੀ ਛੋਟਾ ਵਿਸ਼ਾਣੂੰ ਹੈ ਜੋ ਸਿਰਫ 120 ਨੈਨੋਮੀਟਰ ਸਾਇਜ਼ ਦਾ ਹੁੰਦਾ ਹੈ (ਇਕ ਮਿਲੀਮੀਟਰ = ਦਸ ਲੱਖ ਨੈਨੋ ਮੀਟਰ)। ਸੋ ਇਹ ਵਾਇਰਸ ਆਮ ਖ਼ੁਰਦਬੀਨ ਨਾਲ ਨਹੀਂ, ਸਿਰਫ ਇਲੈਕਟਰੋਨ ਮਾਈਕਰੋਸਕੋਪ ਨਾਲ ਹੀ ਵੇਖਿਆ ਜਾ ਸਕਦਾ। ਅਸੀਂ ਜਾਣਦੇ ਹੀ ਹਾਂ ਕਿ ਚੀਨ ਵਾਲੇ ਕੋਈ ਡੱਡੀ-ਮੱਛੀ, ਕੁੱਤਾ-ਬਿੱਲੀ, ਕੀੜੇ-ਮਕੌੜੇ ਨਹੀਂ ਛੱਡਦੇ, ਤੇ ਹਰ ਤਰਾਂ ਦੇ ਸਮੁੰਦਰੀ ਜਾਨਵਰ ਵੀ ਛਕ ਜਾਂਦੇ ਹਨ। ਵਟਸਐਪ ਉੱਤੇ ਵਾਇਰਲ ਹੋਈ ਵੂਹਾਨ ਸ਼ਹਿਰ ਦੀ ਮੀਟ ਵਾਲੀ ਮਾਰਕੀਟ ਵੀ ਤੁਸੀਂ ਵੇਖੀ ਹੋਣੀ ਹੈ, ਜਿਹਦੇ ਵਿੱਚ ਜਿਊਂਦੇ ਸੱਪ ਨੂੰ ਫਰਾਈ ਕੀਤਾ ਜਾ ਰਿਹਾ ਸੀ ਤੇ ਮੰਡੀ ਵਿੱਚ ਹਰ ਛੋਟੇ ਵੱਡੇ ਜਾਨਵਰ ਦਾ ਮਾਸ ਵਿਕ ਰਿਹਾ ਸੀ। ਦਸੰਬਰ 2019 ਵਿੱਚ ਚੀਨ ਦੇ ਇਸੇ ਸ਼ਹਿਰ ਵਿੱਚ ਕਰੋਨਾ ਵਾਇਰਸ ਨੇ ਜਾਨਵਰ ਵਿੱਚੋਂ ਨਿਕਲ ਕੇ ਮਨੁੱਖ ਦੇ ਸਰੀਰ ਵਿੱਚ ਆਪਣੀ ਪਹੁੰਚ ਬਣਾ ਲਈ ਤੇ ਸਾਹ ਪ੍ਰਣਾਲੀ ਦਾ ਗੰਭੀਰ ਰੋਗ ਪੈਦਾ ਕਰ ਦਿੱਤਾ। ਸਭ ਤੋਂ ਪਹਿਲ 30 ਦਸੰਬਰ 2019 ਨੂੰ ਇਸੇ ਵੂਹਾਨ ਸ਼ਹਿਰ ਦੇ 34 ਸਾਲਾ ਅੱਖਾਂ ਦੇ ਡਾਕਟਰ, ਡਾ. ਲੀ ਵੈਨਲਿਅਗ ਨੇ ਸੋਸ਼ਲ ਮੀਡੀਆ ਉੱਤੇ ਆਪਣੇ ਡਾਕਟਰ ਦੋਸਤ ਨਾਲ ਇੱਕ ਪੋਸਟ ਸ਼ੇਅਰ ਕੀਤੀ ਕਿ "ਮੀਟ ਮਾਰਕੀਟ ਵਿੱਚੋਂ ਸੀ-ਫੂਡ ਖਾਣ ਵਾਲੇ ਸੱਤ ਮਰੀਜ਼, ਹਸਪਤਾਲ ਵਿੱਚ ਦਾਖ਼ਲ ਕੀਤੇ ਗਏ ਨੇ ਜਿਨਾਂ ਵਿੱਚ ਸਾਰਸ ਰੋਗ ਵਰਗੇ ਲੱਛਣ (ਸਾਹ ਲੈਣ ਵਿੱਚ ਤਕਲੀਫ ਤੇ ਨਿਮੋਨੀਆ) ਪਾਏ ਗਏ ਹਨ। ਇਹ ਇੱਕ ਗੰਭੀਰ ਰੋਗ ਦਾ ਸੰਕੇਤ ਹੈ।'

ਇਸ ਡਾਕਟਰ ਨੇ ਤਾਂ ਐਸੇ ਗੰਭੀਰ ਰੋਗ ਅਤੇ ਇਸਦੇ ਸੰਭਾਵਤ ਖ਼ਤਰੇ ਬਾਰੇ ਸਭ ਤੋਂ ਪਹਿਲ ਖ਼ੁਲਾਸਾ ਕੀਤਾ ਸੀ, ਉਸ ਨੂੰ ਸ਼ਾਬਾਸ਼ ਦੇਣੀ ਚਾਹੀਦੀ ਸੀ ਪਰ ਇਸਦੇ ਉਲਟ ਉਹਦੇ ਉੱਤੇ ਇਲਜ਼ਾਮ ਲਗਾ ਦਿੱਤਾ ਗਿਆ ਕਿ ਉਸਨੇ ਅਫਵਾਹ ਫੈਲਾਈ ਹੈ, ਜਿਸ ਨਾਲ ਸੰਸਾਰ ਵਿੱਚ ਦੇਸ਼ (ਚੀਨ) ਦੀ ਬਦਨਾਮੀ ਹੁੰਦੀ ਹੈ। ਡਾ. ਲੀ ਵੈਨਲਿਅਗ ਨੇ ਇਹ ਚਿਤਾਵਨੀ ਟੈਸਟ ਰਾਹੀਂ ਕਨਫਰਮ ਕਰ ਕੇ ਦਿੱਤੀ ਸੀ ਕਿ ਇਹ ਕੋਰੋਨਾ ਵਾਇਰਸ ਪਰਿਵਾਰ ਨਾਲ ਸਬੰਧਤ ਇਨਫੈਟਸ਼ਨ ਹੈ। ਇਸ ਤੋਂ ਪਹਿਲਾਂ ਸੰਨ 2003 ਵਿੱਚ ਵੀ ਦੱਖਣੀ ਚੀਨ ਵਿੱਚ ਸਾਹ ਪ੍ਰਣਾਲੀ ਦੇ ਰੋਗ ਸਾਰਸ ਨੇ ਬੜਾ ਭਿਆਨਕ ਰੂਪ ਧਾਰਨ ਕੀਤਾ ਸੀ, ਜਿਸਦੇ ਨਾਲ 8000 ਲੋਕ ਬਿਮਾਰ ਹੋਏ ਸਨ ਤੇ 17 ਦੇਸ਼ ਵਿੱਚ 774 ਮੌਤ ਹੋ ਗਈਆਂ ਸਨ। ਡਾ. ਵੈਨਲਿਆਂਗ ਨੇ ਤਾਂ ਸੋਸ਼ਲ ਮੀਡੀਆ ਉੱਤੇ ਆਪਣੇ ਦੋਸਤ ਤੇ ਰਿਸ਼ਤੇਦਾਰ ਦਾ ਖਿਆਲ ਰੱਖਣ ਲਈ ਕਿਹਾ ਸੀ, ਪਰ ਇਹ ਸੁਨੇਹਾ ਜੰਗਲ ਦੀ ਅੱਗ ਵਾਂਗ ਫੈਲ ਗਿਆ। ਇਸ ਡਾਕਟਰ ਦਾ ਨਾਂ ਬਹੁਤ ਲੋਕਾਂ ਵਿੱਚ ਫੈਲ ਗਿਆ। ਸੀ.ਐੱਨ.ਐਨ. ਚੈਨਲ ਨੇ ਦੱਸਿਆ ਕਿ ਵੈਨਲਿਆਂਗ ਕਹਿ ਰਿਹਾ ਹੈ, "ਇਸ ਰੋਗ ਬਾਰੇ ਚਿਤਾਵਨੀ ਸਬੰਧੀ ਮੇਰਾ ਨਾਮ ਬਹੁਤ ਘੁੰਮ ਰਿਹਾ ਹੈ ਜੋ ਮੇਰੇ ਕੰਟਰੋਲ ਤੋਂ ਬਾਹਰ ਹੋ ਗਿਆ ਹੈ, ਲਗਦਾ ਹੈ ਕਿ ਇਸ ਸਬੰਧੀ ਮੈਨੂੰ ਕੋਈ ਸਜ਼ਾ ਦਿੱਤੀ ਜਾਵੇਗੀ।" ਤੇ ਇਹ ਹੀ ਹੋਇਆ। ਤਿੰਨ ਜਨਵਰੀ 2020 ਨੂੰ ਪ੍ਰਸ਼ਾਸਨ ਦੁਆਰਾ ਡਾ. ਵੈਨਲਿਆਂਗ ਤੇ ਉਹਦੇ ਡਾਕਟਰ ਦੋਸਤ ਨੂੰ "ਅਫਵਾਹ ਫੈਲਾਉਣ ਦੇ ਜੁਰਮ ਵਿੱਚ ਦੋਸ਼ੀ ਬਣਾਇਆ ਗਿਆ ਤੇ ਹਲਫਨਾਮਾ ਲੈ ਕੇ ਮੁਆਫੀ ਮੰਗਵਾਈ ਗਈ, "ਮੈਂ ਦੋਸ਼ੀ ਹਾਂ, ਐਸਾ "ਜੁਰਮ ਮੈਂ ਦੁਬਾਰਾ ਨਹੀਂ ਕਰਗਾ ਤੇ ਫੇਰ ਕਦੀ ਵੀ ਇਸ ਤਰਾਂ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਨਹੀਂ ਹੋਵਾਂਗਾ।' ਜੁਰਮ ਇਹ ਸੀ ਕਿ ਉਸਨੇ ਦੁਨੀਆ ਨੂੰ ਚਿਤਾਵਨੀ ਦਿੱਤੀ ਸੀ ਕਿ ਕੋਰੋਨਾ ਵਾਇਰਸ ਪਰਿਵਾਰ ਨਾਲ ਸਾਹ ਪ੍ਰਣਾਲੀ ਦਾ ਗੰਭੀਰ ਰੋਗ ਹੋ ਰਿਹਾ ਹੈ।



ਡਾ. ਵੈਨਲਿਆਂਗ ਦੀ ਮੁਸੀਬਤ ਇੱਥੇ ਹੀ ਖਤਮ ਨਹੀਂ ਹੋਈ। ਉਹ ਆਪਣੀ ਡਿਊਟੀ ਉੱਤੇ ਪਰਤ ਆਇਆ ਤੇ ਇਸੇ ਵਾਇਰਸ ਦੇ ਇੱਕ ਮਰੀਜ਼ ਦਾ ਇਲਾਜ ਕਰਦਿਆਂ ਉਹਨੂੰ ਖ਼ੁਦ ਨੂੰ ਕੋਰੋਨਾ ਇਨਫੈਕਸ਼ਨ ਹੋਣ ਕਰਕੇ, ਖੰਘ, ਨਜ਼ਲਾ, ਤੇ ਸਾਹ ਦੀ ਤਕਲੀਫ ਸ਼ੁਰੂ ਹੋ ਗਈ। ਬਾਰਾਂ ਜਨਵਰੀ ਨੂੰ ਉਹਨੂੰ ਆਈ. ਸੀ.ਯੂ. ਵਿੱਚ ਸ਼ਿਫਟ ਕਰ ਦਿੱਤਾ ਗਿਆ। ਇੱਕ ਫਰਵਰੀ ਨੂੰ ਉਹਦਾ ਕੋਰੋਨਾ ਦਾ ਟੈਸਟ ਪੌਜ਼ਿਟਿਵ ਆਇਆ ਤੇ ਪੰਜ ਦਿਨ ਬਾਅਦ ਇਸ ਡਾਕਟਰ (ਡਾ. ਲੀ ਵੈਨਲਿਆਂਗ) ਦੀ ਮੌਤ ਹੋ ਗਈ।

### ਚੀਨ ਨੇ ਜਾਣਕਾਰੀ ਲੁਕਾਈ

ਚੀਨ ਇਸ ਗੰਭੀਰ ਰੋਗ ਬਾਰੇ ਖ਼ਬਰ ਤੇ ਜਾਣਕਾਰੀ ਨੂੰ ਲੁਕਾਉਂਦਾ ਰਿਹਾ। ਪਰ ਇਹ ਛੁਪ ਨਾ ਸਕਿਆ ਤੇ ਇਸ ਇਨਫੈਕਸ਼ਨ ਨੂੰ ਫੈਲਣ ਦਾ ਮੌਕਾ ਮਿਲ ਗਿਆ। ਵੂਹਾਨ ਦੇ ਹਵਾਈ ਅੱਡੇ ਤੋਂ ਸਾਰੀ ਦੁਨੀਆ ਦੇ ਦੇਸ਼ਾਂ ਨੂੰ ਉਡਾਨਾਂ ਜਾਂਦੀਆਂ ਹਨ। ਸੋ ਇਹ ਰੋਗ ਫੈਲਦਾ ਗਿਆ ਤੇ ਫੈਲਦਾ ਗਿਆ। ਤੇ ਅੱਜ ਸਥਿਤੀ ਇਹ ਹੈ ਕਿ ਹੁਣ ਇਹ ਵਾਇਰਸ ਦੁਨੀਆ ਦੇ 184 ਦੇਸ਼ ਵਿੱਚ ਦਨ ਦਨਾ ਰਿਹਾ ਹੈ। ਇੱਕ ਪ੍ਰੈੱਸ ਕਨਫਰੰਸ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਜਦ ਵਾਰ ਵਾਰ ਕੋਰੋਨਾ ਨੂੰ ਚਾਈਨੀਜ਼ ਵਾਇਰਸ ਕਹਿੰਦੇ ਹਨ ਇੱਕ ਪੱਤਰਕਾਰ ਉਸ ਨੂੰ ਪੁੱਛਦੀ ਹੈ ਕਿ ਤੁਸੀਂ ਚੀਨੀ ਵਾਇਰਸ ਕਿਓਂ ਕਹਿੰਦੇ ਹੋ, ਤਾਂ ਉਹ ਜਵਾਬ ਦਿੰਦਾ ਹੈ, "ਸਭ ਨੂੰ ਪਤਾ ਹੈ ਕਿ ਇਹ ਰੋਗ ਚੀਨ ਤੋਂ ਆਇਆ ਹੈ; ਮੈਂ ਕੋਈ ਨਸਲੀ ਟਿੱਪਣੀ ਨਹੀਂ ਕਰ ਰਿਹਾ, ਕੋਰੋਨਾ ਚੀਨ ਤੋਂ ਹੀ ਆਇਆ ਹੈ, ਡਾ. ਵੈਨਲਿਆਂਗ ਦੀ ਗੱਲ ਉੱਤੇ ਗ਼ੌਰ ਕਰਨਾ ਚਾਹੀਦਾ ਸੀ, ਸਮੇਂ ਸਿਰ ਪ੍ਰਬੰਧ ਕਰਕੇ ਇਸ ਨੂੰ ਰੋਕਿਆ ਜਾ ਸਕਦਾ ਸੀ।'

ਦੂਸਰੇ ਪਾਸੇ ਚੀਨ ਦੇ ਖ਼ਾਸ ਦੋਸਤ ਪਾਕਿਸਤਾਨ ਨੇ ਚੀਨ ਦਾ ਬਚਾਅ ਕਰਨ ਲਈ ਆਪਣੇ ਸੁਭਾਅ ਮੁਤਾਬਕ ਝੂਠ ਬੋਲ ਬੋਲ ਕੇ ਕਿਹਾ ਹੈ, "ਇਹ ਸਾਰਾ ਕੁਝ ਅਮਰੀਕਾ ਦਾ ਹੀ ਕਰਿਆ ਕਰਾਇਆ। ਉਹਨੇ ਇਹ ਸਭ ਚੀਨ ਨੂੰ ਸੁਪਰ ਪਾਵਰ ਬਨਣ ਤੋਂ ਰੋਕਣ ਲਈ ਕੀਤਾ ਹੈ। ਉਹਨੇ ਆਪਣੇ ਨਾਲ ਬਰਤਾਨੀਆ ਤੇ ਇਸਰਾਈਲ ਨੂੰ ਰਲਾ ਕੇ ਚੀਨ ਖਿਲਾਫ ਮੁਹਿੰਮ ਚਲਾਈ ਹੈ। ਅਮਰੀਕਾ ਨੇ ਮਿਲਟਰੀ ਮਸ਼ਕ ਦੌਰਾਨ ਵੂਹਾਨ ਸ਼ਹਿਰ ਵਿੱਚ ਇਹ ਵਾਇਰਸ ਛੱਡਿਆ ਸੀ।

ਹੁਣ ਸਭ ਮੁਲਕਾਂ ਨੇ ਚੀਨ ਦਾ ਮਾਲ ਖਰੀਦਣਾ ਬੰਦ ਕਰ ਦਿੱਤਾ ਹੈ ਤੇ ਉਸਦੀ ਮਾਰਕੀਟ ਡਾਊਨ ਕਰ ਹੋ ਗਈ ਹੈ। ਇਸਦਾ ਅਸਰ ਸਿਰਫ ਚੀਨ ਉੱਤੇ ਹੀ ਨਹੀਂ ਪਿਆ ਬਲਕਿ ਪਾਕਿਸਤਾਨ ਵਿੱਚ ਚੀਨ ਦਵਾਰਾ ਉਸਾਰੀ ਜਾ ਰਹੇ 'ਚੀਨ-ਪਾਕਿਸਤਾਨ ਆਰਥਿਕ ਲਾਂਘੇ' ਉੱਤੇ ਬਹੁਤ ਅਸਰ ਪਿਆ ਹੈ ਤੇ ਉੱਥੇ ਕੰਮ ਕਰਨ ਵਾਲੇ ਮਜ਼ਦੂਰ ਵਾਪਸ ਚੀਨ ਭੱਜ ਗਏ ਹਨ। ਚੀਨ ਕੋਲ ਹਰ ਇੱਕ ਸਮੱਸਿਆ ਦਾ ਤੋੜ ਹੈ। ਉਸ ਨੇ ਇਸ ਵਾਇਰਸ ਦਾ ਵੀ ਹੱਲ ਲੱਭ ਲੈਣਾ ਹੈ। ਚੀਨ ਨੇ ਖ਼ਬਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ ਪਰ ਮਸਲਾ ਪਹੁੰਚ ਤੋਂ ਬਾਹਰ ਹੋ ਚੁੱਕਾ ਸੀ।

ਸੋ ਚੀਨ ਦੇ ਪ੍ਰਸ਼ਾਸਕ ਦੀ ਗ਼ਲਤੀ ਕਾਰਣ, ਇਹ ਰੋਗ ਉਸੇ ਜਗਾ ਤੇ ਸੀਮਤ ਨਹੀਂ ਕੀਤਾ ਜਾ ਸਕਿਆ ਤੇ ਵੂਹਾਨ ਸ਼ਹਿਰ ਤੋਂ ਦੁਨੀਆ ਦੇ ਭਿੰਨ ਭਿੰਨ ਦੇਸ਼ ਵਿੱਚ ਜਾਂਦੀਆਂ ਫਲਾਈਟਾਂ ਰਾਹੀਂ ਹਵਾਈ ਯਾਤਰੀਆਂ ਦੁਆਰਾ ਸਾਰੀ ਦੁਨੀਆ ਵਿੱਚ ਫੈਲ ਗਿਆ ਹੈ। ਵਰਲਡ ਹੈਲਥ ਆਰਗੇਨਾਈਜ਼ੇਸ਼ਨ (ਡਬਲਯੂ ਐੱਚ) ਨੇ ਇਸ ਨੂੰ ਆਲਮੀ ਮਹਾਮਾਰੀ ਐਲਾਨ ਦਿੱਤਾ ਹੈ ਤੇ ਸੰਸਾਰ ਵਿੱਚ ਹੈਲਥ ਐਮਰਜੈਂਸੀ ਲੱਗ ਗਈ ਹੈ। ਇਹ ਰੋਗ ਆਲਮੀ ਪੱਧਰ ਉੱਤੇ ਫੈਲ ਰਿਹਾ ਹੈ। ਅਜੇ ਤੱਕ ਇਹਦੇ ਤੋਂ ਬਚਾਅ ਵਾਸਤੇ ਕੋਈ (ਵੈਕਸੀਨ) ਟੀਕਾ-ਕਰਣ ਨਹੀਂ ਬਣਿਆ। ਖੋਜ ਪੂਰੇ ਜ਼ੋਰ ਉੱਤੇ ਹੈ। ਕਿਹਾ ਜਾ ਰਿਹਾ ਹੈ ਕਿ ਜਲਦ ਹੀ ਵੈਕਸੀਨ ਵੀ ਤਿਆਰ ਹੋ ਜਾਵੇਗੀ।

ਦੂਸਰੇ ਪਾਸੇ ਭਾਰਤ ਦੇ ਕੁਝ ਰਾਜ ਨੇਤਾ ਤੇ ਧਾਰਮਿਕ ਆਗੂ ਜਨਤਾ ਨੂੰ ਭੰਬਲਭੂਸੇ ਵਿੱਚ ਪਾ ਕੇ 'ਕੋਵਿੱਡ-19' ਦੇ ਕੇਸ ਨੂੰ ਠੀਕ ਦਿਸ਼ਾ ਵਾਲੇ ਇਲਾਜ ਤੋਂ ਭਟਕਾ ਰਹੇ ਹਨ। ਭਾਵੇਂ ਵਿਸ਼ਵ ਸਿਹਤ ਸੰਸਥਾ ਮੁਤਾਬਿਕ ਅਜੇ ਤੱਕ ਕੋਈ ਐਸੀ ਦਵਾ ਨਹੀਂ ਮਿਲੀ ਜੋ ਇਸ ਵਾਇਰਸ ਨੂੰ ਠੀਕ ਕਰਨ ਵਾਸਤੇ ਵਿਸ਼ੇਸ਼ ਹੋਵੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਕੋਵਿੱਡ-19 ਬਾਰੇ ਆਪਣੇ ਟੀ.ਵੀ. ਸੰਬੋਧਨ ਵਿੱਚ ਕਿਹਾ ਹੈ ਕਿ "ਅਜੇ ਤੱਕ ਸਾਨੂੰ ਕੋਰੋਨਾ ਵਾਇਰਸ ਦੀ ਇਨਫੈਕਸ਼ਨ ਦਾ ਕੋਈ ਹੱਲ ਨਹੀਂ ਲੱਭਾ, ਤੇ ਨਾ ਹੀ ਕੋਈ ਵੈਕਸੀਨ ਆਈ ਹੈ। ਇਸ ਲਈ ਇਸ ਬਾਰੇ ਫਿਕਰਮੰਦ ਹੋਣਾ ਕੁਦਰਤੀ ਹੈ।' ਫਿਰ ਵੀ ਸਸਤੀ ਸ਼ੋਹਰਤ ਦੇ ਭੁੱਖੇ ਕੁਝ ਹਿੰਦੂਤਵੀ ਤੇ ਰਾਜਨੇਤਾ ਕੋਰੋਨਾ ਦਾ "ਇਲਾਜ ਦੱਸ ਕੇ ਜਨਤਾ ਨੂੰ ਪੁੱਠੇ ਰਾਹ ਪਾ ਰਹੇ ਹਨ। ਜਿਵੇਂ ਆਲ ਇੰਡੀਆ ਹਿੰਦੂ ਮਹਾ ਸਭਾ ਦੇ ਸਵਾਮੀ ਚੱਕਰ ਪਾਣੀ ਨੇ ਕੋਰੋਨਾ ਦੇ ਇਲਾਜ ਵਾਸਤੇ ਲੋਕਾਂ ਨੂੰ ਗਊ ਦੇ ਪਿਸ਼ਾਬ ਦੀ ਪਾਰਟੀ ਕਰਕੇ, ਗਊ ਪਿਸ਼ਾਬ ਪੀ ਕੇ ਇਸ ਰੋਗ ਨੂੰ ਠੀਕ ਕਰਨ ਬਾਰੇ ਕਿਹਾ ਹੈ। ਇਸੇ ਤਰਾਂ ਆਸਾਮ ਤੋਂ ਭਾਰਤੀ ਜਨਤਾ ਪਾਰਟੀ ਦੀ ਐੱਮ.ਐੱਲ.ਏ. ਸੁਮਨ ਹਰੀਅੱਪਾ ਨੇ ਗਊ ਦੇ ਪਿਸ਼ਾਬ ਤੇ ਫੋਸ ਨਾਲ ਇਹ ਇਨਫੈਕਸ਼ਨ ਠੀਕ ਕਰਨ ਵਾਸਤੇ ਕੈਮਰੇ ਦੇ ਸਾਹਮਣੇ ਕਿਹਾ ਹੈ।

ਇਸ ਤੋਂ ਪਹਿਲ ਭੁਪਾਲ ਤੋਂ ਐੱਮ.ਪੀ. ਪ੍ਰੱਗਯਾ ਠਾਕਰ ਵੀ ਗਊ ਦੇ ਮੂਤਰ ਨਾਲ ਕੈਂਸਰ ਠੀਕ ਹੋਣ ਬਾਰੇ ਕਹਿ ਚੁੱਕੀ ਹੈ। ਕੇਂਦਰ ਵਿੱਚ ਸਮਾਜਿਕ ਨਿਆਂ ਤੇ ਇੰਮਪਾਵਰਮੈਂਟ ਦੇ ਮਹਿਕਮੇ ਦੇ ਰਾਜ ਮੰਤਰੀ, ਮਹਾਰਾਸ਼ਟਰ ਤੋਂ ਰਾਮਦਾਸ ਅਠਾਵਲੇ ਉੱਤੇ ਕੈਮਰੇ ਦੇ ਸਾਹਮਣੇ, "ਕੋਰੋਨਾ ਗੋ, ਕੋਰੋਨਾ ਗੋ ' ਦੇ ਨਾਅਰਿਆਂ ਨਾਲ ਹੀ ਇਸ ਆਲਮੀ ਪੱਧਰ ਦੀ ਮਹਾਮਾਰੀ ਨੂੰ ਭਜਾਉਣ ਬਾਰੇ ਬੋਲ ਕੇ ਲੋਕ ਨੂੰ ਬੇਵਕੂਫ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਆਦਿੱਤਿਆ ਨਾਥ ਜੋਗੀ ਕਹਿੰਦੇ ਹਨ ਕਿ 'ਨੋ ਮੈਂਟਲ ਟੈਂਸ਼ਨ ਨੋ ਕੋਰੋਨਾ'। ਇਸੇ ਤਰਾਂ ਬਿਹਾਰ ਤੋਂ ਐੱਮ.ਪੀ. ਅਸ਼ਵਨੀ ਕੁਮਾਰ ਚੌਬੇ, ਜੋ ਕੇਂਦਰ ਵਿੱਚ ਸਿਹਤ ਮੰਤਰਾਲੇ ਵਿੱਚ ਰਾਜ ਮੰਤਰੀ ਹਨ, ਕਹਿੰਦੇ ਹਨ ਕਿ ਪੰਦਰਾਂ ਮਿੰਟ ਧੁੱਪ ਸੇਕਣ ਨਾਲ ਹੀ ਕਰੋਨਾ ਖ਼ਤਮ ਹੋ ਜਾਂਦਾ ਹੈ। ਇਹ ਸਭ ਲੋਕ ਪੁੱਠੇ-ਸਿੱਧੇ ਬਿਆਨ ਦੇ ਕੇ ਲੋਕਾਂ ਨੂੰ ਭੰਬਲਭੂਸੇ ਵਿੱਚ ਪਾਉਂਦੇ ਹਨ ਤੇ ਕੋਵਿੱਡ-19 ਰੋਗ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ ਵਿੱਚ ਰੁਕਾਵਟ ਪਾ ਕੇ ਇਸ ਨੂੰ ਹੋਰ ਫੈਲਾਉਣ ਲਈ ਜ਼ਿੰਮੇਵਾਰ ਬਣਦੇ ਹਨ। ਲੀਡਰ ਹੋਣ ਕਰਕੇ ਇਹਨਾਂ ਨੂੰ ਸੋਚ ਸਮਝ ਕੇ ਬੋਲਣਾ ਚਾਹੀਦਾ ਹੈ ਤਾਂ ਕਿ ਜਨਤਾ ਵਿਗਿਆਨਕ ਸੋਚ ਨੂੰ ਹੀ ਅਪਣਾਵੇ। ਜਿਵੇਂ ਐੱਚ.ਆਈ.ਵੀ. ਵਾਇਰਸ ਵਾਲੀ ਬੀਮਾਰੀ ਦਾ ਨਾਂ ਏਡਜ਼ ਹੈ, ਜੋ 1981 ਵਿੱਚ ਆਈ ਸੀ, ਇਸੇ ਤਰਾਂ 2019 ਵਿੱਚ ਆਏ ਨੋਵਲ-ਕੋਰੋਨਾ ਵਾਇਰਸ-19 ਦਵਾਰਾ ਪੈਦਾ ਕੀਤੇ ਹੋਏ ਰੋਗ ਦਾ ਨਾਮ 'ਕੋਵਿਡ-19' ਰੱਖਿਆ ਗਿਆ ਹੈ। ਪੂਰਾ ਨਾਮ ਹੈ 'ਕੋਰੋਨਾ ਵਾਇਰਸ ਡਿਸੀਜ਼-19' ਜੋ ਛੂਹਣ ਨਾਲ, ਖੰਘਣ, ਨਿੱਛਣ ਤੇ ਸਰੀਰ ਦੇ ਤਰਲ ਪਦਾਰਥ ਨਾਲ ਫੈਲਦੀ ਹੈ। ਅੰਕੜੇ ਰੋਜ਼ ਵਧ ਰਹੇ ਹਨ ਤੇ ਸਥਿਤੀ ਵਿਸਫੋਟਕ ਹੁੰਦੀ ਜਾ ਰਹੀ ਹੈ। ਜੇ ਤੁਹਾਡੀ ਇਮਿਊਨਿਟੀ ਯਾਨੀ ਕਿ ਰੋਗ ਨਾਲ ਲੜਨ ਦੀ ਤਾਕਤ ਚੰਗੀ ਹੈ ਤਾਂ ਤੁਸੀਂ ਬਚੇ ਰਹਿ ਸਕਦੇ ਹੋ। ਵਾਰ ਵਾਰ ਸਾਬਣ ਜਾਂ ਸੈਨੇਟਾਇਜ਼ਰ ਨਾਲ ਹੱਥ ਧੋਵੋ। ਅੱਖ, ਨੱਕ, ਮੂੰਹ ਆਦਿ ਵਿੱਚ ਹੱਥ/ਉਂਗਲ ਨਾ ਪਾਵੋ। ਸਫਾਈ ਰੱਖੋ, ਪੌਸ਼ਟਿਕ ਤੇ ਸੰਤੁਲਿਤ ਭੋਜਨ ਛਕੋ।

## ਸੋਸ਼ਲ ਮੀਡੀਆ 'ਤੇ ਵੀਡੀਓ ਦੇਖ ਕੇ ਦਵਾਈਆਂ ਨਾ ਖਾਓ

**ਬਮਿਆਲ/ਏ.ਟੀ.ਨਿਊਜ਼:** ਕੋਰੋਨਾ ਦੀ ਦਹਿਸ਼ਤ ਦੇ ਚਲਦੇ ਦੇਸ਼ ਭਰ ਦੇ ਲੋਕ ਇਸ ਦੇ ਕਹਿਰ ਤੋਂ ਬਚਣ ਲਈ ਵੱਖ-ਵੱਖ ਤਰਾਂ ਦੇ ਯਤਨ ਕਰ ਰਹੇ ਹਨ ਅਤੇ ਉਹ ਬਿਨਾਂ ਡਾਕਟਰ ਦੀ ਸਲਾਹ ਦੇ ਮਲਟੀ ਵਿਟਾਮਿਨ, ਵਿਟਾਮਿਨ-ਡੀ, ਵਿਟਾਮਿਨ-ਸੀ ਆਦਿ ਖਾ ਰਹੇ ਹਨ। ਭਾਵੇਂ ਕਿ ਇਹ ਮਲਟੀ ਵਿਟਾਮਿਨ ਅਤੇ ਵਿਟਾਮਿਨ-ਸੀ ਆਦਿ ਦਵਾਈਆਂ ਤਾਂ ਸ਼ਾਇਦ ਸਿਹਤ ਲਈ ਹਾਨੀਕਾਰਕ ਨਹੀਂ ਹਨ ਪਰ ਅਮਰੀਕਾ ਵਿਚ ਕੋਵਿਡ-19 ਦੇ ਪ੍ਰਕੋਪ ਦੇ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਵਲੋਂ ਕੋਰੋਨਾ ਨਾਲ ਨਿਪਟਣ ਲਈ ਇਕ ਪੁਰਾਣੀ ਦਵਾਈ 'ਕਲੋਰੋਕੇਨ ਅਤੇ ਹਾਈਡ੍ਰੋਕਸੀ ਕਲੋਰੋਕੇਨ ਨੂੰ ਮਰੀਜ਼ਾਂ ਦੇ ਇਲਾਜ ਵਿਚ ਸ਼ਾਮਿਲ ਕਰਨ ਲਈ ਟਰਾਇਲ ਕਰਨ ਦੀ ਆਗਿਆ ਦੇਣ ਦਾ ਐਲਾਨ ਕੀਤਾ ਸੀ। ਇਸ ਐਲਾਨ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਭਾਰਤ ਵਿਚ ਇਸ ਵੇਲੇ ਇਹ ਦੋਵਾਂ ਦਵਾਈਆਂ ਨੂੰ ਪ੍ਰਾਪਤ ਕਰਨ ਲਈ ਹੋੜ ਲੱਗੀ ਦਿਖ ਹੈ ਪਰ ਇਸ ਦੇ ਨਤੀਜੇ ਘਾਤਕ ਹੋ ਸਕਦੇ ਹਨ। ਕਿਉਂਕਿ ਦਰਅਸਲ ਕਲੋਰੋਕੇਨ ਇਕ ਐਂਟੀ ਮਲੇਰੀਆ ਡਰੱਗ ਹੈ ਤੇ ਹਾਈਡ੍ਰੋਕਸੀ ਕਲੋਰੋਕੇਨ ਜੋ ਕਿ ਗਠੀਆ ਦੀ ਬਿਮਾਰੀ ਲਈ ਉਪਯੋਗ ਕੀਤੀ ਜਾਂਦੀ ਹੈ। ਇਹ ਦਵਾਈ ਮਨੁੱਖ ਦੇ ਸਰੀਰ ਵਿਚ ਜ਼ਹਿਰੀਲਾ ਪਦਾਰਥ ਪੈਦਾ ਕਰਦੀ ਹੈ ਪਰ ਸੋਸ਼ਲ ਮੀਡੀਆ 'ਤੇ ਇਹ ਵੀਡੀਓ ਵਾਇਰਲ ਹੋਣ ਤੋਂ ਬਾਅਦ ਲੋਕਾਂ ਨੂੰ ਲੱਗ ਰਿਹਾ ਹੈ ਕਿ ਉਹ ਇਹ ਦਵਾਈ ਖਾਣ ਤੋਂ ਬਾਅਦ ਕੋਰੋਨਾ ਦੇ ਸ਼ਿਕਾਰ ਨਹੀਂ ਹੋਣਗੇ ਪਰ ਇਹ ਗਲਤ ਫਹਿਮੀ ਲੋਕਾਂ ਨੂੰ ਭਾਰੀ ਮੁਸੀਬਤ ਵਿਚ ਪਾ ਸਕਦੀ ਹੈ। ਹਾਈਡ੍ਰੋਕਸੀ ਕਲੋਰੋਕੇਨ ਇਕ ਐਸੀ ਦਵਾਈ ਹੈ, ਜੋ ਕਿ ਗਠੀਏ ਦੇ ਇਲਾਜ ਲਈ ਉਪਯੋਗ ਕੀਤੀ ਜਾਂਦੀ ਹੈ। ਕਲੋਰੋਕੇਨ ਦਾ ਸੇਵਨ ਕਰਨ ਨਾਲ ਚੱਕਰ, ਉਲਟੀ, ਧੁੰਦਲਾਪਨ ਆਮ ਲੱਛਣ ਹਨ ਅਤੇ ਕਲੋਰੀਨ ਦੀ 500 ਮਿਲੀਗ੍ਰਾਮ ਦੀ ਮਾਤਰਾ ਤੋਂ ਜ਼ਿਆਦਾ ਲੈਣ ਨਾਲ ਵਿਅਕਤੀ ਦੀ ਮੌਤ ਵੀ ਹੋ ਸਕਦੀ ਹੈ। ਇਸ ਤੋਂ ਇਲਾਵਾ ਹਾਈਡ੍ਰੋਕਸੀ ਕਲੋਰੋਕੇਨ ਦੀ ਗੱਲ ਕੀਤੀ ਜਾਵੇ ਤਾਂ ਉਸ ਦੀ ਓਵਰਡੋਜ਼ ਲੈਣ ਨਾਲ ਅੱਖਾਂ ਦਾ ਰੇਟੀਨਾ ਖ਼ਰਾਬ ਹੋ ਸਕਦਾ ਹੈ। ਪਰ ਇਸ ਦੇ ਬਾਵਜੂਦ ਵੀ ਭਾਰਤ ਵਾਸੀ ਇਸ ਵੇਲੇ ਕਰੋਨਾ ਦੇ ਸੰਕਰਮਣ ਤੋਂ ਬਚਣ ਲਈ ਬਿਨਾਂ ਡਾਕਟਰ ਦੀ ਸਲਾਹ ਲਏ ਇਨਾਂ ਦਵਾਈਆਂ ਦਾ ਸੇਵਨ ਕਰ ਰਹੇ ਹਨ। ਧਿਆਨ ਰਹੇ ਕਿ ਕਿਸੇ ਵੀ ਦੇਸ਼ ਵਿਚ ਡਾਕਟਰਾਂ ਵਲੋਂ ਇਨਾਂ ਦਵਾਈਆਂ ਦੇ ਉਪਯੋਗ ਕਰਨ ਦੀ ਆਗਿਆ ਨਹੀਂ ਦਿੱਤੀ ਗਈ ਹੈ। ਸਿਵਲ ਸਰਜਨ ਪਠਾਨਕੋਟ ਡਾ: ਵਿਨੋਦ ਸਰੀਨ ਦਾ ਕਹਿਣਾ ਹੈ ਕਿ ਇਨਾਂ ਦਵਾਈਆਂ ਸਬੰਧੀ ਸਿਹਤ ਵਿਭਾਗ ਵਲੋਂ ਕੋਈ ਵੀ ਦਿਸ਼ਾ-ਨਿਰਦੇਸ਼ ਜਾਰੀ ਨਹੀਂ ਕੀਤੇ ਗਏ, ਜਿਸ ਦੇ ਚਲਦੇ ਲੋਕਾਂ ਨੂੰ ਬਿਨਾਂ ਡਾਕਟਰ ਦੀ ਸਲਾਹ ਲਈ ਇਹ ਦਵਾਈਆਂ ਨਹੀਂ ਖਾਣੀਆਂ ਚਾਹੀਦੀਆਂ ਹਨ।

# ਕੋਰੋਨਾ ਸੰਕਟ ਮੌਕੇ ਗੁਰੂ ਕੀ ਗੋਲਕ ਦੀ ਮਹੱਤਤਾ ਅਤੇ ਸਰਬੱਤ ਦਾ ਭਲਾ ਮਿਸ਼ਨ

- ਬਘੇਲ ਸਿੰਘ ਧਾਲੀਵਾਲ
99142-58142

ਕਰੋਨਾ ਵਾਇਰਸ ਨਾਮ ਦੀ ਮਹਾਂਮਾਰੀ ਨੇ ਭਾਵੇਂ ਪੂਰੀ ਦੁਨੀਆਂ ਤੇ ਹਮਲਾ ਕੀਤਾ ਹੈ ਅਤੇ ਪੂਰੀ ਦੁਨੀਆਂ ਹੀ ਇਸ ਸਮੇ ਦਹਿਸ਼ਤ ਦੇ ਸਾਏ ਹੇਠ ਜਿਉਂ ਰਹੀ ਹੈ, ਪਰ ਭਾਰਤ ਵਰਗੇ ਮੁਲਕ ਦੇ ਹਾਲਾਤ ਕੁੱਝ ਵੱਖਰੇ ਹਨ। ਇੱਥੇ ਭੁੱਖਮਰੀ ਹੈ, ਇੱਥੇ ਵਿਤਕਰੇਬਾਜੀ ਦਾ ਬੋਲਬਾਲਾ ਹੈ, ਇੱਥੇ ਲੋਕ ਧਰਮਾਂ, ਜਾਤਾਂ, ਮਜਹਬਾਂ ‘ਚ ਬੁਰੀ ਤਰਾਂ ਵੰਡੇ ਹੋਏ ਹਨ। ਇੱਥੇ ਖੁਸਹਾਲੀ ਨਾਮ ਦੀ ਕੋਈ ਚੀਜ਼ ਨਹੀ ਹੈ। ਇੱਥੇ ਸਿਆਸਤ ਨੇ ਹਮੇਸਾਂ ਲੋਕਾਂ ਨੂੰ ਆਪਸ ਵਿੱਚ ਜਾਤਾਂ, ਧਰਮਾਂ, ਮਜਹਬਾਂ ਦੇ ਨਾਮ ਤੇ ਲੜਾ ਕੇ ਰੱਖਿਆ ਹੈ। ਇਸ ਲਈ ਇੱਥੋਂ ਦੀਆਂ ਸਮੱਸਿਆਵਾਂ ਬਾਕੀ ਦੁਨੀਆਂ ਤੋ ਕੁੱਝ ਹੱਟ ਕੇ ਹਨ। ਜਿਸ ਦਿਨ ਤੋ ਕਰੋਨਾ ਵਾਇਰਸ ਨਾਮ ਦੀ ਅਲਾਮਤ ਮਹਾਂਮਾਰੀ ਬਣਕੇ ਦੁਨੀਆਂ ਚ ਫੈਲਣੀ ਸ਼ੁਰੂ ਹੋਈ ਹੈ, ਉਸ ਦਿਨ ਤੋ ਹੀ ਭਾਰਤ ਅੰਦਰ ਵੀ ਇਸ ਵਾਇਰਸ ਦੀ ਦਹਿਸ਼ਤ ਬਣੀ ਹੋਈ ਹੈ, ਕਿਉਕਿ ਵੱਡੀ ਗਿਣਤੀ ਵਿੱਚ ਭਾਰਤੀ ਰੋਜੀ ਰੋਟੀ ਲਈ ਉਹਨਾਂ ਮੁਲਕਾਂ ‘ਚ ਗਏ ਹੋਏ ਹਨ, ਜਿੰਨਾਂ ਨੂੰ ਇਸ ਬਿਮਾਰੀ ਨੇ ਅਪਣੀ ਲਪੇਟ ‘ਚ ਲਿਆ ਹੋਇਆ ਹੈ।

ਭਾਰਤੀਆਂ ਦਾ ਆਉਣਾ ਜਾਣਾ ਹੀ ਇਸ ਬਿਮਾਰੀ ਦਾ ਭਾਰਤ ਅੰਦਰ ਪ੍ਰਵੇਸ਼ ਦੁਆਰ ਬਣਿਆ ਹੈ, ਜਿਸ ਤੋ ਇਹ ਇੱਕ ਤੋ ਅੱਗੇ ਅੱਗੇ ਫੈਲਦਾ ਗਿਆ ਤੇ ਹਾਲਾਤ ਇੱਥੋਂ ਤੱਕ ਪੁੱਜ ਗਏ। ਭਾਰਤ ਹੀ ਨਹੀ ਬਲਕਿ ਪੂਰੀ ਦੁਨੀਆਂ ਵਿੱਚ ਹੀ ਇਸ ਵਾਇਰਸ ਦੇ ਫੈਲਣ ਦਾ ਕਾਰਨ ਅੰਤਰਰਾਸ਼ਟਰੀ ਆਵਾਜਾਈ ਹੀ ਬਣੀ ਹੈ। ਜਦੋਂ ਤੱਕ ਇਸ ਦੇ ਦੂਰ ਪਰਭਾਵਾਂ ਦਾ ਪਤਾ ਲੱਗਾ,ਉਦੋ ਤੱਕ ਇਹ ਦੁਨੀਆਂ ਦੇ ਦਰਜਨਾਂ ਮੁਲਕਾਂ ਵਿੱਚ ਅਪਣੇ ਪੈਰ ਪਸਾਰ ਚੁੱਕਾ ਸੀ,ਜਿੰਨਾਂ ਵਿੱਚ ਭਾਰਤ ਵੀ ਸ਼ਾਮਲ ਹੈ। ਸੋ ਭਾਰਤ ਦੀ ਗੱਲ ਜਿਸ ਤਰਾਂ ਉੱਪਰ ਵੀ ਕੀਤੀ ਗਈ ਹੈ ਕਿ ਇੱਥੋਂ ਦੇ ਹਾਲਾਤ ਕੁੱਝ ਵੱਖਰੇ ਹੋਣ ਕਰਕੇ ਸਮੱਸਿਆਵਾਂ ਵੀ ਵਧੇਰੇ ਹਨ। ਇੱਕ ਤਾਂ ਜਿਸਤਰਾਂ ਕੇਂਦਰ ਸਰਕਾਰ ਨੇ ਇਸ ਬਿਮਾਰੀ ਤੇ ਕਾਬੂ ਪਾਉਣ ਲਈ ਸਾਵਧਾਨੀ ਵਰਤੀ ਹੈ ਤੇ ਜਲਦੀ ਕਾਰਵਾਈ ਕਰਦਿਆਂ ਪੂਰੇ ਦੇਸ਼ ਅੰਦਰ ਲੌਕ ਡਾਉਨ ਦੇ ਹੁਕਮ ਕੀਤੇ ਹਨ, ਭਾਵ ਲੋਕਾਂ ਨੂੰ ਕੰਮ ਕਾਰ ਬੰਦ ਕਰਕੇ ਘਰਾਂ ਦੇ ਅੰਦਰ ਹੀ ਰਹਿਣ ਦੀ ਤਾਕੀਦ ਕੀਤੀ ਹੈ, ਉਹਦੇ ਨਾਲ ਇੱਕ ਨਵੀਂ ਸਮੱਸਿਆ ਹੋਰ ਬਣਦੀ ਸਾਹਮਣੇ ਆ ਰਹੀ ਹੈ। ਉਹ ਇਹ ਹੈ ਕਿ ਜਿਸ ਬੰਦੇ ਨੇ ਦਿਹਾੜੀ ਕਰਕੇ ਸਾਮ ਨੂੰ ਪਰਿਬਾਰ ਲਈ ਰੋਟੀ ਦਾ ਇੰਤਜਾਮ ਕਰਨਾ ਸੀ,ਉਹਨਾਂ ਲੋਕਾਂ ਲਈ ਅੰਦਰ ਬੜਕੇ ਬੈਠਣਾ ਸਖਤ ਸਜ਼ਾ ਤੋ ਵੀ ਬੁਰਾ ਹੈ, ਕਿਉਕਿ ਸਰਕਾਰ ਉਹਨਾਂ ਤੱਕ ਕਿਸੇ ਵੀ ਹਾਲ ਰੋਟੀ ਪੁੱਜਦੀ ਕਰਨ ਵਿੱਚ ਕਾਮਯਾਬ ਹੁੰਦੀ ਦਿਖਾਈ ਨਹੀ ਦਿੰਦੀ।



ਇਹ ਮਹਾਂਮਾਰੀ ਦੇ ਖਤਰਿਆਂ ਤੋ ਵੀ ਮੁਨਕਰ ਹੋਣਾ ਸਿਆਣਪ ਨਹੀ,ਪਰ ਇਹਦੀ ਰੋਕਥਾਮ ਦੇ ਨਾਲ ਨਾਲ ਉਹਨਾਂ ਕਰੋੜਾਂ ਲੋਕਾਂ ਦੀ ਦੋ ਵਖਤ ਦੀ ਪੇਟ ਭਰ ਰੋਟੀ ਦਾ ਇੰਤਜਾਮ ਕਰਨਾ ਵੀ ਤਾਂ ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਭਾਵੇਂ ਬਹੁਤ ਸਾਰੀਆਂ ਸੰਸਥਾਵਾਂ ਨੇ ਉਪਰਾਲੇ ਸ਼ੁਰੂ ਕੀਤੇ ਹੋਏ ਹਨ,ਪਰ ਉਹ ਕਾਫੀ ਨਹੀ ਸਮਝੇ ਜਾ ਸਕਦੇ। ਜੇਕਰ ਗੱਲ ਪੰਜਾਬ ਦੀ ਕੀਤੀ ਜਾਵੇ ਤਾਂ ਇੱਥੇ ਵੀ ਉਹਨਾਂ ਗਰੀਬ ਲੋਕਾਂ ਦੀ ਕਾਫੀ ਗਿਣਤੀ ਹੈ, ਜਿਹੜੇ ਸਵੇਰੇ ਕੰਮ ਤੇ ਜਾ ਕੇ ਸਾਮ ਨੂੰ ਰਾਸ਼ਨ ਲੈ ਕੇ ਪਰਿਵਾਰ ਪਾਲਦੇ ਹਨ। ਉਹਨਾਂ ਗਰੀਬ ਲੋਕਾਂ ਤੱਕ ਪੇਟ ਭਰ ਖਾਣਾ ਭੇਜਣ ਦੀ ਜ਼ਿੰਮੇਵਾਰੀ ਸਰਕਾਰ ਤੋ ਇਲਾਵਾ ਸਰੋਮਣੀ ਕਮੇਟੀ ਨੇ ਲੈ ਲਈ ਹੈ, ਮੋਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਤੋ ਜਿੱਥੇ ਵੀ ਜਰੂਰਤ ਹੁੰਦੀ ਹੈ, ਉੱਥੇ ਲੰਗਰ ਭੇਜਿਆ ਜਾ ਰਿਹਾ ਹੈ,ਜਿਸ ਨਾਲ ਉਹਨਾਂ ਲੋਕਾਂ ਨੂੰ ਵੀ ਅਪਣੇ ਆਪ ਉਹਨਾਂ ਦੇ ਬੇਹੂਦੇ ਸੁਆਲਾਂ ਦਾ ਜਵਾਬ ਵੀ ਮਿਲ ਗਿਆ ਹੋਵੇਗਾ, ਜਿਹੜੇ ਗੁਰਦੁਆਰਿਆਂ ਤੇ ਅਕਸਰ ਹੀ ਉਂਗਲਾਂ ਚੁੱਕਦੇ ਰਹਿੰਦੇ ਹਨ,ਗੁਰੂ ਦੀ ਗੋਲਕ ਤੇ ਇਤਰਾਜ਼ ਕਰਦੇ ਹਨ। ਉਹਨਾਂ ਲੋਕਾਂ ਨੂੰ ਗੁਰੂ ਕੀ ਗੋਲਕ ਅਤੇ ਗੁਰੂ ਕੇ ਲੰਗਰਾਂ ਦੀ ਮਹਾਨਤਾ ਹੁਣ ਸਮਝ ਆ ਜਾਣੀ ਚਾਹੀਦੀ ਹੈ। ਇਹ ਸੱਚ ਹੈ ਕਿ ਸਕੂਲ ਚੰਗੀ ਸਿੱਖਿਆ ਦੇ ਸਕਦੇ ਹਨ, ਬੌਧਿਕ ਪੱਧਰ ਉੱਚਾ ਚੁੱਕ ਸਕਦੇ ਹਨ,ਚੰਗੇ ਹਸਪਤਾਲ ਵਧੀਆ ਸਿਹਤ ਸਹੂਲਤਾਂ ਦੇ ਸਕਦੇ ਹਨ,ਪਰ ਇਹ ਵੀ ਸੱਚ ਹੈ ਕਿ ਅਜਿਹੇ ਹਲਾਤਾਂ ਵਿੱਚ ਭੁੱਖੇ ਨੂੰ ਰੋਟੀ ਸਕੂਲ ਚੋ ਨਹੀ ਮਿਲ ਸਕਦੀ ਹੈ, ਸਿਰਫ ਚੰਗੀ ਸਿੱਖਿਆ ਹੀ ਮਿਲ ਸਕਦੀ ਹੈ,ਇਸੇ ਤਰਾਂ ਹੀ ਹਸਪਤਾਲਾਂ ਚੋ ਚੰਗਾ ਇਲਾਜ ਹੋ ਸਕਦਾ ਹੈ, ਪਰ ਰੋਟੀ ਹਸਪਤਾਲ ‘ਚੋਂ ਵੀ ਨਹੀ ਮਿਲ ਸਕਦੀ। ਪੀ ਜੀ ਆਈ ਤੋ ਵੱਡਾ ਹਸਪਤਾਲ ਪੰਜਾਬ,ਹਰਿਆਣ ਅਤੇ ਹਿਮਾਚਲ ਵਿੱਚ ਕੋਈ ਨਹੀ,ਪ੍ਰੰਤੂ ਅਜਿਹੇ ਹਾਲਾਤਾਂ ਵਿੱਚ ਰੋਟੀ ਉਥੇ ਵੀ ਗੁਰਦੁਆਰਾ ਸਾਹਿਬ ਤੋਂ ਹੀ ਜਾਂਦੀ ਹੈ।

ਸੋ ਅਗਲੀ ਗੱਲ ਇਹ ਹੈ ਕਿ ਜਿਲਾ ਹੈਡਕੁਆਰਟਰਾਂ ਤੇ ਸਰਕਾਰ ਨੇ ਹਰ ਲੋੜਵੰਦ ਤੱਕ ਖਾਣਾ ਭੇਜਣ ਦੀਆਂ ਹਦਾਇਤਾਂ ਕੀਤੀਆਂ ਹਨ,ਪਰ ਫਿਰ ਵੀ ਇਹ ਸੰਭਵ ਨਹੀ ਕਿ ਹਰ ਭੁੱਖੇ ਨੂੰ ਪੇਟ ਭਰ ਭੋਜਨ ਮੁਹੱਈਆ ਕਰਵਾਇਆ ਜਾ ਸਕੇ। ਇੱਥੇ ਵੀ ਗੁਰਦੁਅਰਾ ਕਮੇਟੀਆਂ ਨੇ ਇਹ ਕਾਰਜ ਅਰੰਭੇ ਹੋਏ ਹਨ। ਇੱਥੇ ਇਹ ਕਹਿਣਾ ਵੀ ਗਲਤ ਨਹੀ ਹੋਵੇਗਾ ਕਿ ਅੱਜ ਬਹੁਤ ਸਾਰੀਆਂ ਹੋਰ ਵੀ ਸਮਾਜ ਸੇਵੀ ਸੰਸਥਾਵਾਂ ਇਸ ਕਾਰਜ ਵਿੱਚ ਲੱਗੀਆਂ ਹੋਈਆਂ ਹਨ,ਪਰ ਉਹਨਾਂ ਨੂੰ ਵੀ ਪਰੇਰਨਾ ਗੁਰੂ ਕੇ ਲੰਗਰ ਦੀ ਮਹਾਨ ਪ੍ਰੰਪਰਾ ਅਤੇ ਸਿੱਖੀ ਦੇ ਸਰਬੱਤ ਦੇ ਭਲੇ ਦੇ ਸੰਕਲਪ ਤੋ ਹੀ ਮਿਲੀ ਹੈ। ਇੱਥੇ ਗੁਰੂ ਕੀ ਗੋਲਕ ਗਰੀਬ ਦਾ ਮੂੰਹ ਸਿਰਫ ਕਹਿਣ ਦੀਆਂ ਹੀ ਗੱਲਾਂ ਨਹੀ ਹਨ,ਬਲਕਿ ਹੁਣ ਜਦੋ ਪੂਰੀ ਦੁਨੀਆਂ ਮਹਾਂਮਾਰੀ ਦੀ ਮਾਰ ਝੱਲ ਰਹੀ ਹੈ ਤਾਂ ਇਹ ਗੁਰਦੁਆਰੇ ਹੀ ਹਨ, ਜਿੱਥੋਂ ਅਜਿਹੀਆਂ ਆਫਤਾਂ ਵਿੱਚ ਲੋੜਵੰਦਾਂ ਨੂੰ ਦੋ ਵਖਤ ਦਾ ਭੋਜਨ ਮੁਹੱਈਆ ਕਰਵਾਇਆ ਜਾ ਰਿਹਾ ਹੈ।

ਇਹ ਗੁਰੂ ਦੀ ਗੋਲਕ ਦਾ ਹੀ ਪਰਤਾਪ ਹੈ ਕਿ ਹਰ ਭੁੱਖੇ ਨੂੰ ਪੇਟ ਭਰ ਖਾਣਾ ਮਿਲਦਾ ਹੈ। ਰਹਿਣ ਲਈ ਛੱਤ ਮਿਲਦੀ ਹੈ। ਦੁਨੀਆਂ ਦੇ ਕਿਸੇ ਵੀ ਧਰਮ ਦੇ ਹਿੱਸੇ ਇਹ ਵਡਿਆਈ ਨਹੀ ਆਈ ਜੋ ਗੁਰੂ ਸਹਿਬਾਨਾਂ ਨੇ ਸਿੱਖ ਕੌਂਮ ਨੂੰ ਬਖਸ਼ੀ ਹੈ। ਦੁਨੀਆਂ ਦੇ ਕਿਸੇ ਵੀ ਖਿੱਤੇ ਵਿੱਚ ਜਿੱਥੇ ਸਿੱਖ ਵਸਦੇ ਹਨ,ਉਹਨਾਂ ਨੇ ਉਥੇ ਸਭ ਤੋ ਪਹਿਲਾਂ ਗੁਰਦੁਆਰੇ ਬਣਾਏ ਹਨ,ਕੀ ਕੋਈ ਵਿਰੋਧੀ ਸੋਚ ਵਾਲਾ ਇਹ ਦਾਅਵੇ ਨਾਲ ਕਹਿ ਸਕਦਾ ਹੈ ਕਿ ਦੁਨੀਆਂ ਦੇ ਕਿਸੇ ਵੀ ਖਿੱਤੇ ਵਿੱਚ ਬਣੇ ਗੁਰਦੁਆਰਾ ਸਾਹਿਬ ਤੋ ਕਦੇ ਕੋਈ ਲੋੜਵੰਦ ਨਿਰਾਸ਼ ਪਰਤਿਆ ਹੋਵੇ, ਹਾਂ ਇਸ ਗੱਲ ਤੋ ਵੀ ਮੁਨਕਰ ਨਹੀ ਹੋਇਆ ਜਾ ਸਕਦਾ ਕਿ ਵਕਤੀ ਤੌਰ ਤੇ ਪ੍ਰਬੰਧ ਮਾੜੇ ਲੋਕਾਂ ਕੋਲ ਹੋਣ ਕਰਕੇ ਕੁਰਿਹਤਾਂ ਹੋ ਸਕਦੀਆਂ ਹਨ,ਪਰ ਕਿਸੇ ਵਿਅਕਤੀ ਵਿਸ਼ੇਸ਼ ਦੀਆਂ ਦੀਆਂ ਕੁਰਿਹਤੀ ਗਲਤੀਆਂ ਨੂੰ ਗੁਰਦੁਆਰੇ,ਗੋਲਕਾਂ ਅਤੇ ਲੰਗਰ ਦੇ ਸੰਕਲਪ ਨੂੰ ਹੀ ਢਾਹ ਲਾਉਣ ਜਾਂ ਝੁਠਲਾਉਣ ਨੂੰ ਕਿਸੇ ਵੀ ਕੀਮਤ ਤੇ ਬਰਦਾਸਤ ਨਹੀ ਕੀਤਾ ਜਾ ਸਕਦਾ।

## ਕੋਰੋਨਾ ਦੀ ਦਹਿਸ਼ਤ ਕਾਰਨ ਪੰਜਾਬੀ ਆਪਣੇ ਰਿਸ਼ਤਿਆਂ ਤੋਂ ਡਰਨ ਲੱਗ ਪਏ

**ਲੰਬੀ/ ਏ.ਟੀ. ਨਿਊਜ਼:** ਕਰੋਨਾ ਦੇ ਖੌਫ਼ ਨੇ ਪਰਿਵਾਰ ਲਈ ਉਨਾਂ ਦੇ ਜੰਮੇ-ਜਾਏ ਵੀ ਬਿਗਾਨੇ ਬਣਾ ਦਿੱਤੇ ਹਨ। ਆਨੰਦਪੁਰ ਸਾਹਿਬ ਤੋਂ ਪਰਤੇ ਨਿਹੰਗ ਨੌਜਵਾਨ ਨੂੰ ਉਸ ਦੇ ਜੱਦੀ ਪਿੰਡ ਫਤੂਹੀਵਾਲਾ ਦੀ ਜੂਹ ‘ਤੇ ਰੋਕ ਕੇ ਅੰਦਰ ਦਾਖਲ ਹੋਣੋਂ ਮਨਾ ਕਰ ਦਿੱਤਾ ਗਿਆ। ਪਿੰਡ ਦਾ 16 ਸਾਲਾ ਨਿਹੰਗ ਨੌਜਵਾਨ ਜਸ਼ਨਦੀਪ ਸਿੰਘ 9 ਮਾਰਚ ਨੂੰ ਆਨੰਦਪੁਰ ਗਿਆ ਸੀ ਅਤੇ ਉਥੋਂ 19 ਮਾਰਚ ਨੂੰ ਤਲਵੰਡੀ ਸਾਬੋ ਆ ਗਿਆ ਸੀ। ਹੁਣ ਉਹ ਪਿੰਡ ਪਰਤ ਆਇਆ। ਉਸ ਨੂੰ ਹਲਕਾ ਜ਼ੁਕਾਮ ਅਤੇ ਖਾਂਸੀ ਦੀ ਸ਼ਿਕਾਇਤ ਦੱਸੀ ਜਾਂਦੀ ਹੈ। ਪਿੰਡ ਨੂੰ ਕਰੋਨਾ ਦੀ ਸ਼ੱਕੀ ਮਾਰ ਤੋਂ ਬਚਾਉਣ ਲਈ ਪੰਚਾਇਤ ਅਤੇ ਪਰਿਵਾਰਕ ਮੈਂਬਰ ਪਿੰਡ ਵਿੱਚ ਦਾਖਲ ਹੋਣ ਦੇਣ ਤੋਂ ਪਹਿਲਾਂ ਉਸ ਦੀ ਮੈਡੀਕਲ ਜਾਂਚ ਲਈ ਅੜੇ ਹੋਏ ਸਨ। ਸਰਪੰਚ ਮਨਦੀਪ ਸਿੰਘ ਢਿੱਲੋਂ ਨੇ ਡਿਪਟੀ ਕਮਿਸ਼ਨਰ ਦਫ਼ਤਰ ਤੋਂ ਲੈ ਕੇ ਪ੍ਰਸ਼ਾਸਨ ਦੇ ਹਰੇਕ ਪੱਧਰ ਤੱਕ ਨੌਜਵਾਨ ਦੀ ਹਾਲਤ ਸਬੰਧੀ ਸੰਪਰਕ ਕੀਤਾ। ਇਸ ਦੇ ਬਾਵਜੂਦ ਕਿਸੇ ਨੇ ਉੱਕਾ ਹੀ ਗੱਲ ਨਹੀਂ ਸੁਣੀ। ਸਿਹਤ ਵਿਭਾਗ ਲੰਬੀ ਨੇ ਇੱਕ ਏਐੱਨਐੱਮ ਭੇਜ ਕੇ ਮੈਡੀਕਲ ਜਾਂਚ ਦਾ ਬੁੱਤਾ ਸਾਰ ਦਿੱਤਾ। ਜਸ਼ਨਦੀਪ ਸਿੰਘ ਦੁਪਹਿਰ ਤਿੰਨ ਵਜੇ ਤੋਂ ਸ਼ਾਮ ਕਰੀਬ ਸੱਤ ਵਜੇ ਤੱਕ ਪਿੰਡ ਦੀ ਜੂਹ ‘ਤੇ ਬੈਠਾ ਰਿਹਾ। ਜਸ਼ਨਦੀਪ ਨੇ ਕਿਹਾ ਕਿ ਉਹ ਬਾਬਾ ਦਲ ਸਿੰਘ ਗਤਕਾ ਅਕੈਡਮੀ ਤਲਵੰਡੀ ਸਾਬੋ ਦਾ ਸ਼ਾਗਿਰਦ ਹੈ। ਉਸ ਦੀ ਜਾਂਚ ਕਰਵਾਈ ਜਾਵੇ ਪਰ ਦੁਪਹਿਰ ਤੋਂ ਅਜੇ ਤੱਕ ਕੋਈ ਡਾਕਟਰ ਨਹੀਂ ਆਇਆ। ਨਿਹੰਗ ਜਸ਼ਨਦੀਪ ਸਿੰਘ ਦੇ ਤਾਇਆ ਰੂਪ ਸਿੰਘ ਅਤੇ ਸਕੇ ਭਰਾ ਨੇ ਕਿਹਾ ਕਿ ਜਸ਼ਨਦੀਪ ਸਿੰਘ ਦੀ ਮੈਡੀਕਲ ਜਾਂਚ ਹੋਣੀ ਚਾਹੀਦੀ ਹੈ। ਸਿਹਤ ਵਿਭਾਗ ਦੀ ਏਐੱਨਐੱਮ ਵੀਰਪਾਲ ਕੌਰ ਨੇ ਕਿਹਾ ਕਿ ਜਸ਼ਨਦੀਪ ਸਿੰਘ ਦੀ ਮੁੱਢਲੀ ਜਾਂਚ ਨਾਰਮਲ ਹੈ। ਉਸ ਨੂੰ ਇਕਾਂਤਵਾਸ ਵਿਚ ਰੱਖਣ ਲਈ ਆਖਿਆ ਗਿਆ ਹੈ।

ਮਾਛੀਵਾੜਾ ਨੇੜਲੇ ਪਿੰਡ ਚੱਕੀ ਵਿਚ ਹੋਲੇ ਮਹੱਲੇ ਤੋਂ ਪਰਤੇ ਇਸ ਪਿੰਡ ਦੇ ਜਗਦੀਸ਼ ਕੁਮਾਰ (45) ਦੀ ਮੌਤ ਹੋ ਗਈ ਅਤੇ ਉਸ ਦਾ ਸਸਕਾਰ ਕਰਨ ਲਈ ਪਿੰਡ ਦਾ ਵਿਅਕਤੀ ਤਾਂ ਦੂਰ ਪਰਿਵਾਰਕ ਮੈਂਬਰ ਵੀ ਨੇੜੇ ਨਾ ਆਏ। ਜਾਣਕਾਰੀ ਅਨੁਸਾਰ ਜਗਦੀਸ਼ ਕੁਮਾਰ ਕੁੱਝ ਦਿਨ ਪਹਿਲਾਂ ਹੋਲੇ ਮਹੱਲੇ ‘ਤੇ ਆਨੰਦਪੁਰ ਸਾਹਿਬ ਗਿਆ ਸੀ ਅਤੇ ਉਥੋਂ ਵਾਪਸ ਆਉਣ ਉਪਰੰਤ ਬਿਮਾਰ ਰਹਿਣ ਲੱਗ ਪਿਆ। ਪਰਿਵਾਰਕ ਮੈਂਬਰਾਂ ਅਨੁਸਾਰ ਪਿਛਲੇ ਕੁੱਝ ਦਿਨਾਂ ਤੋਂ ਉਸ ਨੂੰ ਖਾਂਸੀ, ਜ਼ੁਕਾਮ ਤੇ ਸਾਹ ਲੈਣ ਦੀ ਸਮੱਸਿਆ ਸੀ ਜਿਸ ਸਬੰਧੀ ਉਹ ਨੇੜਲੇ ਡਾਕਟਰ ਤੋਂ ਦਵਾਈ ਲੈਂਦਾ ਰਿਹਾ। ਜਗਦੀਸ਼ ਕੁਮਾਰ ਆਪਣੇ ਪਰਿਵਾਰਕ ਮੈਂਬਰ ਤੋਂ ਵੱਖ ਨੇੜੇ ਹੀ ਅਲੱਗ ਘਰ ਵਿਚ ਰਹਿੰਦਾ ਸੀ ਅਤੇ ਅੱਜ ਸੁੱਤੇ ਪਏ ਉਸ ਦੀ ਮੌਤ ਹੋ ਗਈ। ਜਗਦੀਸ਼ ਕੁਮਾਰ ਦੀ ਮੌਤ ਦੀ ਸੂਚਨਾ ਪੰਚਾਇਤ ਨੇ ਸਿਹਤ ਵਿਭਾਗ ਤੇ ਪ੍ਰਸਾਸ਼ਨ ਨੂੰ ਦਿੱਤੀ ਜਿਸ ‘ਤੇ ਟੀਮ ਨੇ ਦੂਰ ਤੋਂ ਹੀ ਲਾਸ਼ ਦਾ ਮੁਆਇਨਾ ਕਰ ਕੇ ਪਿੰਡ ਵਾਸੀਆਂ ਨੂੰ ਕਹਿ ਦਿੱਤਾ ਕਿ ਉਸ ਦੀ ਮੌਤ ਦਾ ਕਾਰਨ ਕਰੋਨਾਵਾਇਰਸ ਨਹੀਂ ਜਿਸ ਲਈ ਉਸ ਦਾ ਸਸਕਾਰ ਕਰ ਦਿੱਤਾ ਜਾਵੇ। ਕੁੱਝ ਸਮੇਂ ਬਾਅਦ ਪੰਚਾਇਤ ਨੇ ਫਿਰ ਫੈਸਲਾ ਕੀਤਾ ਕਿ ਜਦੋਂ ਤੱਕ ਜਗਦੀਸ਼ ਦਾ ਕਰੋਨਾਵਾਇਰਸ ਦਾ ਟੈਸਟ ਨਹੀਂ ਹੋ ਜਾਂਦਾ ਉਹ ਲਾਸ਼ ਨੂੰ ਹੱਥ ਨਹੀਂ ਲਗਾਉਣਗੇ। ਪਿੰਡ ਨਿਵਾਸੀਆਂ ਨੇ ਫਿਰ ਪੁਲੀਸ ਤੇ ਸਿਹਤ ਵਿਭਾਗ ਨੂੰ ਸੂਚਿਤ ਕੀਤਾ ਕਿ ਜਦੋਂ ਤੱਕ ਮ੍ਰਿਤਕ ਤੇ ਉਸ ਦੇ ਪਰਿਵਾਰਕ ਮੈਂਬਰਾਂ ਦਾ ਟੈਸਟ ਨਹੀਂ ਲਿਆ ਜਾਂਦਾ ਉਹ ਸਸਕਾਰ ਨਹੀਂ ਕਰਨਗੇ। ਇਸ ਤੋਂ ਬਾਅਦ ਟੀਮ ਦੁਬਾਰਾ ਆਈ ਤੇ ਜਿਸ ਤੋਂ ਬਾਅਦ ਸਸਕਾਰ ਕੀਤਾ ਗਿਆ।

## ਪੰਜਾਬ ਵਿਚ ਸਵਾ ਲੱਖ ਵਿਆਹ ਕਰੋਨਾ ਕਾਰਨ ਰੁਕੇ

**ਚੰਡੀਗੜ/ ਏ.ਟੀ.ਨਿਊਜ਼:** ਕਰੋਨਾਵਾਇਰਸ ਦੇ ਵਧਦੇ ਖਤਰੇ ਦੇ ਮੱਦੇਨਜ਼ਰ ਪੰਜਾਬ ਦੇ ਕਰ ਤੇ ਆਬਕਾਰੀ ਵਿਭਾਗ ਨੇ 15 ਮਾਰਚ ਤੋਂ ਵਿਆਹਾਂ ਲਈ ਸ਼ਰਾਬ ਦੇਣ ਲਈ ਪਰਮਿਟ ਬਣਾਉਣੇ ਬੰਦ ਕਰ ਦਿੱਤੇ ਸਨ ਤੇ ਵਿਆਹ ਸਮਾਗਮ ਅੱਧ ਮਾਰਚ ਤੋਂ ਬੰਦ ਹੋ ਗਏ ਸਨ। ਇਕ ਅੰਦਾਜ਼ੇ ਮੁਤਾਬਕ ਵਿਆਹ ਬੰਦ ਹੋਣ ਕਰਕੇ 31 ਮਾਰਚ ਤਕ ਮੈਰਿਜ ਪੈਲੇਸ ਮਾਲਕਾਂ ਨੂੰ ਪੰਜਾਹ ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋ ਗਿਆ ਹੈ। ਸੂਬੇ ਦੇ ਸ਼ਰਾਬ ਦੇ ਠੇਕੇਦਾਰਾਂ ਨੂੰ ਵਿਆਹ ਅਤੇ ਰੋਜ਼ਾਨਾ ਦੀ ਵਿਕਰੀ ਬੰਦ ਹੋਣ ਕਰਕੇ ਭਾਰੀ ਨੁਕਸਾਨ ਉਠਾਉਣਾ ਪਿਆ ਹੈ। ਸੂਬੇ ਵਿਚ ਰੋਜ਼ਾਨਾ 15 ਕਰੋੜ ਰੁਪਏ ਦੀ ਸ਼ਰਾਬ ਵਿਕਦੀ ਸੀ ਤੇ ਪਿਛਲੇ ਦਸ ਦਿਨਾਂ ਤੋਂ ਠੇਕੇ ਬੰਦ ਹਨ ਤੇ ਦਸ ਦਿਨਾਂ ਵਿਚ ਹੀ 150 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋ ਗਿਆ ਹੈ ਤੇ ਵਿਆਹਾਂ ਲਈ ਪੰਦਰਾਂ ਦਿਨਾਂ ਤੋਂ ਸ਼ਰਾਬ ਨਹੀਂ ਵਿਕੀ ਅਤੇ ਅਗਲੇ ਮਹੀਨੇ ਵਿਕਣ ਦੀ ਉਮੀਦ ਘੱਟ ਹੈ ਤੇ ਇਸ ਲਈ ਸ਼ਰਾਬ ਤੋਂ ਕਾਫੀ ਵੱਡਾ ਨੁਕਸਾਨ ਝੱਲਣਾ ਪੈ ਸਕਦਾ ਹੈ। ਸੂਬੇ ਦੇ ਠੇਕੇਦਾਰ ਮੰਗ ਕਰ ਰਹੇ ਹਨ ਕਿ ਉਨਾਂ ਨੂੰ ਕਰਫਿਊ ਵਿਚ ਢਿੱਲ ਸਮੇਂ ਦੋਂ ਘੰਟੇ ਠੇਕੇ ਖੋਲਣ ਦੀ ਮੋਹਲਤ ਦਿੱਤੀ ਜਾਵੇ। ਪਾਮਜ਼ ਜ਼ੀਰਕਪੁਰ ਮੈਰਿਜ ਪੈਲੇਸ ਦੇ ਮਾਲਕ ਸੰਦੀਪ ਸ਼ਰਮਾ ਨੇ ਕਿਹਾ ਕਿ ਉਨਾਂ ਕੋਲ ਮਾਰਚ ਮਹੀਨੇ ਵਿਚ ਦਸ ਦੇ ਕਰੀਬ ਵਿਆਹਾਂ ਦੇ ਸਮਾਗਮ ਸਨ ਤੇ 14 ਮਾਰਚ ਤੋਂ ਬਾਅਦ ਕੋਈ ਵਿਆਹ ਨਹੀਂ ਹੋ ਸਕਿਆ ਤੇ ਅਪਰੈਲ ਮਹੀਨੇ ਲਈ ਹੋਈ ਬੁਕਿੰਗ ਵੀ ਰੱਦ ਕਰਨੀ ਪੈ ਰਹੀ ਹੈ। ਹਾਲ ਇਹ ਹਨ ਕਿ ਹਰ ਮੈਰਿਜ ਪੈਲੇਸ ਦੀ ਮਾਰਚ ਮਹੀਨੇ ਵਿਚ ਹੀ ਅੱਠ ਤੋਂ ਲੈ ਕੇ ਦਸ ਵਿਆਹਾਂ ਦੇ ਸਮਾਗਮਾਂ ਦੀ ਬੁਕਿੰਗ ਸੀ ਜਿਹੜੀ ਰੱਦ ਕਰਨੀ ਪਈ ਹੈ। ਵਿਆਹ ਰੱਦ ਕਰਨ ਨਾਲ ਕੇਵਲ ਮੈਰਿਜ ਪੈਲੇਸ ਨੂੰ ਹੀ ਨਹੀਂ ਸਗੋਂ ਕੇਟਰਿੰਗ ਸਰਵਿਸ, ਸਜਾਵਟ, ਗੀਤ ਸੰਗੀਤ ਡੀਜੇ ਵਾਲਿਆਂ, ਫੋਟੋਗ੍ਰਾਫਰਾਂ, ਢੋਲੀਆਂ ਆਦਿ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ ਹੈ। ਇਸ ਦੇ ਨਾਲ ਹੀ ਰੋਜ਼ਾਨਾ ਦਿਹਾੜੀ ‘ਤੇ ਕਾਫੀ ਸਟਾਫ ਆਉਂਦਾ ਸੀ, ਉਸ ਦਾ ਕੰਮ-ਕਾਜ ਵੀ ਬੰਦ ਹੋ ਗਿਆ ਹੈ।

- ਮੈਰਿਜ ਪੈਲੇਸ ਮਾਲਕਾਂ ਨੂੰ ਪੰਜਾਹ ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ
- ਸੈਰ ਸਪਾਟਾ, ਹੋਟਲ ਅਤੇ ਰੈਸਟੋਰੈਂਟ ਉਦਯੋਗ ਨੂੰ ਭਾਰੀ ਨੁਕਸਾਨ

ਇਸ ਕਰਕੇ ਵਿਆਹਾਂ ਨਾਲ ਸਬੰਧਤ ਕਾਰੋਬਾਰ ਦਾ ਨੁਕਸਾਨ ਕਾਫੀ ਵੱਡਾ ਹੈ। ਕਰੋਨਾਵਾਇਰਸ ਕਾਰਨ ਤਕਰੀਬਨ ਸਵਾ ਲੱਖ ਵਿਆਹ ਨਹੀਂ ਹੋਏ। ਇਹ ਵਿਆਹ ਕਦੋਂ ਹੋਣਗੇ ਹਾਲੇ ਕਹਿਣਾ ਮੁਸ਼ਕਿਲ ਹੈ ਕਿਉਂਕਿ ਅਪਰੈਲ ਵਿਚ ਹੋਣ ਵਾਲੇ ਵਿਆਹਾਂ ਦੀ ਬੁਕਿੰਗ ਰੱਦ ਹੋਣ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਗਰਮੀਆਂ ਤੋਂ ਬਾਅਦ ਹੀ ਵਿਆਹ ਹੋ ਸਕਣਗੇ। ਇਕ ਹੋਰ ਮੈਰਿਜ ਪੈਲੇਸ ਦੇ ਮਾਲਕ ਨੇ ਕਿਹਾ ਕਿ ਸਾਰਾ ਕਾਰੋਬਾਰ ਹੀ ਬੰਦ ਹੋ ਗਿਆ ਹੈ ਤੇ ਮੰਦੀ ਦਾ ਦੌਰ ਆ ਗਿਆ ਹੈ ਤੇ ਇਸ ਕਰਕੇ ਅਗਲੇ ਸਮੇਂ ਵਿਚ ਹੋਣ ਵਾਲੇ ਵਿਆਹਾਂ ‘ਤੇ ਲੋਕ ਖਰਚੇ ਘੱਟ ਕਰਨਗੇ।

ਅੰਮ੍ਰਿਤਸਰ ਟਾਈਮਜ਼ AMRITSAR TIMES

01 ਅਪ੍ਰੈਲ 2020 ਤੋਂ 14 ਅਪ੍ਰੈਲ 2020

# ਇਕ ਸੌ ਤੀਹ ਕਰੋੜ ਜਮੂਰੇ

ਨੋਵਲ ਕਰੋਨਾਵਾਇਰਸ ਦਾ ਪਰਕੋਪ ਸ਼ੁਰੂ ਹੋਇਆਂ ਲਗਭਗ ਚਾਰ ਮਹੀਨੇ ਹੋ ਚੱਲੇ ਹਨ ਅਤੇ ਦੁਨੀਆਂ ਭਰ ਵਿਚ ਇਸ ਦੀ ਚੜਤ ਅਜੇ ਬਰਕਰਾਰ ਹੈ। ਵਿਕਸਿਤ ਦੇਸ਼ਾਂ ਤੋਂ ਲੈ ਕੇ ਵਿਕਾਸਸ਼ੀਲ ਅਤੇ ਘੱਟ ਵਿਕਸਤ ਮੁਲਕਾਂ ਵਲੋਂ ਇਸ ਮਹਾਂਮਾਰੀ ਦੇ ਮੁਕਾਬਲੇ ਲਈ ਸਾਰੇ ਹੀਲੇ ਵਰਤੇ ਜਾ ਰਹੇ ਹਨ। ਵਿਸ਼ਵ ਸਿਹਤ ਸੰਗਠਨ ਇਸ ਬੀਮਾਰੀ ਤੋਂ ਬਚਾਅ ਲਈ ਸੋਸ਼ਲ ਡਿਸਟੈਂਸਿੰਗ (ਸਮਾਜਿਕ ਦੂਰੀ) ਉਪਰ ਸਭ ਤੋਂ ਵੱਧ ਜ਼ੋਰ ਦੇ ਰਿਹਾ ਹੈ ਅਤੇ ਬਹੁਤੇ ਮੁਲਕ ਇਸ ਤੇ ਅਮਲ ਵੀ ਕਰ ਰਹੇ ਹਨ। ਚੀਨ ਨੇ ਇਸ ਉਪਰ ਕਾਫ਼ੀ ਹੱਦ ਤੱਕ ਕਾਬੂ ਪਾ ਲਿਆ ਹੈ। ਲਾਗ ਨਾਲ ਫੈਲਣ ਵਾਲੀ ਇਸ ਬੀਮਾਰੀ ਨੇ ਸਭ ਤੋਂ ਵੱਧ ਨੁਕਸਾਨ ਇਟਲੀ ਵਿਚ ਕੀਤਾ ਹੈ। ਇਸ ਤੋਂ ਇਲਾਵਾ ਅਮਰੀਕਾ, ਇੰਗਲੈਂਡ, ਈਰਾਨ, ਦੱਖਣੀ ਕੋਰੀਆ ਵਰਗੇ ਦੇਸ਼ਾਂ ਵਿਚ ਵੀ ਕਾਫ਼ੀ ਜਾਨੀ ਨੁਕਸਾਨ ਹੋਇਆ ਹੈ ਅਤੇ ਅਜੇ ਵੀ ਬਹੁਤ ਸਾਰੇ ਮਰੀਜ਼ ਜ਼ੇਰੇ ਇਲਾਜ ਹਨ।

ਵਿਸ਼ਵ ਭਰ ਵਿਚ ਕਰੋਨਾਵਾਇਰਸ ਕਾਰਨ ਹੁਣ ਤੱਕ 81000 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ ਅਤੇ 14 ਲੱਖ ਤੋਂ ਵੱਧ ਲੋਕ ਅਜੇ ਵੀ ਇਸ ਦੀ ਮਾਰ ਹੇਠ ਹਨ। ਕੋਈ 3 ਲੱਖ ਲੋਕ ਇਸ ਬੀਮਾਰੀ ਤੋਂ ਨਿਜਾਤ ਪਾ ਚੁੱਕੇ ਹਨ। ਅਮਰੀਕਾ ਵਿਚ ਚਾਰ ਲੱਖ ਤੋਂ ਵੱਧ ਲੋਕ ਇਸ ਬੀਮਾਰੀ ਦੀ ਲਾਗ ਤੋਂ ਪ੍ਰਭਾਵਿਤ ਹਨ ਅਤੇ 12,846 ਮੌਤਾਂ ਹੋ ਚੁੱਕੀਆਂ ਹਨ। ਕੈਨੇਡਾ ਦੀ ਹਾਲਤ ਅਜੇ ਕੁਝ ਠੀਕ ਹੈ ਜਿੱਥੇ ਹੁਣ ਤੱਕ ਇਸ ਬੀਮਾਰੀ ਕਾਰਨ 381 ਮੌਤਾਂ ਹੋਈਆਂ ਹਨ ਅਤੇ 17000 ਤੋਂ ਵੱਧ ਲੋਕ ਪ੍ਰਭਾਵਿਤ ਹਨ।

ਆਬਾਦੀ ਦੇ ਲਿਹਾਜ ਨਾਲ ਭਾਰਤ ਦੀ ਹਾਲਤ ਭਾਵੇਂ ਅਜੇ ਕਾਫ਼ੀ ਤਸੱਲੀਬਖਸ਼ ਹੈ ਪਰ ਜਿਸ ਤਰੀਕੇ ਨਾਲ ਪਿਛਲੇ ਇਕ ਹਫ਼ਤੇ ਵਿਚ ਕਰੋਨਾਵਾਇਰਸ ਦੇ ਨਵੇਂ ਕੇਸ ਅਤੇ ਮੌਤ ਦਰ ਸਾਹਮਣੇ ਆਈ ਹੈ ਉਹ ਜ਼ਰੂਰ ਚਿੰਤਾ ਦਾ ਵਿਸ਼ਾ ਹੈ। ਭਾਰਤ ਵਿਚ 15 ਫਰਵਰੀ ਨੂੰ ਕਰੋਨਾ ਪਾਜ਼ੇਟਿਵ ਦੇ 3 ਕੇਸ ਸਾਹਮਣੇ ਆਉਂਦੇ ਹਨ ਅਤੇ 31 ਮਾਰਚ ਤੱਕ ਲਗਭਗ ਡੇਢ ਮਹੀਨੇ ਵਿਚ ਇਸ ਵਿਚ ਵਾਧਾ ਹੋ ਕੇ ਇਹ ਗਿਣਤੀ 1397 ਤੱਕ ਪਹੁੰਚਦੀ ਹੈ ਪਰ ਇਸ ਤੋਂ ਮਗਰੋਂ ਅੱਜ ਤੱਕ (7 ਅਪ੍ਰੈਲ) ਤੱਕ, ਭਾਵ ਲਗਭਗ ਇਕ ਹਫ਼ਤੇ ਵਿਚ ਇਸ ਵਿਚ ਦੋਗੁਣਾ ਵਾਧਾ ਹੁੰਦਾ ਹੈ ਅਤੇ ਇਹ ਗਿਣਤੀ 5351 ਤੱਕ ਪਹੁੰਚਦੀ ਹੈ। ਇਸੇ ਤਰਾਂ ਭਾਰਤ ਵਿਚ ਕਰੋਨਾਵਾਇਰਸ ਕਾਰਨ ਪਹਿਲੀ ਮੌਤ 12 ਮਾਰਚ ਨੂੰ ਹੁੰਦੀ ਹੈ ਅਤੇ 31 ਮਾਰਚ ਤੱਕ ਮੌਤਾਂ ਦੀ ਗਿਣਤੀ 35 ਹੋ ਜਾਂਦੀ ਹੈ। ਇਸ ਤੋਂ ਬਾਅਦ 7 ਦਿਨਾਂ ਵਿਚ ਇਸ ਵਿਚ ਵੀ 5 ਗੁਣਾ ਵਾਧਾ ਸਾਹਮਣੇ ਆਉਂਦਾ ਹੈ ਜੋ ਕਿ 7 ਅਪ੍ਰੈਲ ਤੱਕ 165 ਤੱਕ ਪਹੁੰਚ ਜਾਂਦੀ ਹੈ। ਪੰਜਾਬ ਵਿਚ ਹੁਣ ਤੱਕ ਕਰੋਨਾ ਪਾਜ਼ੇਟਿਵ ਦੇ 100 ਮਾਮਲੇ ਸਾਹਮਣੇ ਆਏ ਹਨ, ਜਿਨਾਂ ਵਿਚੋਂ 8 ਦੀ ਮੌਤ ਹੋ ਚੁੱਕੀ ਹੈ ਅਤੇ 14 ਠੀਕ ਹੋ ਗਏ ਹਨ।

ਭਾਰਤੀ ਲੀਡਰਸ਼ਿਪ ਖਾਸ ਕਰਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਨਾਂ ਦੀ ਜੁੰਡਲੀ ਜਿਸ ਤਰੀਕੇ ਨਾਲ ਇਸ ਬੀਮਾਰੀ ਦੇ ਟਾਕਰੇ ਅਤੇ ਅਹਤਿਆਤ ਲਈ ਜਿਸ ਤਰਾਂ ਕੰਮ ਕਰ ਰਹੀ ਹੈ ਉਹ ਬੜਾ ਹਾਸੋਹੀਣਾ ਅਤੇ ਹੋਸ਼ੀ ਰਾਜਨੀਤੀ ਤੋਂ ਪ੍ਰੇਰਿਤ ਜਾਪਦਾ ਹੈ। ਖ਼ੈਰ! ਰਾਜਨੀਤੀ ਆਪਣੀ ਜਗਾ ਹੈ ਪਰ ਜਿਸ ਤਰੀਕੇ ਨਾਲ ਪ੍ਰਧਾਨ ਮੰਤਰੀ ਦੇਸ਼ ਵਾਸੀਆਂ ਨੂੰ ਸੰਬੋਧਨ ਕਰਦੇ ਹਨ ਅਤੇ ਇਸ ਬੀਮਾਰੀ ਦ ਟਾਕਰੇ ਦੀ ਨਸੀਹਤ ਦਿੰਦੇ ਹਨ ਉਹ ਬਿਲਕੁਲ ਮਜਮਾ ਲਾਉਣ ਵਾਲੇ ਮਦਾਰੀਆਂ ਵਾਲੀ ਸ਼ੈਲੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰਧਾਨ ਮੰਤਰੀ ਦੇ ਤੌਰ ਤਰੀਕੇ ਦੇਸ਼ ਵਾਸੀਆਂ ਨੂੰ ਵੇਦਾਂ ਪੁਰਾਣਾਂ ਦੇ ਮਨੂਵਾਦੀ ਯੁਗ ਵੱਲ ਲਿਜਾਣ ਦੀ ਕੋਸ਼ਿਸ਼ ਹਨ ਅਤੇ ਉਹ ਕਾਮਯਾਬ ਵੀ ਹੋ ਰਹੇ ਹਨ ਪਰ ਅਵਾਮ ਅੰਦਰ ਜਿਹੜੀ ਜਮੂਰਿਆਂ ਦੀ ਰੂਹ ਪ੍ਰਵੇਸ਼ ਕਰ ਰਹੀ ਹੈ ਉਹ ਕਰੋਨਾਵਾਇਰਸ ਤੋਂ ਵੀ ਵੱਧ ਖ਼ਤਰਨਾਕ ਹੈ। ਪ੍ਰਧਾਨ ਮੰਤਰੀ 22 ਮਾਰਚ ਨੂੰ ਇਕ ਪਾਸੇ ਲੋਕਾਂ ਨੂੰ ਸਵੈ ਅਨੁਸ਼ਾਸਨ ਨਾਲ ਜਨਤਾ ਕਰਫਿਊ ਲਗਾਉਣ ਦੀ ਗੱਲ ਕਰਦੇ ਹਨ ਅਤੇ ਸ਼ਾਮ ਨੂੰ ਪੰਜ ਵਜੇ ਤਾਲੀਆਂ ਤੇ ਥਾਲੀਆਂ ਖੜਕਾਉਣ ਦੀ ਪ੍ਰੇਰਨਾ ਵੀ ਦਿੰਦੇ ਹਨ। ਇਸ ਘਟਨਾ ਦੇ ਪ੍ਰਤੱਖ ਸਬੂਤ ਸਾਹਮਣੇ ਹਨ ਕਿ ਲੋਕਾਂ ਨੇ ਅੰਨੇਵਾਹ ਪ੍ਰਧਾਨ ਮੰਤਰੀ ਦੇ ਫੁਰਮਾਨ ਤੋਂ ਉਤਸ਼ਾਹਤ ਹੋ ਕੇ ਸਿਰਫ਼ ਥਾਲੀਆਂ ਹੀ ਨਹੀਂ ਖੜਕਾਈਆਂ ਸਗੋਂ ਢੋਲ ਤੇ ਸੰਖ ਵੀ ਵਜਾਏ ਅਤੇ ਪਾਰਕਾਂ ਵਿਚ ਇਕੱਠੇ ਹੋ ਕੇ ਡਾਂਸ ਕੀਤਾ। ਭਾਰਤੀ ਮੀਡੀਆ ਨੇ ਵੀ ਖੁਸ਼ੀ ਖੁਸ਼ੀ ਇਸ ਦਾ ਪ੍ਰਚਾਰ ਕੀਤਾ ਅਤੇ ਕਿਸੇ ਨੇ ਵੀ ਇਹ ਟਿੱਪਣੀ ਨਹੀਂ ਕੀਤੀ ਕਿ ਪੂਰੇ ਦਿਨ ਦੇ ਜਨਤਾ ਕਰਫਿਊ ਨੇ ਜਿਹੜੀ ਸਮਾਜਿਕ ਦੂਰੀ ਬਣਾਈ ਸੀ ਉਹ ਕਿਧਰੇ ਹੀ ਉੱਡ ਪੁੱਡ ਗਈ ਸੀ ਅਤੇ ਸਥਿਤੀ ਪਹਿਲਾਂ ਵਾਲੀ ਹੀ ਬਣ ਗਈ। ਗੱਲ ਸਿਰਫ਼ ਥਾਲੀਆਂ ਵਜਾਉਣ ਤੇ ਨਹੀਂ ਰੁਕੀ। ਲੋਕਾਂ ਨੇ ਹਰਿ ਹਰਿ ਮਹਾਂਦੇਵ, ਨਰੇਂਦਰ ਮੋਦੀ ਜਿੰਦਾਬਾਦ ਅਤੇ ਬੰਦੇ ਮਾਤਰਮ ਦੇ ਜੈਕਾਰੇ ਵੀ ਗੁੰਜਾਏ। ਪ੍ਰਧਾਨ ਮੰਤਰੀ ਨੇ ਇਸ ਬੇਹੂਦਾ ਗੈਰ ਅਨੁਸ਼ਾਸਨੀ ਕਾਰਵਾਈ ਤੇ ਕੋਈ ਟਿੱਪਣੀ ਕਰੇ ਬਗੈਰ 5 ਅਪ੍ਰੈਲ ਦੇ ਐਤਵਾਰ ਲਈ ਨਵਾਂ ਫੁਰਮਾਨ ਜਾਰੀ ਕਰ ਦਿੱਤਾ ਕਿ ਬਿਜਲੀ ਦੀਆਂ ਬੱਤੀਆਂ ਬੰਦ ਕਰਕੇ ਘਰਾਂ ਵਿਚ ਦੀਪ ਮਾਲਾ ਕਰੋ, ਮੋਮਬੱਤੀਆਂ ਅਤੇ ਟਾਰਚਾਂ ਜਗਾਓ। ਲੋਕਾਂ ਨੇ ਫਿਰ ਅੰਨੇਵਾਹ ਇਸ ਫੁਰਮਾਨ ਨੂੰ ਮੰਨ ਕੇ ਸਿਰਫ਼ ਦੀਪਮਾਲਾ  ਹੀ ਨਹੀਂ ਕੀਤੀ ਸਗੋਂ ਪਟਾਕੇ ਆਤਿਸ਼ਾਬਾਦੀਆਂ ਵੀ ਚਲਾਈਆਂ। ਸਚਮੁਚ ਸ੍ਰੀ ਮੋਦੀ ਇਕ ਕਾਮਯਾਬ ਮਦਾਰੀ ਵਾਂਗ 130 ਕਰੋੜ ਭਾਰਤੀਆਂ ਨੂੰ ਜਮੂਰੇ ਬਣਾਉਣ ਵਿਚ ਕਾਮਯਾਬ ਹੋਏ ਹਨ। ਕਿਸੇ ਟਿੱਪਣੀਕਾਰ, ਪੱਤਰਕਾਰ ਨੇ ਪ੍ਰਧਾਨ ਮੰਤਰੀ ਨੂੰ ਇਹ ਨਹੀਂ ਪੁੱਛਿਆ ਕਿ ਇਹ ਕਿਸ ਚੀਜ਼ ਦੇ ਜਸ਼ਨ ਮਨਾਏ ਜਾ ਰਹੇ ਹਨ। ਵਿਸ਼ਵ ਭਰ ਵਿਚ 81000 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ। ਲੋਕਾਂ ਦਾ ਲਹੂ ਇੰਨਾ ਪਤਲਾ ਹੋ ਗਿਆ ਹੈ ਕਿ ਪਦਮਸ੍ਰੀ ਤੱਕ ਦੀ ਸਮਾਜਿਕ ਪਦਵੀ ਹਾਸਲ ਕਰਨ ਵਾਲੇ ਗੁਰਮਤਿ ਸੰਗੀਤ ਦੇ ਵਿਸ਼ਵ ਪ੍ਰਸਿੱਧ ਰਾਗੀ ਦੀ ਮ੍ਰਿਤਕ ਦੇਹ ਦੇ ਸਸਕਾਰ ਲਈ ਪਿੰਡ ਵਾਸੀਆਂ ਵਲੋਂ ਜਗਾ ਨਹੀਂ ਦਿੱਤੀ ਜਾ ਰਹੀ ਅਤੇ ਅਸੀਂ ਪਟਾਕੇ ਆਤਿਸ਼ਬਾਜ਼ੀਆਂ ਚਲਾ ਰਹੇ ਹਾਂ। ਕਰੋਨਾ ਵਾਇਰਸ ਦੀ ਦਹਿਸ਼ਤ ਨੇ ਆਮ ਲੋਕਾਂ ਦੇ ਮਨਾਂ ਵਿਚ ਭੈ ਪੈਦਾ ਕੀਤਾ ਹੋਇਆ ਹੈ। ਕਰਫਿਊ ਵਿਚ ਪੁਲਿਸ ਡੰਡਾ ਵਾਹ ਰਹੀ ਹੈ ਅਤੇ ਪ੍ਰਾਈਵੇਟ ਹਸਪਤਾਲਾਂ ਨੂੰ ਜੰਦਰੇ ਵੱਜ ਗਏ ਹਨ। ਅਜਿਹੀ ਹਾਲਤ ਵਿਚ 'ਮਦਾਰੀ' ਦੀ ਬੰਸਰੀ ਤੇ ਡੁਗਡਗੀ ਉਸੇ ਤਾਲ ਵਿਚ 'ਜਮੂਰਿਆਂ' ਨੂੰ ਮੰਤਰ ਮੁਗਧ ਕਰ ਰਹੀ ਹੈ ਅਤੇ ਉਹ ਅਗਲੇ ਫੁਰਮਾਨ ਦੀ ਉਡੀਕ ਵਿਚ ਹਨ।

ਬੜੀ ਸਿਤਮ ਜ਼ਰੀਫ਼ੀ ਹੈ ਕਿ ਦੇਸ਼ ਦੇ ਡਾਕਟਰਾਂ ਕੋਲ ਵੀ ਪਹਿਨਣ ਲਈ ਮੁਖੌਟੇ (ਮਾਸਕ), ਸੈਨੀਟਾਈਜ਼ਰ ਤੇ ਹੋਰ ਜ਼ਰੂਰੀ ਸਾਜ਼ ਸਮਾਨ ਨਹੀਂ ਹੈ। ਵੈਂਟੀਲੇਟਰਾਂ ਦੀ ਥੁੜ ਮਹਿਸੂਸ ਹੋ ਰਹੀ ਹੈ ਪਰ ਅਸੀਂ ਅਜੇ ਵੀ ਇਸ ਮਹਾਂਮਾਰੀ ਨਾਲ ਤਾਲੀਆਂ ਥਾਲੀਆਂ ਅਤੇ ਦੀਪਮਾਲਾ ਵਰਗੇ ਦਕਿਆਨੂਸੀ ਸਾਧਨਾਂ ਨਾਲ ਨਿਪਟਣ ਦੀ ਕੋਸ਼ਿਸ਼ ਕਰ ਰਹੇ ਹਾਂ ਬਕੌਲ ਸੁਰਜੀਤ ਪਾਤਰ :

**ਲੱਗੀ ਜੇ ਤੇਰੇ ਕਾਲਜੇ ਹਾਲੇ ਛੁਰੀ ਨਹੀਂ**
**ਇਹ ਨਾ ਸਮਝ ਕਿ ਸ਼ਹਿਰ ਦੀ ਹਾਲਤ ਬੁਰੀ ਨਹੀਂ।**

# ਦੁਨੀਆਂ 'ਚ ਕੋਰੋਨਾ ਵਾਇਰਸ ਨੂੰ ਲੈ ਕੇ ਕੀ ਕੀ ਹੋ ਰਿਹਾ ਏ





- ਰਵੀਸ਼ ਕੁਮਾਰ

ਕੋਰੋਨਾ ਵਾਇਰਸ ਨਾਲ ਸੰਬੰਧਿਤ ਕਿਸੇ ਵੀ ਰਿਪੋਰਟ ਵਿਚ ਪੀੜਤ ਲੋਕਾਂ ਤੇ ਮਰਨ ਵਾਲਿਆਂ ਦੀ ਗਿਣਤੀ ਲਗਾਤਾਰ ਬਦਲ ਰਹੀ ਹੈ। ਦੁਨੀਆਂ ਭਰ ਵਿਚ ਬੁਧਵਾਰ ਤਕ 1,047,476 ਤੋਂ ਵੱਧ ਲੋਕ ਕੋਰੋਨਾ ਵਾਇਰਸ ਤੋਂ ਪੀੜਤ ਹਨ ਜਦੋਂਕਿ 82,080 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਆਪਣਾ ਧਿਆਨ ਰੱਖੋ, ਪਰ ਦਹਿਸ਼ਤ ਵਿਚ ਨਾ ਆਓ। ਆਪਣੇ ਆਪ ਨੂੰ ਸਾਵਧਾਨ ਰੱਖੋ, ਆਪਣੇ ਆਪ ਨੂੰ ਮਜ਼ਬੂਤ ਰੱਖੋ, ਚੜਦੀਆਂ ਕਲਾਵਾਂ ਵਿਚ ਰਹੋ। ਤੁਹਾਡੀ ਸਾਵਧਾਨੀ ਹੀ ਤੁਹਾਡੀ ਜਾਨ ਬਚਾਏਗੀ। ਅਮਰੀਕਾ ਵਿਚ ਕੋਰੋਨਾ ਦੇ 365,884 ਮਰੀਜ਼ ਹਨ। 12,854 ਦੀ ਮੌਤ ਹੋ ਚੁੱਕੀ ਹੈ।

ਗਾਰਡੀਅਨ ਯੂਕੇ ਦੀ ਰਿਪੋਰਟ ਅਨੁਸਾਰ ਅਮਰੀਕਾ ਦੇ ਹਸਪਤਾਲਾਂ ਵਿਚ ਕੋਰੋਨਾ ਵਾਇਰਸ ਕਾਰਨ ਭਰਤੀ 40% ਮਰੀਜ਼ 55 ਸਾਲ ਤੋਂ ਘੱਟ ਦੇ ਹਨ ਤੇ 20% ਮਰੀਜ਼ 20 ਤੋਂ 40 ਸਾਲ ਦੇ ਹਨ। ਇਹ ਚਿੰਤਾ ਵਾਲੀ ਗੱਲ ਹੈ। ਸੀਐਨਏ ਦੀ ਇਕ ਰਿਪੋਰਟ ਅਨੁਸਾਰ ਅਮਰੀਕਾ ਵਿਚ ਟੈਸਟ ਦੇ ਨਤੀਜੇ ਆਉਣ ਵਿਚ ਦਸ ਦਿਨ ਵੀ ਲੱਗ ਰਹੇ ਹਨ। ਨਿਊਜਰਸੀ ਦੇ ਇਕ ਕਵੇਸਟ ਡਾਈਗਨੋਸਿਟਕ ਦੇ ਕੋਲ ਟੈਸਟ ਦੇ ਲਈ 60 ਹਜ਼ਾਰ ਆਰਡਰ ਆਏ ਹਨ, ਜਿਸ ਦੀ ਪ੍ਰਕਿਰਿਆ ਅਜੇ ਸ਼ੁਰੂ ਨਹੀਂ ਹੋਈ। ਇਸ ਕੰਪਨੀ ਦੇ ਕੋਲ ਅਮਰੀਕਾ ਤੋਂ ਤਿੰਨ ਲੱਖ ਤੋਂ ਜ਼ਿਆਦਾ ਆਰਡਰ ਆਏ ਹਨ। ਕੋਰੋਨਾਵਾਇਰਸ ਦੀ ਲਾਗ ਪੂਰੀ ਦੁਨੀਆਂ ਵਿਚ ਤੇਜ਼ੀ ਨਾਲ ਫੈਲ ਰਹੀ ਹੈ। ਜਦੋਂ ਵਿਸ਼ਵ ਇਸ ਖ਼ਤਰਨਾਕ ਮਹਾਂਮਾਰੀ ਨਾਲ ਲੜ ਰਿਹਾ ਹੈ ਤਾਂ ਇਸ ਦੌਰਾਨ ਅਮਰੀਕੀ ਵਿਗਿਆਨੀਆਂ ਨੇ ਵੀ ਕਈ ਹੈਰਾਨ ਕਰਨ ਵਾਲੇ ਖੁਲਾਸੇ ਕੀਤੇ ਹਨ।

ਅਮਰੀਕੀ ਵਿਗਿਆਨੀ ਡਾ. ਐਂਥਨੀ ਐਸ ਫਾਸੀ ਨੇ ਦਾਅਵਾ ਕੀਤਾ ਹੈ ਕਿ ਕੁੱਲ ਮਰੀਜ਼ਾਂ ਵਿਚੋਂ 50 ਫੀਸਦੀ ਅਜਿਹੇ ਹਨ ਜਿੰਨਾਂ ਵਿਚ ਇਸ ਵਾਇਰਸ ਦੇ ਕਈ ਲੱਛਣ ਨਹੀਂ ਨਜ਼ਰ ਆਏ ਪਰ ਉਹ ਪਾਜੀਟਿਵ ਸਨ। ਇਹ ਸਭ ਤੋਂ ਹੈਰਾਨ ਕਰਨ ਵਾਲਾ ਖੁਲਾਸਾ ਹੈ। ਸਿਹਤ ਮਾਹਿਰ ਇਸ ਗੱਲੋਂ ਵੀ ਡਰੇ ਹੋਏ ਹਨ ਕਿ ਜਦੋਂ ਕਿਸੇ ਮਰੀਜ ਵਿਚ ਲੱਛਣ ਹੀ ਨਹੀ ਦਿੱਸਣਗੇ ਤਾਂ ਉਹ ਹੋਰ ਵੱਧ ਤੋਂ ਵੱਧ ਲੋਕਾਂ ਦੇ ਸੰਪਰਕ ਵਿਚ ਆ ਸਕਦਾ ਹੈ। ਡਾ. ਐਂਥਨੀ ਦਾ ਮੰਨਣਾ ਸੀ ਕਿ ਅਸੀਂ ਇਸ ਨਵੀਂ ਚੁਣੌਤੀ ਦਾ ਸਾਹਮਣਾ ਕਰ ਰਹੇ ਹਾਂ ਅਤੇ ਬਹੁਤ ਜਲਦੀ ਇਸ ਨੂੰ ਰੋਕਣ ਦੇ ਯੋਗ ਹੋਵਾਂਗੇ। ਡਾ. ਐਂਥਨੀ ਨੇ ਕਿਹਾ ਕਿ ਮਰੀਜ਼ਾਂ ਵਿੱਚ ਕੋਰੋਨਾ ਦੇ ਲੱਛਣ ਨਾ ਦਿੱਸਣਾ ਵੱਡੀ ਚੁਣੌਤੀ ਹੈ। ਉਸ ਨੇ ਕਿਹਾ ਕਿ ਸਾਨੂੰ ਸਹੀ ਨਤੀਜੇ ਪ੍ਰਾਪਤ ਕਰਨ ਲਈ ਵੱਧ ਤੋਂ ਵੱਧ ਟੈਸਟ ਕਰਨ ਦੀ ਜ਼ਰੂਰਤ ਹੋਏਗੀ।

ਦੱਸ ਦਈਏ ਕਿ ਜਦੋਂ ਡਾਕਟਰ ਐਂਥਨੀ ਮੀਡੀਆ ਦੇ ਸਾਹਮਣੇ ਇਹ ਚੀਜ਼ ਰੱਖ ਰਹੇ ਸਨ, ਤਦ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਕੋਰੋਨਾਵਾਇਰਸ ਟਾਸਕ ਫੋਰਸ ਦੇ ਮੈਂਬਰ ਵੀ ਉਥੇ ਮੌਜੂਦ ਸਨ।

ਸਪੇਨ ਵਿਚ 14,045 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇੱਥੇ ਵੀ ਵੈਂਟੀਲੇਟਰ ਦੀ ਘਾਟ ਪੈਦਾ ਹੋ ਗਈ ਹੈ। ਖਬਰਾਂ ਇਹ ਵੀ ਪੜਨ ਨੂੰ ਮਿਲ ਰਹੀਆਂ ਹਨ ਕਿ ਡਾਕਟਰ ਹਰ ਗੰਭੀਰ ਮਰੀਜ਼ ਨੂੰ ਵੈਂਟੀਲੇਟਰ ਨਹੀਂ ਦੇ ਰਹੇ। ਇਸ ਦਾ ਅਰਥ ਇਹ ਹੈ ਕਿ ਕਿਸੇ ਕਿਸੇ ਨੂੰ ਮਰਨ ਦੇ ਲਈ ਛੱਡ ਦਿੱਤਾ ਜਾ ਰਿਹਾ ਹੈ। ਜਰਮਨ ਵਿਚ 2,016, ਫਰਾਂਸ ਵਿਚ 10,328, ਸਵਿਟਜ਼ਰਲੈਂਡ ਵਿਚ 821, ਬੈਲਜੀਅਮ ਵਿਚ 2,035, ਨੀਦਰਲੈਂਡ ਵਿਚ 2,101, ਅਸਟਰੀਆ ਵਿਚ 243, ਨਾਰਵੇ ਵਿਚ 83, ਡੈਨਮਾਰਕ ਵਿਚ 203 ਮੌਤਾਂ ਹੋ ਚੁੱਕੀਆਂ ਹਨ।

ਕਿਊਬਾ ਨੇ 14 ਦੇਸਾਂ ਵਿਚ 593 ਡਾਕਟਰ ਭੇਜੇ ਸਨ। ਅਲਜਜੀਰਾ ਨਿਊਜ਼ ਵੈਬਸਾਈਟ ਦੇ ਮੁਤਾਬਕ 179 ਡਾਕਟਰ, 399 ਨਰਸ ਤੇ 15 ਲੈਬ ਟੈਕਨੀਸ਼ੀਅਨ ਭੇਜੇ ਹਨ। ਇਹ ਸਾਰੇ ਹੈਨਰੀ ਰੀਵ ਐਮਰਜੈਂਸੀ ਮੈਡੀਕਲ ਦਸਤੇ ਦੇ ਹਨ। ਹੈਨਰੀ ਰੀਵ ਅਮਰੀਕਾ ਮੂਲ ਦੇ ਜਨਰਲ ਸਨ, ਜਿਨਾਂ ਨੇ 19ਵੀਂ ਸਦੀ ਵਿਚ ਕਿਊਬਾ ਦੀ ਆਜ਼ਾਦੀ ਦੇ ਲਈ ਲੜਾਈ ਲੜੀ ਸੀ। 2005 ਦੌਰਾਨ ਫਿਦੌਲ ਕਾਸਤਰੋ ਨੇ ਇਸ ਦਸਤੇ ਨੂੰ ਸਥਾਪਤ ਕੀਤਾ ਸੀ। ਇਸ ਦਸਤੇ ਨੇ ਹੜ, ਭੂਚਾਲ, ਤੂਫਾਨ ਵਰਗੀਆਂ ਮੁਸੀਬਤਾਂ ਦੇ ਸਮੇਂ 2005 ਤੋਂ 2017 ਦੇ ਵਿਚਾਲੇ 21 ਦੇਸਾਂ ਦੇ 35 ਲੱਖ ਲੋਕਾਂ ਦੀ ਮਦਦ ਕੀਤੀ। ਕਿਊਬਾ ਵਿਚ ਕੋਵਿਡ ਦੇ 363 ਮਾਮਲੇ ਸਾਹਮਣੇ ਆਏ ਹਨ ਤੇ 9 ਲੋਕਾਂ ਦੀ ਮੌਤ ਵੀ ਹੋਈ ਹੈ।

ਇਟਲੀ ਵਿਚ ਮਰਨ ਵਾਲਿਆਂ ਦੀ ਗਿਣਤੀ 17,127 ਹਜ਼ਾਰ ਦੇ ਪਾਰ ਹੋ ਗਈ ਹੈ। ਇੱਥੇ 60 ਦੇ ਕਰੀਬ ਡਾਕਟਰਾਂ ਦੀ ਮੌਤ ਹੋ ਚੁੱਕੀ ਹੈ। ਇੱਥੇ ਦੇ 7100 ਹੈਲਥ ਵਰਕਰ ਕੋਰੋਨਾ ਵਾਇਰਸ ਦੀ ਬਿਮਾਰੀ ਵਿਚ ਜਕੜੇ ਗਏ ਹਨ। ਇਟਲੀ ਦੇ ਡਾਕਟਰ ਕੋਰੋਨਾ ਵਾਇਰਸ ਦੇ ਨਾਲ ਬਹੁਤ ਵੱਡੀ ਜੰਗ ਲੜ ਰਹੇ ਹਨ। ਉਨਾਂ ਉੱਪਰ ਏਨਾ ਦਬਾਅ ਹੈ ਕਿ 8-8 ਘੰਟੇ ਪਿਆਸੇ ਰਹਿ ਕੇ ਬਿਨਾਂ ਰੋਟੀ ਖਾਧੇ ਮਰੀਜ਼ਾਂ ਦੀ ਸੇਵਾ ਲਈ ਜੁਟੇ ਹੋਏ ਹਨ। ਜਦ ਕੋਰੋਨਾ ਵਾਇਰਸ ਤੋਂ ਸੁਰੱਖਿਅਤ ਹੋਣ ਦੇ ਲਈ ਪਾਇਆ ਗਾਊਨ ਉਤਾਰਨਾ ਹੋਵੇਗਾ ਤਾਂ ਇਕ ਭੁੱਲ ਉਨਾਂ ਨੂੰ ਕੋਰੋਨਾ ਵਾਇਰਸ ਵਿਚ ਜਕੜ ਸਕਦੀ ਹੈ। ਇਸ ਲਈ ਉਹ ਮੈਡੀਕਲ ਕਿੱਟ, ਸੂਟ ਪਾਉਣ ਤੇ ਉਤਾਰਨ ਦੇ ਨਿਯਮਾਂ ਦਾ ਸਖਤੀ ਨਾਲ ਪਾਲਣਾ ਕਰ ਰਹੇ ਹਨ। ਹਸਪਤਾਲਾਂ ਦੇ ਆਈਸੀਯੂ ਵਿਚ ਕਬਰਾਂ ਵਰਗੀ ਚੁੱਪ ਹੈ।

ਬ੍ਰਿਟੇਨ ਵਿਚ ਕੋਰੋਨਾ ਨਾਲ ਮਰਨ ਵਾਲਿਆਂ ਦੀ ਗਿਣਤੀ 6,159 ਹੋ ਗਈ ਹੈ। ਬ੍ਰਿਟੇਨ ਨੇ ਮਾਰਚ ਦੇ ਪਹਿਲੇ ਹਫਤੇ ਵਿਚ ਕਿਹਾ ਸੀ ਕਿ ਇਕ ਦਿਨ ਵਿਚ ਉਹ 25 ਹਜ਼ਾਰ ਟੈਸਟ ਕਰਾਂਗੇ, ਪਰ ਇਕ ਮੀਡੀਆ ਰਿਪੋਰਟ ਵਿਚ ਲਿਖਿਆ ਹੈ ਕਿ ਬ੍ਰਿਟੇਨ ਇਕ ਦਿਨ ਵਿਚ 10 ਹਜ਼ਾਰ ਟੈਸਟ ਹੀ ਕਰ ਰਿਹਾ ਹੈ। ਇਸ ਗੱਲ ਨੂੰ ਲੈ ਕੇ ਬਹਿਸ ਹੋ ਰਹੀ ਹੈ ਕਿ ਜਦ ਇਕ ਦਿਨ ਵਿਚ 25 ਹਜ਼ਾਰ ਟੈਸਟ ਨਹੀਂ ਹੋ ਰਹੇ ਤਾਂ ਢਾਈ ਲੱਖ ਕਿਵੇਂ ਹੋਣਗੇ ?

ਜਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਆਬੇ ਨੇ ਕੋਰੋਨਾ ਵਾਇਰਸ ਮਹਾਂਮਾਰੀ ਨੂੰ ਕੰਟਰੋਲ ਕਰਨ ਲਈ ਟੋਕਿਓ, ਓਸਾਕਾ ਅਤੇ ਪੰਜ ਹੋਰ ਪਰਫੈਕਚਰਾਂ ਵਿੱਚ ਮੰਗਲਵਾਰ ਦੌਰਾਨ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ। ਐਮਰਜੈਂਸੀ ਦੇ ਦਾਇਰੇ ਵਿੱਚ ਰਾਜਧਾਨੀ ਟੋਕਿਓ ਅਤੇ ਹੋਰ ਪਰਫੈਕਚਰ (ਜ਼ਿਲਾ ਐਡਮਨਿਸਟਰੇਟਿਵ) ਕਾਨਾਗਾਵਾ, ਸੈਤਾਮਾ, ਚਿਬਾ, ਓਸਾਕਾ, ਹਯੋਗੋ ਅਤੇ ਫੁਕੂਓਕਾ ਸ਼ਾਮਲ ਹੋਣਗੇ। ਇਸ ਐਲਾਨ ਨਾਲ ਪਰਫੈਕਚਰ ਦੇ ਰਾਜਪਾਲਾਂ ਨੂੰ ਵਾਇਰਸ ਦੇ ਪਸਾਰ ਨੂੰ ਰੋਕਣ ਲਈ ਕਦਮ ਚੁੱਕਣ ਦਾ ਅਧਿਕਾਰ ਮਿਲ ਜਾਵੇਗਾ। ਐਮਰਜੈਂਸੀ ਦਾ ਇਹ ਐਲਾਨ ਅਜਿਹੇ ਸਮੇਂ ਹੋਇਆ ਹੈ ਜਦੋਂ ਜਾਪਾਨ ਵਿੱਚ ਕੋਰੋਨਾ ਵਾਇਰਸ ਦੇ ਮਾਮਲਿਆਂ ਦੀ ਗਿਣਤੀ 3,906 ਤੱਕ ਪਹੁੰਚ ਗਈ ਹੈ ਅਤੇ ਹੁਣ ਤੱਕ 108 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਕਿਹਾ ਜਾਂਦਾ ਹੈ ਕਿ ਜਾਪਾਨ ਵਿਚ ਬਜ਼ੁਰਗਾਂ ਦੀ ਗਿਣਤੀ ਜ਼ਿਆਦਾ ਹੈ ਤੇ ਜਾਪਾਨ ਨੂੰ ਜ਼ਿਆਦਾ ਨੁਕਸਾਨ ਪਹੁੰਚ ਸਕਦਾ ਹੈ।

# ਕਰੋਨਾ ਵਾਇਰਸ : ਲੋਕ ਮਾਨਸਿਕਤਾ ਅਤੇ ਸਰਕਾਰੀ ਤੰਤਰ

- ਵਿਕਰਮਜੀਤ ਸਿੰਘ ਤਿਹਾੜਾ
ਸੰਪਰਕ ਨੰ:- +91 98555 34961

ਲੋਕ ਮਾਨਸਕਿਤਾ ਦੀ ਘਾੜਤ ਘੜਨ ਪਿੱਛੇ ਅਨੇਕਾਂ ਕਾਰਕ ਕਾਰਜਸ਼ੀਲ ਹੁੰਦੇ ਹਨ।ਜਿਸ ਵਿੱਚ ਇਤਿਹਾਸ, ਵਰਤਮਾਨ ਅਤੇ ਭੱਵਿਖ ਸੰਬੰਧੀ ਯੋਜਨਾਵਾਂ ਮਹੱਤਵਪੂਰਨ ਹੁੰਦੀਆਂ ਹਨ। ਮਨੁੱਖ ਦਾ ਆਲਾ ਦੁਆਲਾ ਇਸ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। ਜਿਸ ਵਾਤਾਵਰਨ ਵਿੱਚ ਮਨੁੱਖ ਰਹਿੰਦਾ ਹੈ, ਉਸ ਅਨੁਸਾਰ ਹੀ ਆਪਣੀ ਸੋਚ, ਸਮਝ ਅਤੇ ਵਿਚਾਰਧਾਰਾ ਨੂੰ ਵਿਕਸਿਤ ਕਰਦਾ ਹੈ। ਅਸੀਂ ਜਿਸ ਸਥਿਤੀ ਵਿੱਚੋਂ ਗੁਜ਼ਰ ਰਹੇ ਹਾਂ, ਇਸ ਵਿੱਚ ਲੋਕ ਮਾਨਸਿਕਤਾ ਕਈ ਉਲਝਣਾ ਦਾ ਸ਼ਿਕਾਰ ਹੋਈ ਸਾਫ ਦਿਖਾਈ ਦੇ ਰਹੀ ਹੈ। ਕੋਈ ਵੀ ਇਕ ਰਾਇ ਬਣਾਉਣ ਦੇ ਸਮਰੱਥ ਨਹੀਂ ਹੈ। ਇਸ ਪਿਛੇ ਸਮਾਜ ਅਤੇ ਰਾਜਨੀਤਿਕ ਪ੍ਰਬੰਧ ਵਿੱਚ ਵਾਪਰਨ ਵਾਲੀਆਂ ਅਨੇਕਾਂ ਘਟਨਾਵਾਂ ਜ਼ਿੰਮੇਵਾਰ ਹਨ। ਜਿਸ ਕਾਰਨ ਆਮ ਜਨ-ਸਧਾਰਣ ਵਿਅਕਤੀ ਦੁਬਿਧਾ ਦਾ ਸ਼ਿਕਾਰ ਹੈ ਜਾਂ ਉਹ ਆਪਣੀ ਸਮਝ ਅਨੁਸਾਰ ਸਿੱਟੇ ਕੱਢ ਰਿਹਾ ਹੈ। ਸਿੱਧੇ ਲਫਜ਼ਾਂ ਵਿੱਚ ਕੋਈ ਇਕ ਰਾਇ ਬਣਾਉਣੀ ਜਾਂ ਸਿੱਟੇ 'ਤੇ ਪਹੁੰਚਣਾ ਆਸਾਨ ਨਹੀਂ ਹੈ।

ਕੋਵਿਡ-19 ਮਹਾਂਮਾਰੀ ਨੂੰ ਲੈ ਕੇ ਲੋਕਾਂ ਵਿੱਚ ਕਈ ਵਿਚਾਰ ਫੈਲ ਚੁੱਕੇ ਹਨ। ਇਸ ਨਾਲ ਪੈਣ ਵਾਲੇ ਪ੍ਰਭਾਵ ਅਤੇ ਮਿਲਦੇ ਸਿੱਟੇ ਵੀ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਹਰ ਕੋਈ ਅਨੁਮਾਨ ਲਗਾ ਰਿਹਾ ਹੈ। ਸਿੱਧੇ ਰੂਪ ਵਿੱਚ ਕਹਿ ਸਕਦੇ ਹਾਂ ਕਿ ਮਾਨਸਿਕਤਾ ਖੰਡਿਤ ਹੈ। ਮਹਾਂਮਾਰੀ ਨੂੰ ਲੈ ਕੇ ਕੋਈ ਇਸ ਨੂੰ ਰਾਜਨੀਤਿਕ ਪੈਂਤੜੇਬਾਜ਼ੀ ਦੱਸਦਾ ਹੋਇਆ, ਚੀਨ ਅਤੇ ਅਮਰੀਕਾ 'ਤੇ ਨਿਸ਼ਾਨਾ ਸਾਧ ਰਿਹਾ ਹੈ ਅਤੇ ਕੋਈ ਇਸ ਨੂੰ ਆਰਥਿਕਤਾ ਨੂੰ ਲੈ ਕੇ ਵਪਾਰਕ ਜੰਗ ਜਾਂ ਤੀਜਾ ਵਿਸ਼ਵ ਯੁੱਧ ਵੀ ਕਹਿ ਰਿਹਾ ਹੈ। ਇਸ ਦੇ ਨਾਲ ਹੀ ਬਹੁਤ ਸਾਰਾ ਆਮ ਜਨ ਸਧਾਰਨ ਵਰਗ ਇਹ ਸਮਝ ਵੀ ਰੱਖਦਾ ਹੈ ਕਿ ਇਕ ਕੁਦਰਤੀ ਕਰੋਪੀ ਹੈ, ਜੋ ਮਨੁੱਖ ਨੇ ਆਪ ਸਹੇੜੀ ਹੈ। ਮਨੁੱਖ ਦੁਆਰਾ ਕੀਤੀ ਜਾ ਰਹੀ ਅੰਧਾਂ-ਧੁੰਦ ਕੁਦਰਤ ਨਾਲ ਛੇੜ-ਛਾੜ ਇਸ ਦਾ ਕਾਰਨ ਹੈ। ਮਹਾਂਮਾਰੀ ਦੀ ਸਥਿਤੀ ਵਿੱਚ ਵਿਸ਼ਵ ਦੇ ਬਹੁਤ ਸਾਰੇ ਮੁਲਕਾਂ ਵਿੱਚ ਲਾਕ-ਡਾਊਨ ਹੈ, ਜਿਸ ਦੇ ਨਤੀਜੇ ਵਜੋਂ ਕੁਦਰਤੀ ਵਾਤਾਵਰਨ ਜਾਂ ਜਲਵਾਯੂ ਵਿੱਚ ਬਹੁਤ ਸੁਧਾਰ ਦੇਖਣ ਨੂੰ ਮਿਲ ਰਿਹਾ ਹੈ। ਹਵਾ, ਪਾਣੀ ਸ਼ੁੱਧ ਹੋ ਰਹੇ ਹਨ। ਅਜਿਹੇ ਬਦਲਾਅ ਲਈ ਮਨੁੱਖ ਦੁਆਰਾ ਕੀਤੇ ਜਲਵਾਯੂ ਸੰਮੇਲਨ ਅਤੇ ਗਤੀਵਿਧੀਆਂ ਸਵਾਇ ਬਹਿਸ ਤੋਂ ਕੁਝ ਨਹੀਂ ਕਰ ਸਕੇ ਸਨ। ਜਿਸ ਨੂੰ ਕੁਦਰਤ ਨੇ ਬਹੁਤ ਜਲਦੀ ਸੁਧਾਰ ਦਿੱਤਾ। ਇਸ ਤਰਾਂ ਬਹੁਤ ਸਾਰਾ ਵਰਗ ਇਸ ਨੂੰ ਰੱਬੀ ਭਾਣਾ ਮੰਨਦਾ ਹੋਇਆ ਐਸੀ ਸਥਿਤੀ



ਵਿੱਚ ਅਡੋਲ ਹੈ। ਧਾਰਮਿਕ ਵਿਅਕਤੀ ਆਪਣੀ ਉਪਾਸ਼ਨਾ ਵਿਧੀ ਰਾਹੀ ਆਪਣੇ ਅੰਦਰ ਨੂੰ ਟਕਾਉਣ ਲਈ ਯਤਨਸ਼ੀਲ ਹੈ। ਦੂਜੇ ਬੰਨੇ ਬਹੁਤ ਸਾਰੇ ਲੋਕ ਸਰਕਾਰਾਂ ਦੀ ਨਾ-ਕਾਮੀਆਂ ਦਾ ਵਿਸ਼ਲੇਸ਼ਣ ਕਰਨ ਵਿੱਚ ਸਮਾਂ ਬਿਤਾ ਰਹੇ ਹਨ। ਇਸ ਪ੍ਰਕਾਰ ਲੋਕ ਮਾਨਸਿਕਤਾ ਵਿੱਚ ਬਹੁਤ ਸਾਰੀਆਂ ਗੁੰਝਲਾਂ ਦੇਖਣ ਨੂੰ ਮਿਲ ਰਹੀਆਂ ਹਨ। ਹਰ ਵਿਅਕਤੀ ਜਿਸ ਪਾਸ ਪਹਿਲਾਂ ਆਪਣੇ ਆਪ ਲਈ ਸੋਚਣ ਲਈ ਥੋੜਾਂ ਸਮਾਂ ਵੀ ਨਹੀਂ ਸੀ, ਉਸ ਪਾਸ ਹੁਣ ਸਮਾਂ ਹੀ ਸਮਾਂ ਹੈ। ਇਸ ਸਮੇਂ ਵਿੱਚ ਉਸ ਦਾ ਵਧੇਰਾ ਸਮਾਂ ਇਸ ਮਹਾਂਮਾਰੀ ਪ੍ਰਤੀ ਸੋਚਣ, ਹੋ ਰਹੇ ਨੁਕਸਾਨ ਨੂੰ ਜਾਣਨ ਅਤੇ ਨੁਕਤਾਚੀਨੀ ਕਰਨ ਵਿੱਚ ਹੀ ਬਤੀਤ ਹੋ ਰਿਹਾ ਹੈ। ਬਹੁਤ ਸਾਰੇ ਲੋਕ ਇਸ ਸਥਿਤੀ ਵਿੱਚ ਸਮੇਂ ਦੀ ਸਾਰਥਿਕ ਵਰਤੋਂ ਵੀ ਕਰ ਰਹੇ ਹਨ, ਪਰ ਉਹਨਾਂ ਦੀ ਗਿਣਤੀ ਬਹੁਤ ਘੱਟ ਹੈ।

ਲੋਕ ਮਾਨਸਿਕਤਾ ਵਿੱਚ ਮਹਾਂਮਾਰੀ ਨੇ ਭਾਰੀ ਹਿਲ-ਜੁਲ ਕੀਤੀ ਹੈ।ਜਦ ਮਨੁੱਖ ਆਪਣੇ ਆਪ ਨੂੰ ਮਹਾਂਮਾਰੀ ਦੇ ਅੱਗੇ ਬੇਵੱਸ ਪਾ ਰਿਹਾ ਹੈ। ਉਸ ਦੀ ਤਰੱਕੀ-ਵਿਕਾਸ ਦੀ ਅਹਿਮੀਅਤ ਉਸ ਨੂੰ ਸਮਝ ਆ ਰਹੀ ਹੈ। ਜਨ-ਸਧਾਰਣ ਵਿਅਕਤੀ ਅਜਿਹੇ ਵਿੱਚ ਡਰਿਆ ਹੋਇਆ ਹੈ। ਉਸ ਨੂੰ ਆਪਣੀ ਸੁਰੱਖਿਆ ਨੂੰ ਲੈ ਕੇ ਚਿੰਤਾ ਹੋਣ ਦੀ ਨਾਲ ਨਾਲ ਆਪਣੇ ਭੱਵਿਖ ਅਤੇ ਆਉਣ ਵਾਲੇ ਦਿਨਾਂ ਵਿੱਚ ਜੀਵਨ ਨਿਰਵਾਹ ਦਾ ਫਿਕਰ ਹੈ। ਅਜਿਹੇ ਵਿੱਚ ਸਰਕਾਰਾਂ ਕੋਈ ਧਰਵਾਸ ਦੇਣ ਵਿੱਚ ਅਸਫਲ ਸਿੱਧ ਹੋਈਆਂ ਹਨ। ਸਿਹਤ ਸੇਵਾਵਾਂ ਦਾ ਬੇਵੱਸ ਹੋਣਾ , ਰੋਜ਼ਾਨਾ ਬਿਮਾਰੀ ਗ੍ਰਸਿਤ ਮਰੀਜ਼ਾਂ ਅਤੇ ਮੌਤਾਂ ਦਾ ਅੰਕੜਾ ਵੱਧਣਾ ਮਨੁੱਖ ਨੂੰ ਡਰਾ ਰਿਹਾ ਹੈ। ਐਸੇ ਅਹਿਸਾਸ ਵਿੱਚ ਅੰਦਰੂਨੀ ਹਿਲਜੁਲ ਲਾਜ਼ਮੀ ਹੁੰਦੀ ਹੈ।

ਸਰਕਾਰ ਇਕ ਮਹੱਤਵਪੂਰਨ ਸੰਸਥਾ ਹੁੰਦੀ ਹੈ, ਜਿਸ ਦੀਆਂ ਬਹੁਤ ਮਹੱਤਵਪੂਰਨ ਜ਼ਿੰਮੇਵਾਰੀਆਂ ਅਤੇ ਪਾਸਾਰ ਹੁੰਦੇ ਹਨ। ਲੋਕਤੰਤਰਿਕ ਢਾਂਚੇ ਵਿੱਚ ਲੋਕਾਂ ਦੁਆਰਾ ਚੁਣੀ ਸਰਕਾਰ 'ਤੇ ਹੀ ਲੋਕ ਆਸ ਰੱਖਦੇ ਹਨ। ਹਰ ਘਟਨਾ ਅਤੇ ਸਥਿਤੀ ਵਿੱਚ ਉਹਨਾਂ ਦੀ ਝਾਕ ਸਰਕਾਰ 'ਤੇ ਹੁੰਦੀ ਹੈ। ਉਹਨਾਂ ਦਾ ਵਿਸ਼ਵਾਸ਼ ਹੁੰਦਾ ਹੈ ਕਿ ਉਹਨਾਂ ਦੀ ਸਰਕਾਰ ਹਰ ਸਥਿਤੀ ਵਿੱਚ ਉਹਨਾਂ ਦੀ ਮਦਦਗਾਰ ਹੈ। ਪਰ ਜਦ ਸਰਕਾਰਾਂ ਅਤੇ ਲੋਕ ਆਪਣੇ ਅਸਲ ਮੁੱਦਿਆਂ ਤੋਂ ਭਟਕ ਜਾਂਦੇ ਹਨ, ਤਾਂ ਐਸੇ ਹਾਲਾਤ ਨਹੀਂ ਰਹਿੰਦੇ। ਫਿਰ ਦੋਵਾਂ ਵਿੱਚ ਹੀ ਤਕਰਾਰ ਪੈਦਾ ਹੋ ਜਾਂਦੇ ਹਨ। ਸਰਕਾਰ ਚੁਣਨ ਵੇਲੇ ਜੇਕਰ ਲੋਕ ਧਰਾਤਲ ਦੇ ਮਸਲਿਆਂ ਵੱਲ ਧਿਆਨ ਨਹੀਂ ਦਿੰਦੇ ਅਤੇ ਅਸਲ ਮੁੱਦਿਆਂ ਤੋਂ ਭਟਕ ਪਾਰਟੀਬਾਜ਼ੀ ਵਿੱਚ ਪੈ ਜਾਂਦੇ ਹਨ ਤਾਂ ਇਹ ਲੋਕਾਂ ਦੀ ਗਲਤੀ ਹੁੰਦੀ ਹੈ। ਦੂਜੇ ਪਾਸੇ ਸਰਕਾਰ ਵੀ ਜਦ ਬੁਨਿਆਦੀ ਮਸਲਿਆਂ ਨੂੰ ਛੱਡ ਕੇ ਲੋਕਾਂ ਨੂੰ ਹੋਰ ਮਸਲਿਆਂ ਵਿੱਚ ਉਲਝਾਉਣ ਲਗਦੀ ਹੈ ਤਾਂ ਲੋਕ ਵਿਸ਼ਵਾਸ਼ ਭੰਗ ਹੁੰਦਾ ਹੈ। ਅਜਿਹੀ ਸਥਿਤੀ ਵਿੱਚ ਸਰਕਾਰ ਦਾ ਮਹੱਤਵਪੂਰਨ ਫਰਜ਼ ਬਣਦਾ ਹੈ ਕਿ ਉਹ ਲੋਕ ਮਸਲਿਆਂ 'ਤੇ ਕੇਂਦਰਿਤ ਰਹਿ ਕੇ ਕਾਰਜਸ਼ੀਲ ਹੋਵੇ। ਮਹਾਂਮਾਰੀ ਦੀ ਸਥਿਤੀ ਵਿੱਚ ਅਜਿਹੇ ਹੀ ਹਾਲਾਤ ਹਨ, ਜਿੰਨਾਂ ਦੀ ਵਜਾ ਕਾਰਨ ਲੋਕ ਮਾਨਸਿਕਤਾ ਵਿੱਚ ਖ਼ੌਫ ਦਾ ਵਾਧਾ ਹੋ ਰਿਹਾ ਹੈ। ਸਰਕਾਰ ਦੀ ਨਾਕਾਮੀਆਂ ਅੱਗੇ ਆ ਰਹੀਆਂ ਹਨ, ਇਹ ਸਹੀ ਹੈ। ਪਰ ਇੱਥੇ ਮਹੱਤਵਪੂਰਨ ਮੁੱਦਾ ਇਹ ਹੈ ਕਿ ਜੋ ਮੰਗਾਂ ਅਸੀਂ ਕਰ ਰਹੇ ਹਾਂ, ਚੋਣਾਂ ਦੇ ਦਿਨਾਂ ਵਿੱਚ ਇਹ ਸਾਡੀਆਂ ਮੁੱਖ ਮੰਗਾਂ ਕਿਉਂ ਨਾ ਬਣੀਆਂ ਅਤੇ ਕਿਉਂ ਅਸੀਂ ਪੁਰਾਣੇ ਘਸੇ-ਪਿਟੇ ਮੁੱਦਿਆਂ 'ਤੇ ਹੀ ਰਾਜਨੀਤੀ ਦੀ ਗੱਡੀ ਨੂੰ ਤੋਰਿਆ ਹੋਇਆ ਹੈ।

ਅਖੀਰ 'ਤੇ ਵਿਸ਼ੇ ਨੂੰ ਸਮੇਟਦੇ ਹੋਏ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਲੋਕ ਮਾਨਸਿਕਤਾ ਨੂੰ ਮਜ਼ਬੂਤ ਕਰਨ ਲਈ ਮਹੱਤਵਪੂਰਨ ਯਤਨ ਕਰਨ ਦੀ ਲੋੜ ਹੈ। ਕਿਉਂਕਿ ਬਹਾਦਰ ਅਤੇ ਵਿਸ਼ਵਾਸ਼ ਰੱਖਣ ਵਾਲੇ ਹੀ ਆਪਣਾ ਬਚਾਅ ਕਰ ਸਕਣ ਦੇ ਯੋਗ ਹੁੰਦੇ ਹਨ। ਇਸ ਲਈ ਆਪਣੇ ਬਹੁਤਾ ਸਮਾਂ ਸਾਰਥਿਕ ਕੰਮਾਂ ਜਿਵੇਂ ਕੋਈ ਭਲਾਈ ਦਾ ਕਾਰਜ਼, ਕਿਤਾਬਾਂ ਪੜਨ, ਆਪਣੇ ਪਰਿਵਾਰ ਨਾਲ ਸਮਾਂ ਬਿਤਾਉਣ ਅਤੇ ਗੱਲਾਂ ਕਰਨ, ਧਾਰਮਿਕ ਗ੍ਰੰਥਾਂ ਦਾ ਪਾਠ ਕਰਨ, ਇਤਿਹਾਸ ਨੂੰ ਪੜਨ ਨਾਲ ਆਪਣੀ ਮਾਨਸਿਕਤਾ ਨੂੰ ਸਥਿਰ ਅਤੇ ਮਜ਼ਬੂਤ ਕਰਨ ਦੀ ਲੋੜ ਹੈ। ਦੂਜੇ ਪਾਸੇ ਸਰਕਾਰੀਤੰਤਰ ਪ੍ਰਤੀ ਸਾਨੂੰ ਹੁਣ ਚਿੰਤਨ ਕਰਨ ਦੀ ਲੋੜ ਹੈ ਕਿ ਜੇਕਰ ਸਰਕਾਰੀਤੰਤਰ ਅਜੇਕੀ ਸਥਿਤੀ ਵਿੱਚ ਅਸਫਲ ਹੈ ਤਾਂ ਆਉਂਦੀਆਂ ਚੋਣਾਂ ਵਿੱਚ ਸਾਡੇ ਮੁੱਦੇ ਵੀ ਇਹੀ ਹੋਣ ਅਤੇ ਅਸੀਂ ਬੁਨਿਆਦੀ ਮਸਲਿਆਂ ਦੀ ਰਾਜਨੀਤੀ ਕਰਨ ਦੀ ਜਾਚ ਸਿੱਖੀਏ...।

# ਆਈਨਸਟਾਈਨ ਠੀਕ ਨਿਕਲਿਆ

- ਡਾ: ਵਿਦਵਾਨ ਸਿੰਘ ਸੋਨੀ

ਆਈਨਸਟਾਈਨ ਦੇ ਸਾਪੇਖਤਾ ਸਿਧਾਂਤ ਵਿੱਚ ਕਿਸੇ 'ਸ਼ੱਕੀ' ਨੁਕਸ ਬਾਰੇ ਗੱਲ ਚੱਲਣ 'ਤੇ ਬਹੁਤ ਵਾਰ ਉਸ ਦਾ ਸਿਧਾਂਤ ਫੇਲ ਜਾਂ ਗਲਤ ਹੋਣ ਜਿਹੀਆਂ ਅਫ਼ਵਾਹਾਂ ਫੈਲਦੀਆਂ ਰਹੀਆਂ ਹਨ ਪਰ ਅੰਤ ਵਿੱਚ ਆਈਨਸਟਾਈਨ ਠੀਕ ਨਿਕਲਿਆ। ਸਾਪੇਖਤਾ ਸਿਧਾਂਤ ਮੁੱਖ ਤੌਰ ਉੱਤੇ ਇਸ ਤੱਥ 'ਤੇ ਆਧਾਰਿਤ ਹੈ ਕਿ ਪ੍ਰਕਾਸ਼ ਦਾ ਵੇਗ (ਜਾਂ ਬਿਜਲ-ਚੁੰਬਕੀ ਤਰੰਗਾਂ ਦਾ ਵੇਗ, ਜਿਸ ਵਿੱਚ ਰੇਡੀਓ ਤਰੰਗਾਂ, ਮਾਈਕਰੋ ਵੇਵ, ਐਕਸ ਤੇ ਗਾਮਾਂ ਕਿਰਨਾਂ ਸ਼ਾਮਲ ਹਨ) ਸਭ ਤੋਂ ਵੱਧ ਹੈ ਤੇ ਕਿਸੇ ਵੀ ਵਸਤੂ ਦਾ ਵੇਗ ਇਸ ਤੋਂ ਵੱਧ ਨਹੀਂ ਹੋ ਸਕਦਾ। ਕੁਝ ਵਿਗਿਆਨੀਆਂ ਨੇ ਪ੍ਰਯੋਗ ਕਰਕੇ ਦਿਖਾਇਆ ਹੈ ਕਿ ਬਹੁਤ ਹਲਕੇ ਕਣ 'ਨਿਊਟ੍ਰੀਨੋ','ਪ੍ਰਕਾਸ਼ ਨਾਲੋਂ ਤੇਜ਼ ਚੱਲਦੇ ਹਨ। ਉਸ ਪ੍ਰਯੋਗ ਦੇ ਨਤੀਜੇ ਅਜੇ ਪੱਕੇ ਤੌਰ 'ਤੇ ਸਾਹਮਣੇ ਨਹੀਂ ਆਏ। ਇਸ ਲਈ ਆਈਨਸਟਾਈਨ ਦੇ ਸਿਧਾਂਤ ਨੂੰ ਗਲਤ ਕਹਿਣਾ ਠੀਕ ਨਹੀਂ ਹੈ। ਆਈਨਸਟਾਈਨ ਦਾ ਸਾਪੇਖਤਾ ਸਿਧਾਂਤ ਅਤੇ ਉਸ ਦੇ ਸਿੱਟੇ ਭੌਤਿਕ ਵਿਗਿਆਨ ਵਿੱਚ ਪੂਰੀ ਸਫ਼ਲਤਾ ਨਾਲ ਵਰਤੇ ਗਏ ਹਨ ਅਤੇ ਇਸ ਦੇ ਕਈ ਪੱਖਾਂ ਦੀ ਸਹੀ ਵਿਆਖਿਆ ਕਰਦੇ ਹਨ। ਸਾਪੇਖਤਾ ਸਿਧਾਂਤ ਸਿਰਫ਼ ਭੌਤਿਕ ਵਿਗਿਆਨ ਦੇ ਹੀ ਨਹੀਂ ਸਗੋਂ ਸਾਰੀ ਸ੍ਰਿਸ਼ਟੀ ਦੀ ਵਿਆਖਿਆ ਦਾ ਵੱਡਾ ਥੰਮ ਹੈ। ਇਸ ਸਿਧਾਂਤ ਨੇ ਪ੍ਰਾਕ੍ਰਿਤਿਕ ਫ਼ਿਲਾਸਫ਼ੀ ਨੂੰ ਵੀ ਪ੍ਰਭਾਵਿਤ ਕੀਤਾ ਹੈ। ਇਹ ਧਾਰਨਾਤਮਕ ਤੌਰ 'ਤੇ ਬਹੁਤ ਗਹਿਰਾ ਸਿਧਾਂਤ ਹੈ।

ਜੇ ਗਤੀ ਦੀ ਉੱਪਰਲੀ ਹੱਦ ਨਾ ਹੁੰਦੀ (ਜੋ ਪ੍ਰਕਾਸ਼ ਦੀ ਗਤੀ ਦੀ ਹੈ), ਭਾਵ ਜੇ ਸਪੈਸ਼ਲ ਸਾਪੇਖਤਾ ਨਾ ਠੀਕ ਹੁੰਦੀ, ਤਾਂ ਨਾ ਤਾਂ ਚੁੰਬਕ ਹੁੰਦਾ, ਨਾ ਪਰਮਾਣੂ ਬੰਬ ਬਣਦਾ, ਤੇ ਨਾ ਹੀ ਇਹ ਪਤਾ ਕਿ ਲੱਗਦਾ ਸੂਰਜ/ਤਾਰਿਆਂ 'ਚੋਂ ਅਥਾਹ ਊਰਜਾ ਕਿਵੇਂ ਨਿਕਲ ਰਹੀ ਹੈ, ਆਦਿ। ਨਿਊਟਨ ਅਨੁਸਾਰ ਸਮੇਂ ਦਾ ਵਹਾਓ ਸਦਾ ਇਕਸਾਰ ਰਹਿੰਦਾ ਹੈ ਤੇ ਸਮਾਂ ਨਿਰਪੇਖ ਹੈ। ਕਿਸੇ ਵਸਤੂ ਦਾ ਪੁੰਜ (ਭਾਰ ਨਹੀਂ) ਤੇ ਉਸ ਦੀ ਲੰਬਾਈ ਉਸ ਦੀ ਗਤੀ 'ਤੇ ਨਿਰਭਰ ਨਹੀਂ ਕਰਦੀ। ਪੁੰਜ ਊਰਜਾ ਵਿੱਚ ਨਹੀਂ ਵਟ ਸੱਕਦਾ ਤੇ ਨਾ ਹੀ ਊਰਜਾ ਪੁੰਜ ਵਿੱਚ ਪਰ ਆਈਨਸਟਾਈਨ ਨੇ ਦੱਸਿਆ ਕਿ ਪ੍ਰਕਾਸ਼ ਦਾ ਵੇਗ ਕਿਸੇ ਵੀ ਵੇਗ ਦੀ ਉੱਪਰਲੀ ਸੀਮਾ ਹੈ ਤੇ ਉਹ ਹੈ। ਉਸ ਨੇ ਸਰਲ ਜਿਹਾ ਗਣਿਤ ਵਰਤਕੇ ਇਸ ਤੱਥ ਦੇ ਕਈ ਅਤਿ ਦਿਲਚਸਪ ਸਿੱਟੇ ਕੱਢੇ ਜਿਨਾਂ ਨੂੰ ਭੌਤਿਕ ਵਿਗਿਆਨੀਆਂ ਨੇ ਪ੍ਰਯੋਗਾਂ ਰਾਹੀਂ ਵਾਰ-ਵਾਰ ਸਹੀ ਸਿੱਧ ਕਰ ਦਿੱਤਾ ਹੈ। ਇੱਕ ਸਿੱਟਾ ਇਹ ਸੀ ਕਿ ਕਿਸੇ ਵਸਤੂ ਦੀ ਗਤੀ ਦੇ ਵਧਣ ਨਾਲ ਪੁੰਜ ਵਧਦਾ ਹੈ (ਪਰ ਉਹ ਪ੍ਰਕਾਸ਼ ਦੀ ਗਤੀ ਦੇ ਨੇੜੇ ਪੁੱਜ ਕੇ ਹੀ



ਪ੍ਰਤੱਖ ਹੁੰਦਾ ਹੈ)। ਮਿਸਾਲ ਵਜੋਂ ਇਲੈਕਟਰਾਨ ਦੀ ਚਾਲ ਬਹੁਤ ਤੇਜ਼ ਹੋਣ ਕਰਕੇ ਉਸ ਦਾ ਪੁੰਜ ਵਧ ਜਾਂਦਾ ਹੈ। ਉਸ ਨੂੰ ਸਾਈਕਲੋਟ੍ਰੋਨ ਮਸ਼ੀਨ ਵਿੱਚ ਘੁਮਾਇਆ ਨਹੀਂ ਜਾ ਸਕਦਾ ਕਿਉਂਕਿ ਉਸ ਦੀ ਚਾਲ ਵਿੱਚੇ ਟੁੱਟ ਜਾਂਦੀ ਹੈ। ਵੇਗ ਨਾਲ ਵਸਤੂ ਦਾ ਪੁੰਜ ਵਧਣ ਦੀਆਂ ਅਨੇਕਾਂ ਹੋਰ ਵੀ ਮਿਸਾਲਾਂ ਹਨ ਜਿਨਾਂ ਤੋਂ ਇਹ ਤੱਥ ਸਹੀ ਸਿੱਧ ਹੁੰਦਾ ਹੈ।

ਜਿਉਂ ਜਿਉਂ ਵੇਗ (ਬਹੁਤ ਜ਼ਿਆਦਾ) ਵਧਦਾ ਹੈ, ਵਸਤੂ ਦੀ ਲੰਬਾਈ ਘਟਦੀ 'ਨਜ਼ਰ ਆਉਂਦੀ' ਹੈ। ਅਸਲ ਵਿੱਚ ਇਹ ਪ੍ਰਭਾਵ ਦੋ ਤਰਫ਼ਾ ਹੈ। ਸਾਨੂੰ ਧਰਤੀ ਦੇ ਸਮਾਨਾਂਤਰ ਚੱਲ ਰਹੇ ਰੌਕੇਟ ਦੀ ਲੰਬਾਈ ਘੱਟ ਜਾਪੇਗੀ ਤੇ ਰੌਕੇਟ ਵਿੱਚ ਬੈਠਿਆਂ ਨੂੰ ਉਸ ਦੀ ਗਤੀ ਦੀ ਦਿਸ਼ਾ ਵਿੱਚ ਪਈ ਸਾਡੀ ਹਰ ਲੰਬਾਈ ਛੋਟੀ ਜਾਪੇਗੀ। ਇਸ ਤੱਥ ਦਾ ਪ੍ਰਮਾਣ ਵੀ ਕਈ ਵਾਰ ਮਿਲ ਚੁੱਕਾ ਹੈ। ਕਾਸਮਿਕ ਕਿਰਨਾਂ ਧਰਤੀ ਉੱਪਰਲੇ ਵਾਯੂਮੰਡਲ ਦੀ ਹਵਾ ਨਾਲ ਟਕਰਾਉਣ ਕਰਕੇ ਬਹੁਤ ਤੇਜ਼ ਗਤੀ ਵਾਲੇ ਮੀਜ਼ੋਨ'ਕਣ ਪੈਦਾ ਹੁੰਦੇ ਹਨ। ਉਨਾਂ ਦੀ ਉਮਰ ਏਨੀ ਕੁ ਹੁੰਦੀ ਹੈ ਕਿ ਉਹ ਰਾਹ ਵਿੱਚ ਹੀ ਬਹੁਤ ਪਹਿਲਾਂ ਖ਼ਤਮ ਹੋ ਕੇ ਦੂਜੇ ਰੂਪ ਵਿੱਚ ਵਟ ਜਾਣੇ ਚਾਹੀਦੇ ਹਨ ਪਰ ਉਹ ਤਾਂ ਧਰਤੀ ਤੱਕ ਪਹੁੰਚ ਰਹੇ ਹਨ! ਕਾਰਨ ਇਹ ਹੈ ਕਿ ਉਨਾਂ ਦੇ ਫਰੇਮ ਵਿੱਚੋਂ ਦੇਖਿਆਂ ਉਨਾਂ ਨੂੰ ਵਾਯੂਮੰਡਲ ਦੀ ਉੱਪਰਲੀ ਪਰਤ ਅਤੇ ਧਰਤੀ ਦੀ ਸਤਾ ਤੱਕ ਦਾ ਫ਼ਾਸਲਾ 'ਛੋਟਾ' ਹੋ ਗਿਆ ਜਾਪਦਾ ਹੈ, ਤੇ ਉਹ ਏਥੇ ਛੇਤੀ ਪਹੁੰਚ ਜਾਂਦੇ ਹਨ।

ਗਤੀ ਵਧਣ ਨਾਲ ਸਮਾਂ ਹੌਲੀ ਚੱਲਣ ਦੇ ਬਹੁਤ ਹੀ ਦਿਲਚਸਪ ਸਿੱਟੇ ਹਨ। ਉਨਾਂ 'ਚੋਂ ਇੱਕ ਹੈ ਟਵਿਨ ਪੈਰਾਡੌਕਸ। ਉਹ ਹੈ ਵੀ ਬਿਲਕੁਲ ਠੀਕ। ਟਵਿਨ ਪੈਰਾਡੌਕਸ ਦਾ ਭਾਵ ਇਹ ਹੈ ਕਿ ਜੇ ਦੋ ਜੌੜੇ ਭਰਾਵਾਂ 'ਚੋਂ ਇੱਕ ਜਣਾ ਕਿਸੇ ਰੌਕੇਟ ਵਿੱਚ ਬੈਠਕੇ ਪ੍ਰਕਾਸ਼ ਗਤੀ ਦੇ ਨਿਕਟ ਵੇਗ ਨਾਲ ਦੂਰ ਚਲਾ ਜਾਵੇ ਤੇ ਫਿਰ ਮੁੜ ਆਏ ਤਾਂ ਉਹ ਦੂਜੇ ਜੌੜੇ ਦਾ ਛੋਟਾ ਭਰਾ ਬਣ ਜਾਏਗਾ। ਭਾਵ ਉਸ ਉੱਪਰ ਸਮਾਂ ਹੌਲੀ ਬੀਤਿਆ ਹੋਵੇਗਾ। ਇਹ ਪੈਰਾਡੌਕਸ'ਇਸ ਕਰਕੇ ਹੈ ਕਿ ਦੋਵਾਂ ਵਿੱਚ ਸਾਪੇਖਕ ਗਤੀ ਦੇ ਹੋਣ ਕਰਕੇ ਦੋਵੇਂ ਇੱਕ-ਦੂਜੇ ਦਾ ਸਮਾਂ ਹੌਲੀ ਚੱਲਦਾ ਦੇਖਦੇ ਹਨ ਪਰ ਅਸਲ ਵਿੱਚ ਜਿਹੜਾ ਜੌੜਾ ਆਪਣੀ ਗਤੀ ਬਦਲਦਾ ਹੈ, ਪਹਿਲਾਂ ਹੌਲੀ ਹੁੰਦਾ ਹੈ, ਫਿਰ ਤੇਜ਼ ਤੇ ਫਿਰ ਹੌਲੀ, ਉਹੀ ਛੋਟਾ ਰਹਿ ਜਾਂਦਾ ਹੈ। ਇਸ ਤੱਥ ਉੱਪਰ ਪ੍ਰਯੋਗ ਵੀ ਬਹੁਤ ਚਿਰ ਪਹਿਲਾਂ ਸਫ਼ਲਤਾ ਪੂਰਵਕ ਕਰ ਲਿਆ ਗਿਆ ਸੀ। ਵਾਰ-ਵਾਰ ਪ੍ਰਯੋਗ ਕਰਨ 'ਤੇ ਸਿੱਧ ਹੋ ਗਿਆ ਕਿ ਜਿਹੜਾ ਮੂਲ ਕਣ ਪਰਵੇਗ (ਬਦਲਦੇ ਵੇਗ) ਵਿੱਚ ਜਾਏਗਾ ਉਸ ਦਾ ਸਮਾਂ ਹੌਲੀ ਹੁੰਦਾ ਜਾਏਗਾ। ਜੇ ਕੋਈ ਰੌਕੇਟ ਪ੍ਰਕਾਸ਼ ਦੇ ਵੇਗ ਦੇ ਨੇੜੇ-ਤੇੜੇ ਦੀ ਗਤੀ ਪ੍ਰਾਪਤ ਕਰ ਸਕੇ ਤਾਂ ਇਹ ਗੱਲ ਮਨੁੱਖਾਂ ਲਈ ਵੀ ਸਹੀ ਹੋ ਨਿਬੜੇਗੀ। ਕਿਤੇ ਉਹ ਨਾ ਹੋਵੇ 25 ਕੁ ਸਾਲਾਂ ਦਾ ਪਿਓ ਆਪਣੇ ਛੋਟੇ ਜਹੇ ਪੁੱਤਰ ਨੂੰ ਘਰ ਛੱਡ ਕੇ ਤੇਜ਼ ਰੌਕੇਟ ਵਿੱਚ ਬੈਠ ਕੇ ਦੂਰ ਆਕਾਸ਼ਾਂ ਵੱਲ ਨਿਕਲ ਜਾਏ ਤੇ ਜਦੋਂ ਵਾਪਸ ਆਏ ਤਾਂ ਪਿਓ ਦੀ ਉਮਰ 30 ਕੁ ਸਾਲ ਹੀ ਹੋਵੇ ਤੇ ਪੁੱਤਰ ਬੁੱਢਾ ਹੋ ਗਿਆ ਹੋਵੇ। ਆਈਨਸਟਾਈਨ ਦੇ ਸਾਪੇਖਤਾ ਸਿਧਾਂਤ ਦੇ ਸਿੱਟੇ ਬਹੁਤ ਹੀ ਦਿਲਚਸਪ ਤੇ ਸਹੀ ਹਨ। ਇਹ ਭੌਤਿਕ ਵਿਗਿਆਨ ਦੀ ਦੁਨੀਆਂ ਵਿੱਚ ਅਣਗਿਣਤ ਥਾਵਾਂ 'ਤੇ ਲਾਗੂ ਵੀ ਹੋ ਰਹੇ ਹਨ। ਇਹ ਸਿੱਟੇ ਹਰ ਪ੍ਰਭਾਵ ਦੀ ਬਿਲਕੁਲ ਸਹੀ ਵਿਆਖਿਆ ਕਰਦੇ ਹਨ। ਨਾ ਆਈਨਸਟਾਈਨ ਗਲਤ ਹੈ ਤੇ ਨਾ ਸਾਪੇਖਤਾ ਸਿਧਾਂਤ। ਵਿਗਿਆਨ ਦੀ ਦੁਨੀਆਂ ਵਿੱਚ ਕੋਈ ਭੁਚਾਲ ਆਉਣ ਵਰਗੀ ਗੱਲ ਨਹੀਂ ਹੋਈ। ਜੇ ਨਿਊਟ੍ਰੀਨੋ 'ਤੇ ਕੀਤਾ ਗਿਆ ਪ੍ਰਯੋਗ ਕੁਝ ਅਜੀਬ ਸਿੱਟੇ ਦੇ ਰਿਹਾ ਹੈ ਅਤੇ ਜੇ ਉਹ ਸਹੀ ਹਨ ਤਾਂ ਉਸ 'ਤੇ ਵੱਖਰੇ ਵਿਗਿਆਨਕ ਸਿਧਾਂਤ ਲਾਗੂ ਹੁੰਦੇ ਹੋਣਗੇ। ਉਹ ਦੇਖਿਆ ਜਾ ਸਕਦਾ ਹੈ ਪਰ ਅਜੋਕੇ ਭੌਤਿਕ ਵਿਗਿਆਨ ਲਈ ਕੋਈ ਫ਼ਿਕਰ ਵਾਲੀ ਗੱਲ ਨਹੀਂ ਹੈ।

# ਪੰਜਾਬ ਦਾ ਇਤਿਹਾਸ ਤੇ ਦੁਖਾਂਤ

- ਡਾ. ਸੁਖਦਿਆਲ ਸਿੰਘ

ਭੂਗੋਲਿਕ ਪੰਜਾਬ ਕਿਸੇ ਸੂਬੇ ਜਾਂ ਰਿਆਸਤ ਦਾ ਨਾਂ ਨਹੀਂ ਹੈ। ਪੰਜਾਬ ਆਪਣੇ-ਆਪ ਵਿੱਚ ਇੱਕ ਦੇਸ਼ ਹੈ। ਪੰਜਾਬ ਸੱਭਿਆਚਾਰਕ ਮੁਲਕ ਅਤੇ ਸੱਭਿਆਤਾਵਾਂ ਨੂੰ ਜਨਮ ਦੇਣ ਵਾਲੀ ਸਰਜ਼ਮੀਨ ਦਾ ਨਾਂ ਹੈ। ਇਸ ਦਾ ਇਹ ਸੱਭਿਆਚਾਰ ਵਿਸ਼ਵ ਪੱਧਰ 'ਤੇ ਪਸਰ ਚੁੱਕਿਆ ਹੈ ਅਤੇ ਵਿਸ਼ਵ ਨੂੰ 'ਹੜੱਪਾ ਸੱਭਿਅਤਾ' ਦੇ ਨਾਂ ਹੇਠ ਆਪਣਾ ਵਿਕਾਸ ਦਿਖਾ ਚੁੱਕਿਆ ਹੈ। ਅਜੇ ਸਿੰਧ ਘਾਟੀ ਦੀ ਸੱਭਿਅਤਾ ਪਨਪਣੀ ਵੀ ਸ਼ੁਰੂ ਨਹੀਂ ਸੀ ਹੋਈ ਜਦੋਂ ਹੜੱਪਾ ਸੱਭਿਅਤਾ ਵਿਸ਼ਵ ਪੱਧਰ ਉੱਤੇ ਵਿਕਸਤ ਹੋ ਚੁੱਕੀ ਸੀ। ਹੜੱਪਾ ਕੁਦਰਤ ਪੰਜ ਦਰਿਆਵਾਂ ਦੀ ਸਰਜ਼ਮੀਨ ਉਪਰ ਫੈਲੀ ਹੋਈ ਸੱਭਿਅਤਾ ਸੀ। ਇਹ ਸਿੰਧ ਘਾਟੀ ਸੱਭਿਅਤਾ ਤੋਂ ਇੱਕ ਯੁੱਗ ਅਗੇਤੀ ਸੀ। ਹਿੰਦੁਸਤਾਨ ਨੇ ਸਿੰਧ ਘਾਟੀ ਸੱਭਿਅਤਾ ਵਿੱਚੋਂ ਜਨਮ ਲਿਆ ਸੀ ਜਦੋਂਕਿ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਇਸ ਤੋਂ ਇੱਕ ਯੁੱਗ ਪਹਿਲਾਂ ਆਪਣੀ ਹੋਂਦ ਕਾਇਮ ਕਰਕੇ ਵਿਸ਼ਵ ਪੱਧਰ ਉਪਰ ਫੈਲ ਚੁੱਕੀ ਸੀ। ਇੱਕ ਯੁੱਗ ਹਜ਼ਾਰ ਸਾਲ ਦਾ ਵੀ ਹੋ ਸਕਦਾ ਹੈ ਅਤੇ ਇਸ ਤੋਂ ਘੱਟ-ਵੱਧ ਵੀ। ਇਹ ਜ਼ਰੂਰੀ ਨਹੀਂ ਕਿ ਪੰਜਾਬ ਅਤੇ ਪੰਜਾਬੀ ਵਰਤਮਾਨ ਗੁਰਮੁਖੀ ਲਿਪੀ ਦੇ ਲਿਬਾਸ ਵਿੱਚ ਹੀ ਹੁੰਦੇ। ਇਹ ਤਾਂ ਯੁੱਗਾਂ-ਯੁਗਾਤਰਾਂ ਬਾਅਦ ਪੰਜਾਬੀ ਸੱਭਿਅਤਾ ਨੂੰ ਮੁੜ ਉਭਾਰਨ ਦਾ ਇੱਕ ਉਪਾਅ ਸੀ ਜਿਹੜਾ ਸਿੱਖ ਲਹਿਰ ਨੇ ਮੁਹੱਈਆ ਕੀਤਾ ਸੀ। ਹੜੱਪਾ ਦਾ ਪੰਜਾਬੀ ਸੱਭਿਆਚਾਰ ਆਪਣੀ ਲਿਪੀ ਵਿੱਚ ਸੀ। ਹੜੱਪਾ ਲਿਪੀ ਅੱਜ ਦੀ ਗੁਰਮੁਖੀ ਨਾਲੋਂ ਕਿਤੇ ਜ਼ਿਆਦਾ ਵਿਕਸਤ ਸੀ। ਹੜੱਪਾ ਲਿਪੀ ਸਿੱਕਿਆਂ, ਮੋਹਰਾਂ ਅਤੇ ਗ੍ਰੰਥਾਂ ਵਿੱਚ ਸੀ। ਹੜੱਪਾ ਦੀ ਬਦਕਿਸਮਤੀ ਇਹ ਸੀ ਕਿ ਇਸ ਨੂੰ ਇਰਾਨ ਤੋਂ ਆਉਣ ਵਾਲੇ ਆਰੀਆ ਕਬੀਲਿਆਂ ਨੇ ਬੁਰੀ ਤਰਾਂ ਕੁਚਲ ਦਿੱਤਾ ਅਤੇ ਇਹ ਮੁੜ ਆਪਣੇ ਪੈਰਾਂ 'ਤੇ ਖੜੀ ਨਹੀਂ ਹੋ ਸਕੀ। ਯੁੱਗਾਂ ਬਾਅਦ ਪੰਜਾਬੀ ਬੋਲੀ ਸਿੱਖ ਲਹਿਰ ਨੇ ਗੁਰਮੁਖੀ ਲਿਬਾਸ ਵਿੱਚ ਫਿਰ ਆਪਣੇ ਪੈਰਾਂ 'ਤੇ ਖੜੀ ਕੀਤੀ। ਸਿੱਖ ਲਹਿਰ ਨੇ ਗੁਰਮੁਖੀ ਰਾਹੀਂ ਹੜੱਪਾ ਸੱਭਿਅਤਾ ਦੇ ਗੁਆਚ ਚੁੱਕੇ ਅਕਸ ਨੂੰ ਫਿਰ ਤੋਂ ਉਭਾਰਨ ਦਾ ਝੰਡਾ ਚੁੱਕਿਆ ਸੀ। ਪੰਜਾਬ ਕਿਸੇ ਸੂਬੇ ਜਾਂ ਰਿਆਸਤ ਦਾ ਨਾਂ ਨਹੀਂ ਹੈ। ਇਹ ਆਪਣੇ ਆਪ ਵਿੱਚ ਇੱਕ ਦੇਸ਼ ਹੈ। ਇਸ ਦਾ ਆਪਣਾ ਸੁਤੰਤਰ ਸੱਭਿਆਚਾਰ ਅਤੇ ਰਵਾਇਤਾਂ ਹਨ। ਇਸੇ ਕਾਰਨ ਪੰਜਾਬ ਉੱਪਰ ਜਦੋਂ ਵੀ ਹਿੰਦੁਸਤਾਨੀ ਸਮਰਾਟਾਂ ਦਾ ਰਾਜ ਸਥਾਪਤ ਹੁੰਦਾ ਰਿਹਾ ਹੈ, ਉਨਾਂ ਨੇ ਪੰਜਾਬ ਦੇ ਸੁਤੰਤਰ ਰੁਤਬੇ ਨੂੰ ਸੱਟ ਹੀ ਮਾਰੀ ਹੈ। ਪੰਜਾਬ ਨੂੰ ਸਿਰਫ਼ ਪੰਜਾਬੀ ਹਾਕਮਾਂ ਨੇ ਹੀ ਸੁਤੰਤਰ ਰੁਤਬਾ ਦਿਵਾਇਆ ਹੈ। ਪੰਜਾਬ ਦਾ ਸਮਾਜਿਕ ਪੱਖ ਵੀ ਸਮਝਣਾ ਚਾਹੀਦਾ ਹੈ। ਸਿੱਖ ਧਰਮ ਨੂੰ ਧਾਰਨ ਕਰਨ ਤੋਂ ਪਹਿਲਾਂ ਲੋਕਾਂ ਦੇ ਬਹੁਤ ਵੱਡੇ ਹਿੱਸੇ ਨੇ ਇਸਲਾਮ ਨੂੰ ਧਾਰਨ ਕਰ ਲਿਆ ਸੀ। ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਜੱਟਾਂ ਨੂੰ ਸਿੱਖ ਧਰਮ ਵਿੱਚ ਲਿਆਂਦਾ ਸੀ। ਗੁਰੂ ਤੇਗ ਬਹਾਦਰ ਜੀ ਨੇ ਤਾਂ ਮਾਲਵੇ ਅਤੇ ਬਾਂਗਰ ਇਲਾਕੇ ਦੇ ਐਸੇ ਤੂਫ਼ਾਨੀ ਦੌਰੇ ਕੀਤੇ ਸਨ ਕਿ ਉੱਥੋਂ ਸਰਵਰੀਆਂ ਦਾ ਪੂਰੀ ਤਰਾਂ ਸਫਾਇਆ ਕਰ ਦਿੱਤਾ ਸੀ। ਸਰਵਰੀਏ ਸੂਫ਼ੀਆਂ ਵਾਂਗ ਹੀ ਇਸਲਾਮ ਨੂੰ ਪ੍ਰਚਾਰਨ ਵਾਲੀ ਇੱਕ ਸੰਪਰਦਾ ਸੀ। ਪੰਜਾਬ ਦੇ ਦੌਰਿਆਂ ਨੂੰ ਦੇਖ ਕੇ ਕਸ਼ਮੀਰੀ ਤਬਕਾ ਵੀ ਗੁਰੂ ਤੇਗ ਬਹਾਦਰ ਜੀ ਵੱਲ ਦੇਖਣ ਲੱਗ ਪਿਆ ਸੀ। ਉਹ ਗੁਰੂ ਤੇਗ ਬਹਾਦਰ ਜੀ ਦੀ ਹਜ਼ੂਰੀ ਵਿੱਚ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ। ਪੰਜਾਬ ਵਾਂਗ ਗੁਰੂ ਜੀ ਨੇ ਕਸ਼ਮੀਰ ਦੇ ਦੌਰਿਆਂ ਦਾ ਵੀ ਪ੍ਰੋਗਰਾਮ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਕਾਰਨ ਮੁਗਲ ਹਕੂਮਤ ਨੇ ਪਹਿਲਾਂ ਗੁਰੂ ਅਰਜਨ ਦੇਵ ਜੀ ਅਤੇ ਫਿਰ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਸੀ। ਉੱਤਰੀ ਭਾਰਤ ਦੇ ਗ਼ੈਰ-ਇਸਲਾਮੀ ਸਮਾਜ ਨੂੰ ਸੰਭਾਲਣ ਲਈ ਇਹ ਬਹੁਤ ਵੱਡੀ ਕੁਰਬਾਨੀ ਸੀ। ਗ਼ੈਰ-ਇਸਲਾਮੀ ਹਾਕਮ ਪੰਜਾਬ ਅਤੇ ਕਸ਼ਮੀਰ ਨੂੰ ਛੱਡ ਚੁੱਕੇ ਸਨ। ਉਨਾਂ ਦੀਆਂ ਨਿਗਾਹਾਂ ਵਿੱਚ ਸਰਸਵਤੀ ਅਤੇ ਘੱਗਰ ਨਦੀਆਂ ਹੀ ਹਿੰਦੁਸਤਾਨ ਦੀ ਪੱਛਮੀ ਸਰਹੱਦ ਸਨ।

ਹੜੱਪਾ ਸੱਭਿਅਤਾ ਦੇ ਖ਼ਾਤਮੇ ਤੋਂ ਬਾਅਦ ਪੰਜਾਬ ਨੇ ਮੁੜ ਆਪਣੀ ਸੁਤੰਤਰ ਹਸਤੀ ਨੂੰ ਪੋਰਸ ਦੇ ਸਮੇਂ ਉਭਾਰਿਆ ਸੀ। 327-28 ਪੂ.ਈ. ਵਿੱਚ ਪੋਰਸ ਪੰਜਾਬ ਦੇ ਕਬੀਲਿਆਂ ਦਾ ਸਰਦਾਰ ਸੀ। ਉਸ ਨੇ ਪੰਜਾਬ ਵਿੱਚ ਆਪਣੀ ਬਾਦਸ਼ਾਹਤ ਕਾਇਮ ਕੀਤੀ ਹੋਈ ਸੀ। ਜਦੋਂ ਯੂਨਾਨ ਦਾ ਬਾਦਸ਼ਾਹ ਸਿਕੰਦਰ ਵਿਸ਼ਵ ਨੂੰ ਫਤਿਹ ਕਰਦਾ ਹੋਇਆ ਹਿੰਦੁਸਤਾਨ ਵੱਲ ਵਧ ਰਿਹਾ ਸੀ ਤਾਂ ਉਹ ਜਿਹਲਮ ਦਰਿਆ ਦੇ ਕੰਢੇ 'ਤੇ ਆ ਕੇ ਰੁਕ ਗਿਆ ਸੀ। ਜਿਹਲਮ ਪੋਰਸ ਦੇ ਰਾਜ ਦੀ ਪੱਛਮੀ ਸਰਹੱਦ ਸੀ। ਪੋਰਸ ਨੇ ਸਿਕੰਦਰ ਦਾ ਡਟ ਕੇ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸ ਦੇ ਗੁਆਂਢੀ ਰਾਜਾਂ ਨੇ ਜਾਂ ਤਾਂ ਸਿਕੰਦਰ ਨਾਲ ਮੇਲ-ਮਿਲਾਪ ਕਰ ਲਿਆ ਜਾਂ ਨਿਰਪੱਖ ਰਹੇ। ਇਸ ਸਾਰੀ ਚਾਲ ਦੇ ਮੋਢੀ ਕੋਟੱਲਿਆ ਅਤੇ ਚੰਦਰ ਗੁਪਤ ਮੌਰੀਆ ਸਨ। ਕੋਟੱਲਿਆ ਅਤੇ ਚੰਦਰ ਗੁਪਤ ਮੌਰੀਆ ਸਮੇਤ ਅੰਭੀ ਰਾਜੇ ਸਿਕੰਦਰ ਨਾਲ ਮਿਲ ਗਏ ਸਨ। ਉਨਾਂ ਨੂੰ ਪੋਰਸ ਕੰਡੇ ਵਾਂਗ ਰੜਕਦਾ ਸੀ। ਉਹ ਨਹੀਂ ਸੀ ਚਾਹੁੰਦੇ ਕਿ ਪੋਰਸ ਮਜ਼ਬੂਤ ਹੋਵੇ ਪਰ ਉਨਾਂ ਦੀ ਚਾਲ ਪੁੱਠੀ ਪੈ ਗਈ ਸੀ।

ਪੋਰਸ ਨੇ ਦ੍ਰਿੜ ਨਿਸ਼ਚਾ ਕੀਤਾ ਹੋਇਆ ਸੀ ਕਿ ਉਹ ਹਮਲਾਵਰ ਨੂੰ ਕਿਸੇ ਵੀ ਕੀਮਤ 'ਤੇ ਜਿਹਲਮ ਪਾਰ ਨਹੀਂ ਕਰਨ ਦੇਵੇਗਾ। ਕੋਟੱਲਿਆ ਅਤੇ ਚੰਦਰ ਗੁਪਤ ਮੌਰੀਆ ਸਿਕੰਦਰ ਨਾਲ ਮਿਲ ਚੁੱਕੇ ਸਨ। ਇਸ ਕਰਕੇ ਉਨਾਂ ਨੇ ਸਿਕੰਦਰ ਨੂੰ ਸਲਾਹ ਦਿੱਤੀ ਕਿ ਜਿਹਲਮ ਨੂੰ ਹੇਠਾਂ ਜਾ ਕੇ ਪਾਰ ਕੀਤਾ ਜਾਵੇ। ਜਿਹਲਮ ਨੂੰ ਕਾਫ਼ੀ ਦੂਰ ਹੇਠਾਂ ਜਾ ਕੇ ਪਾਰ ਕਰ ਲਿਆ ਗਿਆ। ਸਿਕੰਦਰ ਅਤੇ ਪੋਰਸ ਦੀ ਜ਼ਬਰਦਸਤ ਲੜਾਈ ਹੋਈ। ਇਸ ਲੜਾਈ ਵਿੱਚ ਪੋਰਸ ਦਾ ਸਭ ਤੋਂ ਪਿਆਰਾ ਅਤੇ ਵੱਡਾ ਪੁੱਤਰ ਸੰਘਰ ਮਾਰਿਆ ਗਿਆ ਪਰ ਉਸ ਨੇ ਸ਼ਾਮ ਹੋਣ ਤੱਕ ਡਟ ਕੇ ਮੁਕਾਬਲਾ ਕੀਤਾ। ਸਿਕੰਦਰ ਪਹਿਲੇ ਦਿਨ ਦੀ ਦੋ ਪਹਿਰਾਂ ਦੀ ਲੜਾਈ ਵਿੱਚ ਹੀ ਦੁਸ਼ਮਣ ਦਾ ਮਲੀਆਮੇਟ ਕਰ ਦਿੰਦਾ ਸੀ। ਦੋ ਪਹਿਰਾਂ ਦੀ ਲੜਾਈ ਤੱਕ ਉਹ ਦੁਸ਼ਮਣ ਉਪਰ ਫਤਿਹ ਪ੍ਰਾਪਤ ਨਹੀਂ ਕਰ ਸਕਦਾ ਸੀ ਤਾਂ ਉਹ ਉਸ ਨਾਲ ਬਿਨਾਂ ਝਿਜਕ ਸਮਝੌਤਾ ਕਰ ਲੈਂਦਾ ਸੀ। ਇਹੀ ਸਥਿਤੀ ਪੋਰਸ ਨਾਲ ਹੋ ਰਹੀ ਲੜਾਈ ਦੀ ਹੋ ਗਈ ਸੀ। ਸਿਕੰਦਰ ਨੇ ਦੁਪਹਿਰ ਢਲਣ ਤੋਂ ਬਾਅਦ ਆਪਣੇ-ਆਪ ਪੋਰਸ ਦੇ ਹਾਥੀ ਸਾਹਮਣੇ ਜਾ ਕੇ ਉੱਚੀ ਆਵਾਜ਼ ਵਿੱਚ ਕਿਹਾ, 'ਪੋਰਸ ਤੂੰ ਮੇਰਾ ਦੋਸਤ ਹੈਂ। ਮੈਂ ਤੇਰੇ ਨਾਲ ਸਮਝੌਤਾ ਕਰਨਾ ਚਾਹੁੰਦਾ ਹਾਂ। ਤੂੰ ਹੀ ਪੰਜਾਬ ਦਾ ਬਾਦਸ਼ਾਹ ਹੈਂ। ਆ ਰਲ ਕੇ ਵਿਸ਼ਵ ਨੂੰ ਫਤਹਿ ਕਰੀਏ।' ਆਖ਼ਿਰ ਕੁਝ ਸਮੇਂ ਦੀ ਬਹਿਸ ਦੋਸਤੀ ਵਿੱਚ ਬਦਲ ਗਈ। ਕੋਟੱਲਿਆ, ਚੰਦਰ ਗੁਪਤ ਅਤੇ ਅੰਭੀ ਦੀਆਂ ਯੋਜਨਾਵਾਂ ਨਾਕਾਮ ਹੋ ਗਈਆਂ ਸਨ। ਸਿਕੰਦਰ ਅਤੇ ਪੋਰਸ ਨੇ ਪੰਜਾਬ ਤੋਂ ਅੱਗੇ ਮਗਧ ਰਾਜ ਨੂੰ ਜਿੱਤਣ ਦੀਆਂ ਸਕੀਮਾਂ ਬਣਾਈਆਂ। ਬਦਕਿਸਮਤੀ ਨਾਲ ਯੂਨਾਨੀ ਸੈਨਾ ਬਗਾਵਤ ਕਰ ਗਈ ਅਤੇ ਸਿਕੰਦਰ ਨੂੰ ਬਿਆਸ ਦਰਿਆ ਤੋਂ ਹੀ ਵਾਪਸ ਮੁੜਨਾ ਪਿਆ ਅਤੇ ਪੋਰਸ ਫਿਰ ਆਪਣੇ ਹੀ ਬਲਬੂਤੇ ਪਿੱਛੇ ਇਕੱਲਾ ਰਹਿ ਗਿਆ। ਭਾਰਤੀ ਇਤਿਹਾਸਕਾਰਾਂ ਨੇ ਹਮੇਸ਼ਾ ਪੋਰਸ ਨੂੰ ਅਣਗੌਲਿਆਂ ਕੀਤਾ ਅਤੇ ਇਸ ਦੇ ਮੁਕਾਬਲੇ 'ਤੇ ਕੋਟੱਲਿਆ ਅਤੇ ਚੰਦਰ ਗੁਪਤ ਨੂੰ ਉਭਾਰਿਆ ਹੈ। ਸਿਕੰਦਰ ਦੇ ਮਾਮਲੇ ਵਿੱਚ ਇਨਾਂ ਦੀ ਪੰਜਾਬ ਨਾਲ ਗੱਦਾਰੀ ਨੂੰ ਉੱਕਾ ਹੀ ਨਜ਼ਰਅੰਦਾਜ਼ ਕਰਕੇ ਇਨਾਂ ਨੂੰ ਭਾਰਤ ਦੇ ਉਸੱਰੀਏ ਦੇ ਰੂਪ ਵਿੱਚ ਸਾਹਮਣੇ ਲਿਆਂਦਾ ਹੈ। ਕੋਟੱਲਿਆ ਅਤੇ ਚੰਦਰ ਗੁਪਤ ਨੇ ਆਖ਼ਰਕਾਰ ਪੋਰਸ ਨੂੰ ਧੋਖੇ ਨਾਲ ਮਰਵਾ ਦਿੱਤਾ ਸੀ। ਇਹ ਲੰਮੀ ਚੌੜੀ ਕਹਾਣੀ ਹੈ। ਪੋਰਸ ਦੇ ਰਾਜ ਨੂੰ ਕੁਝ ਸਮੇਂ ਲਈ ਉਸ ਦੇ ਛੋਟੇ ਪੁੱਤਰ ਮੱਲ ਕੇਤੂ (ਮਲਕੀਤ) ਨੇ ਸੰਭਾਲਿਆ ਸੀ ਪਰ ਉਹ ਵੀ ਆਪਣੇ ਰਾਜ-ਕਾਲ ਦੇ ਦੂਜੇ ਸਾਲ ਵਿੱਚ ਹੀ ਪਰਸ਼ੀਆ ਦੇ ਦਾਰਾ ਚੌਥੇ ਦੀ ਮਦਦ ਕਰਨ ਗਿਆ ਜੰਗ ਵਿੱਚ ਮਾਰਿਆ ਗਿਆ ਸੀ। ਮੱਲ ਕੇਤੂ ਦੀ ਵਿਧਵਾ ਰਾਣੀ ਨੂੰ ਕੋਟੱਲਿਆ ਦੀ ਸਲਾਹ ਨਾਲ ਚੰਦਰ ਗੁਪਤ ਨੇ ਬੰਦੀ ਬਣਾ ਲਿਆ ਸੀ। ਇਸ ਤਰਾਂ ਪੰਜਾਬ ਚੰਦਰ ਗੁਪਤ ਮੌਰੀਆ ਦੇ ਰਾਜ ਦਾ ਹਿੱਸਾ ਬਣ ਗਿਆ।

ਬਾਬਰ ਦੇ ਮੁਗਲ ਸਾਮਰਾਜ ਦੀ ਸਥਾਪਨਾ ਦੇ ਨਾਲ ਹੀ ਪੰਜਾਬ ਵਿੱਚ ਸਿੱਖ ਧਰਮ ਦੀ ਸ਼ੁਰੂਆਤ ਹੋ ਗਈ ਸੀ। ਸਿੱਖ ਧਰਮ ਨੇ ਪੰਜਾਬ ਦੀ ਧਰਤੀ 'ਤੇ ਐਸਾ ਇਨਕਲਾਬ ਲਿਆਂਦਾ ਸੀ ਕਿ ਲੋਕ ਜਿਹੜੇ ਹਰ ਹਮਲਾਵਰ ਦੇ ਅੱਗੇ ਝੁਕ ਜਾਂਦੇ ਸਨ, ਫਿਰ ਤੋਂ ਤਲਵਾਰਾਂ ਫੜ ਕੇ ਹਮਲਾਵਰਾਂ ਖ਼ਿਲਾਫ਼ ਖੜੇ ਹੋ ਗਏ। ਗੁਰੂ ਨਾਨਕ ਦੇ ਸਿੱਖ ਇਨਕਲਾਬ ਨੂੰ ਸਾਡੇ ਧਾਰਮਿਕ ਠੇਕੇਦਾਰਾਂ ਅਤੇ ਗੁਰੂ ਦੀ ਗੋਲਕ ਉਪਰ ਆਪਣਾ ਪੇਟ ਪਾਲਣ ਵਾਲੇ ਕੁਝ ਸੰਤਾਂ-ਮਹੰਤਾਂ ਨੇ ਕਰਮਕਾਂਡ ਵਾਲਾ ਬਣਾ ਦਿੱਤਾ ਹੈ ਕਿ ਅੱਜ ਦੇ ਗੁਰਸਿੱਖ ਨੂੰ ਕੁਝ ਸਮਝ ਨਹੀਂ ਆ ਰਿਹਾ ਕਿ ਗੁਰੂ ਨਾਨਕ ਦੀ ਸਿੱਖਿਆ ਕੀ ਹੈ। ਦਸ ਗੁਰੂ ਸਾਹਿਬਾਨ ਰਾਹੀਂ ਸਿਰਜੇ ਗਏ ਸਿੱਖ ਇਨਕਲਾਬ ਦਾ ਸਿੱਟਾ ਇਹ ਹੋਇਆ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਪਿੱਛੋਂ ਬੰਦਾ ਸਿੰਘ ਬਹਾਦਰ ਨੇ ਖ਼ਾਲਸੇ ਦੀ ਵਾਗਡੋਰ ਸੰਭਾਲ ਕੇ ਬਹੁਤ ਵੱਡੇ ਹਿੱਸੇ ਵਿੱਚੋਂ ਮੁਗਲ ਸਾਮਰਾਜ ਨੂੰ ਜੜਾਂ ਤੋਂ ਉਖੇੜ ਦਿੱਤਾ ਸੀ। ਇਹ 1709-10 ਦਾ ਸਮਾਂ ਸੀ ਅਤੇ ਗਿਆਰਵੀਂ ਸਦੀ ਵਿੱਚ ਮੁਹੰਮਦ ਗੌਰੀ ਦੇ ਹਮਲਿਆਂ ਤੋਂ ਸ਼ੁਰੂ ਹੋ ਕੇ ਪਹਿਲਾ ਮੌਕਾ ਸੀ ਜਦੋਂ ਬਿਦੇਸ਼ੀ ਸਾਮਰਾਜ ਨੂੰ ਉਲਟਾ ਕੇ ਪੰਜਾਬ ਦੀ ਧਰਤੀ 'ਤੇ ਇੱਥੋਂ ਦੇ ਲੋਕਾਂ ਦਾ ਰਾਜ ਸਥਾਪਤ ਕੀਤਾ ਗਿਆ ਸੀ। ਇਹ ਕੰਮ ਬੰਦਾ ਸਿੰਘ ਬਹਾਦਰ ਨੇ ਕੀਤਾ ਸੀ। ਬੰਦਾ ਸਿੰਘ ਬਹਾਦਰ ਨੇ ਖ਼ਾਲਸੇ ਦਾ ਰਾਜ ਜਾਂ ਦੂਜੇ ਸ਼ਬਦਾਂ ਵਿੱਚ ਇੱਥੋਂ ਦੇ ਲੋਕਾਂ ਦਾ ਰਾਜ ਸਥਾਪਤ ਕਰਕੇ, ਤੁਰੰਤ ਹੀ ਜਾਗੀਰਦਾਰੀਆਂ ਅਤੇ ਬਿਸਵੇਦਾਰੀਆਂ ਤੋੜ ਕੇ ਇੱਥੋਂ ਦੇ ਕੰਮੀ ਲੋਕਾਂ ਨੂੰ ਵੰਡ ਦਿੱਤੀਆਂ ਸਨ। ਪਿੰਡਾਂ ਦੇ ਕੰਮੀ ਲੋਕ ਵਹੀਰਾਂ ਘੱਤ ਕੇ ਬੰਦਾ ਸਿੰਘ ਬਹਾਦਰ ਕੋਲ ਪਹੁੰਚਦੇ ਸਨ ਅਤੇ ਉਸ ਕੋਲੋਂ ਜ਼ਮੀਨਾਂ ਦੇ ਪਟੇ, ਪਿੰਡਾਂ ਦੀਆਂ ਚੌਧਰਾਂ ਅਤੇ ਘੋੜ ਸਵਾਰਾਂ ਦੀਆਂ ਟੁਕੜੀਆਂ ਲੈ ਕੇ ਆਪੋ-ਆਪਣੇ ਪਿੰਡਾਂ ਨੂੰ ਮੁੜਦੇ ਸਨ। ਉਸ ਸਮੇਂ ਦੀਆਂ ਖ਼ੁਫ਼ੀਆ ਮੁਗਲ ਰਿਪੋਰਟਾਂ ਇਸ ਤਰਾਂ ਦੀਆਂ ਖ਼ਬਰਾਂ ਨਾਲ ਭਰੀਆਂ ਪਈਆਂ ਹਨ ਜਿਨਾਂ ਵਿੱਚ ਦੱਸਿਆ ਹੁੰਦਾ ਸੀ ਕਿ ਪਿੰਡਾਂ ਦੇ ਕੰਮੀ ਅਤੇ ਕਿਰਤੀ ਲੋਕਾਂ ਦੀਆਂ ਵਹੀਰਾਂ ਬੰਦਾ ਸਿੰਘ ਬਹਾਦਰ ਪਾਸ ਪਹੁੰਚ ਰਹੀਆਂ ਹਨ। ਇਹ ਬੰਦਾ ਸਿੰਘ ਬਹਾਦਰ ਦਾ ਖ਼ਾਲਸਾ ਇਨਕਲਾਬ ਸੀ। ਅੱਜ ਦੇ ਕੁਝ ਸਿੱਖ ਸਿਆਸਤਦਾਨ ਆਪਣੀ ਸਿਆਸਤ ਦੀ ਸਫ਼ਲਤਾ ਨਾਲ ਆਪਣੇ ਧੀਆਂ-ਪੁੱਤਾਂ ਨੂੰ ਪਾਲਦੇ ਹਨ ਪਰ ਗੁਰੂ ਗੋਬਿੰਦ ਸਿੰਘ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਪੁੱਤਰਾਂ ਨੂੰ ਆਮ ਲੋਕਾਂ ਲਈ ਕੁਰਬਾਨ ਕਰ ਦਿੱਤਾ ਸੀ।

ਉਸ ਸਮੇਂ ਦਾ ਬਾਦਸ਼ਾਹ ਬਹਾਦਰ ਸ਼ਾਹ ਆਪਣੀਆਂ ਸਾਰੀਆਂ ਮੁਹਿੰਮਾਂ ਛੱਡ ਕੇ ਪਹੁੰਚ ਗਿਆ ਸੀ। ਉਸ ਦੇ ਨਾਲ ਹੀ ਰਾਜਪੂਤਾਨੇ ਦੇ ਸਾਰੇ ਰਾਜਪੂਤ ਰਾਜੇ, ਮਰਾਠੇ, ਹਰਿਆਣੇ ਅਤੇ ਯੂ.ਪੀ. ਦੇ ਜਾਟ ਨੇਤਾ ਪਹੁੰਚ ਗਏ ਸਨ। ਉਨਾਂ ਨੇ ਬੰਦਾ ਸਿੰਘ ਬਹਾਦਰ ਦੀਆਂ ਲੋਕ-ਫ਼ੌਜਾਂ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ ਸੀ। ਆਖ਼ਰ ਇਸ ਖ਼ਾਲਸਾ ਇਨਕਲਾਬ ਨੂੰ ਕੁਚਲ ਦਿੱਤਾ ਗਿਆ। ਬੰਦਾ ਸਿੰਘ ਬਹਾਦਰ ਅਤੇ ਉਸ ਦੇ 780 ਸਾਥੀਆਂ ਨੂੰ ਜਿਉਂਦਿਆਂ ਨੂੰ ਪਕੜ ਲਿਆ ਗਿਆ ਸੀ ਪਰ ਬੰਦਾ ਸਿੰਘ ਬਹਾਦਰ ਆਪਣੀ ਅਤੇ ਆਪਣੇ ਪੁੱਤਰ ਦੀ ਸ਼ਹਾਦਤ ਦੇ ਕੇ ਹਕੂਮਤ ਨੂੰ ਆਖ਼ਰੀ ਵਾਰ ਵੀ ਮਾਤ ਪਾ ਗਿਆ ਸੀ।

ਮੁਗਲ ਸਾਮਰਾਜ ਫਿਰ ਤੋਂ ਪੰਜਾਬ ਵਿੱਚ ਕਾਇਮ ਹੋ ਗਿਆ ਸੀ। 1739 ਵਿੱਚ ਪੰਜਾਬ ਅਤੇ ਹਿੰਦੁਸਤਾਨ ਉਪਰ ਨਾਦਰ ਸ਼ਾਹ ਨੇ ਹਮਲਾ ਕੀਤਾ ਸੀ। ਉਸ ਨੇ ਸਾਰੇ ਉੱਤਰੀ ਭਾਰਤ ਨੂੰ ਲਾਹੌਰ ਤੋਂ ਲੈ ਕੇ ਦਿੱਲੀ ਤੱਕ ਤਹਿਸ-ਨਹਿਸ ਕਰ ਦਿੱਤਾ ਸੀ। ਸਾਰੀਆਂ ਹਿੰਦੁਸਤਾਨੀ ਤਾਕਤਾਂ, ਸਮੇਤ ਦਿੱਲੀ ਦੇ ਮੁਗਲ ਬਾਦਸ਼ਾਹ, ਉਸ ਦੇ ਸਾਹਮਣੇ ਹੱਥ ਜੋੜ ਕੇ ਖੜੀਆਂ ਸਨ ਪਰ ਖ਼ਾਲਸਾ ਪੰਥ ਪੰਜਾਬ ਵਿੱਚ ਦਰਿਆਵਾਂ ਦੇ ਕੰਢਿਆਂ 'ਤੇ ਖੜਾ ਨਾਦਰ ਸ਼ਾਹ ਦੇ ਮੁੜਨ ਦੀ ਉਡੀਕ ਕਰ ਰਿਹਾ ਸੀ। ਜਿਉਂ ਹੀ ਨਾਦਰ ਸ਼ਾਹ ਦਿੱਲੀ ਨੂੰ ਲੁੱਟ ਕੇ ਵਾਪਸ ਆ ਰਿਹਾ ਸੀ ਤਾਂ ਖ਼ਾਲਸਾ ਜਥਿਆਂ ਨੇ ਉਸ ਦੀ ਫ਼ੌਜ ਨੂੰ ਹਰ ਦਰਿਆ ਦੇ ਕੰਢਿਆਂ 'ਤੇ ਲੁੱਟ ਲਿਆ ਅਤੇ ਉਸ ਦੀ ਕੈਦ ਵਿੱਚੋਂ ਹਿੰਦੁਸਤਾਨੀ ਔਰਤਾਂ ਤੇ ਆਦਮੀਆਂ ਨੂੰ ਛੁਡਵਾਇਆ ਸੀ। ਜਿਸ ਤਰਾਂ ਬਾਬਰ ਦੇ ਹਮਲੇ ਸਮੇਂ ਗੁਰੂ ਨਾਨਕ ਖੜਾ ਬਾਬਰ ਨੂੰ ਵੰਗਾਰ ਰਿਹਾ ਸੀ, ਉਸੇ ਤਰਾਂ ਨਾਦਰ ਦੇ ਹਮਲੇ ਸਮੇਂ ਵੀ ਇਕੱਲਾ ਖ਼ਾਲਸਾ ਹੀ ਉਸ ਦੇ ਘੋੜਿਆਂ ਦੇ ਸੁੰਮਾਂ ਹੇਠ ਅੰਗਿਆਰ ਵਿਛਾ ਰਿਹਾ ਸੀ। ਆਪਣੀ ਇਸ ਤਰਾਂ ਲੁੱਟ ਹੁੰਦੀ ਦੇਖ ਕੇ ਨਾਦਰ ਸ਼ਾਹ ਭੁਚੱਕਾ ਰਹਿ ਗਿਆ ਸੀ। ਉਸ ਦੇ ਪੰਜਾਬ ਦਾ ਗਵਰਨਰ ਜ਼ਕਰੀਆ ਖ਼ਾਨ ਸੀ। ਉਸ ਨੇ ਜ਼ਕਰੀਆ ਖ਼ਾਨ ਤੋਂ ਪੁੱਛਿਆ ਕਿ ਇਹ ਲੁੱਟ ਮਾਰ ਕਰਨ ਵਾਲੇ ਕੌਣ ਹਨ ? ਇਨਾਂ ਗੱਲਾਂ ਨੂੰ ਮੁਸਲਮਾਨ ਲੇਖਕ ਅਹਿਮਦ ਸ਼ਾਹ ਬਟਾਲਵੀ ਨੇ ਵੀ ਲਿਖਿਆ ਹੈ। ਉਹ ਲਿਖਦਾ ਹੈ ਕਿ ਜ਼ਕਰੀਆ ਖ਼ਾਨ ਨੇ ਜਵਾਬ ਦਿੱਤਾ ਕਿ ਇਹ ਸਿੱਖ ਹਨ, ਗੁਰੂ ਨਾਨਕ ਦਾ ਨਾਂ ਲੈਂਦੇ ਹਨ, ਅੰਮ੍ਰਿਤਸਰ ਦੇ ਸਰੋਵਰ ਵਿੱਚ ਇਸ਼ਨਾਨ ਕਰ ਕੇ ਸ਼ਕਤੀ ਪ੍ਰਾਪਤ ਕਰਦੇ ਹਨ। ਨਾਦਿਰ ਸ਼ਾਹ ਨੇ ਪੁੱਛਿਆ ਕਿ ਇਹ ਰਹਿੰਦੇ ਕਿੱਥੇ ਹਨ ? ਦੱਸਿਆ ਗਿਆ ਕਿ ਇਨਾਂ ਦਾ ਘਰ-ਘਾਟ ਕੋਈ ਨਹੀਂ ਹੈ। ਹਕੂਮਤ ਨੇ ਇਨਾਂ ਨੂੰ ਕੁੱਟਮਾਰ ਕੇ ਪਿੰਡਾਂ ਤੇ ਸ਼ਹਿਰਾਂ ਵਿੱਚੋਂ ਕੱਢ ਦਿੱਤਾ ਹੈ। ਹੁਣ ਤਾਂ ਇਹ ਘੋੜਿਆਂ ਦੀਆਂ ਕਾਠੀਆਂ 'ਤੇ ਹੀ ਰਹਿੰਦੇ ਹਨ। ਜੰਗਲਾਂ ਦੇ ਝੁੰਡ ਹੀ ਇਨਾਂ ਦੀਆਂ ਬਸਤੀਆਂ ਹਨ। ਨਾਦਰ ਸ਼ਾਹ ਨੇ ਤੁਰੰਤ ਕਿਹਾ ਕਿ 'ਤਾਂ ਫਿਰ ਇਨਾਂ ਤੋਂ ਬਚ ਕੇ ਰਹਿ। ਜੇ ਇਨਾਂ 'ਤੇ ਤੁਰੰਤ ਕਾਬੂ ਨਾ ਪਾਇਆ ਤਾਂ ਇਹ ਇਸ ਧਰਤੀ ਦੇ ਮਾਲਕ ਬਣ ਜਾਣਗੇ।' ਨਾਦਰ ਸ਼ਾਹ ਜੈਸੇ ਮਹਾਂ-ਧਾੜਵੀ ਦੀਆਂ ਇਸ ਤਰਾਂ ਦੀਆਂ ਟੂਕਾਂ ਸਿਰਫ਼ ਇਹੋ ਹੀ ਦਰਸਾ ਰਹੀਆਂ ਹਨ ਕਿ ਜਦੋਂ ਸਾਰਾ ਹਿੰਦੁਸਤਾਨ ਹਮਲਾਵਰਾਂ ਅੱਗ ਝੁਕ ਗਿਆ ਸੀ ਤਾਂ ਖ਼ਾਲਸਾ ਆਪਣੀ ਮਾਂ-ਭੂਮੀ (ਜਾਂ ਪਿਤਰ-ਭੂਮੀ) ਦੇ ਹੋਏ ਅਪਮਾਨ ਦਾ ਬਦਲਾ ਲੈ ਰਿਹਾ ਸੀ। ਨਾਦਰ ਸ਼ਾਹ ਦੇ ਹਮਲੇ ਤੋਂ ਪੰਜਾਬ ਦੇ ਇਲਾਕਿਆਂ ਨੂੰ ਤੋੜਨ ਦੀ ਗੱਲ ਸ਼ੁਰੂ ਹੋ ਗਈ ਸੀ। ਨਾਦਰ ਸ਼ਾਹ ਨੇ ਪਹਿਲੀ ਵਾਰ ਪੰਜਾਬ ਦੇ ਚਾਰ ਪਰਗਨੇ, ਜਿਨਾਂ ਨੂੰ ਉਸ ਸਮੇਂ ਦੀ ਬੋਲੀ ਵਿੱਚ 'ਚਾਰ ਮਹਲ' ਕਿਹਾ ਜਾਂਦਾ ਸੀ, ਮੁਗਲ ਬਾਦਸ਼ਾਹ ਕੋਲੋਂ ਆਪਣੇ ਸਾਮਰਾਜ ਵਿੱਚ ਮਿਲਾਉਣ ਦੀ ਲਿਖਤੀ ਪ੍ਰਵਾਨਗੀ ਲੈ ਲਈ ਸੀ। ਇਸ ਦੇ ਨਾਲ ਹੀ ਉਸ ਨੇ ਜਿਹਲਮ ਅਤੇ ਸਿੰਧ ਦੇ ਵਿਚਕਾਰਲਾ ਦੁਆਬ ਵੀ ਲਿਖਤੀ ਰੂਪ ਵਿੱਚ ਲੈ ਲਿਆ ਸੀ। ਇਉਂ ਹਿੰਦੁਸਤਾਨ ਦੇ ਆਪਣੇ ਹਾਕਮਾਂ ਨੇ ਹੀ ਦੇਸ਼ ਦੀ ਪੱਛਮੀ ਸਰਹੱਦ ਨੂੰ ਸੁੰਗੇੜਨਾ ਸ਼ੁਰੂ ਕਰ ਦਿੱਤਾ ਸੀ। ਇਸ ਹਿਸਾਬ ਨਾਲ ਹਿੰਦੁਸਤਾਨ ਦੀ ਪੱਛਮੀ ਹੱਦ ਸਿੰਧ ਦਰਿਆ ਨਹੀਂ ਸੀ ਸਗੋਂ ਜਿਹਲਮ ਬਣ ਗਿਆ ਸੀ।

ਨਾਦਰ ਸ਼ਾਹ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਨੇ ਹਿੰਦੁਸਤਾਨ ਉਪਰ ਹਮਲੇ 1747-48 ਤੋਂ ਲੈ ਕੇ 1767-68 ਤੱਕ ਜਾਰੀ ਰੱਖੇ ਸਨ। ਇਨਾਂ ਦੇ ਸਿੱਟੇ ਵਜੋਂ ਸਤਲੁਜ ਤੱਕ ਦਾ ਸਾਰਾ ਇਲਾਕਾ ਅਫ਼ਗ਼ਾਨ ਸਾਮਰਾਜ ਵਿੱਚ ਮਿਲਾ ਲਿਆ ਗਿਆ ਸੀ। ਅਹਿਮਦ ਸ਼ਾਹ ਅਬਦਾਲੀ ਸਮੇਂ ਹਿੰਦੁਸਤਾਨ ਦੀ ਪੱਛਮੀ ਸਰਹੱਦ ਸਿੰਧ ਅਤੇ ਜਿਹਲਮ ਨਹੀਂ ਸਗੋਂ ਸਤਲੁਜ ਦਰਿਆ ਸੀ। ਸਤਲੁਜ ਤੋਂ ਲੈ ਕੇ ਸਿੰਧ ਦਰਿਆ ਤੱਕ ਦਾ ਵਿਸ਼ਾਲ ਖੇਤਰ ਹਿੰਦੁਸਤਾਨੀ ਹਾਕਮਾਂ ਨੇ ਆਪਣੇ ਹੱਥਾਂ ਨਾਲ ਲਿਖ ਕੇ ਅਫ਼ਗ਼ਾਨ ਸਾਮਰਾਜ ਨੂੰ ਦੇ ਦਿੱਤਾ ਸੀ। ਇਸ ਲਈ ਇਕੱਲਾ ਮੁਗਲ ਬਾਦਸ਼ਾਹ (ਅਹਿਮਦ ਸ਼ਾਹ) ਜਾਂ ਮੁਗਲ ਅਧਿਕਾਰੀ ਹੀ ਜ਼ਿੰਮੇਵਾਰ ਨਹੀਂ ਸਨ ਸਗੋਂ ਮਰਾਠਾ ਨੇਤਾ ਵੀ ਉਨੇ ਹੀ ਜ਼ਿੰਮੇਵਾਰ ਸਨ। ਅਬਦਾਲੀ ਦੇ ਪਿਛਲੇ ਹਮਲਿਆਂ ਸਮੇਂ ਮਰਾਠੇ ਹੀ ਉੱਤਰੀ ਹਿੰਦੁਸਤਾਨ ਦੇ ਮਾਲਕ ਸਨ ਪਰ ਉਹ 1761 ਵਿੱਚ ਪਾਣੀਪਤ ਦੀ ਤੀਜੀ ਲੜਾਈ ਵਿੱਚ ਇਹ ਸਭ ਛੱਡ ਚੁੱਕੇ ਸਨ। ਮੁੜ ਕੇ ਉਨਾਂ ਨੇ ਇਹ ਇਲਾਕੇ ਵਾਪਸ ਲੈਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਇਸ ਵਿਸ਼ਾਲ ਖੇਤਰ ਵਿੱਚ ਸਤਲੁਜ ਤੋਂ ਲੈ ਕੇ ਸਿੰਧ ਦਰਿਆ ਵਿਚਕਾਰਲਾ ਸਾਰਾ ਪੰਜਾਬ ਕਸ਼ਮੀਰ ਸਮੇਤ ਲੇਹ ਅਤੇ ਲੱਦਾਖ ਅਤੇ ਸਿੰਧ ਪ੍ਰਾਂਤ ਦਾ ਇਲਾਕਾ ਵੀ ਸ਼ਾਮਲ ਸੀ। ਇਹ ਵਿਸ਼ਾਲ ਖੇਤਰ ਹਿੰਦੁਸਤਾਨ ਕੋਲੋਂ ਖੋਹ ਲਿਆ ਗਿਆ ਸੀ।

ਹਿੰਦੁਸਤਾਨ ਦੀਆਂ ਸਾਰੀਆਂ ਤਾਕਤਾਂ ਅਹਿਮਦ ਸ਼ਾਹ ਅਬਦਾਲੀ ਸਾਹਮਣੇ ਹਾਰ ਮੰਨ ਚੁੱਕੀਆਂ ਸਨ। ਮਰਾਠਿਆਂ ਨੇ ਅਹਿਮਦ ਸ਼ਾਹ ਅਬਦਾਲੀ ਦੀ ਈਨ ਮੰਨ ਕੇ ਆਪਣਾ ਰਾਜ-ਭਾਗ ਸੰਭਾਲ ਲਿਆ ਸੀ। ਅਬਦਾਲੀ ਹਿੰਦੁਸਤਾਨ ਵਿੱਚ ਰਹਿਣਾ ਨਹੀਂ ਸੀ ਚਾਹੁੰਦਾ ਪਰ ਉਹ ਹਿੰਦੁਸਤਾਨ ਨੂੰ ਐਸੀ ਤਾਕਤ ਹਵਾਲੇ ਕਰਨਾ ਚਾਹੁੰਦਾ ਸੀ ਜਿਹੜੀ ਅਬਦਾਲੀ ਨੂੰ ਆਪਣਾ ਸੁਪਰੀਮ ਲਾਰਡ ਸਮਝ ਕੇ ਰਾਜ ਕਰੇ। ਮਰਾਠੇ ਇਸ ਕੰਮ ਲਈ ਤਿਆਰ ਹੋ ਗਏ ਸਨ। ਮਰਾਠਿਆਂ ਵੱਲੋਂ ਅਬਦਾਲੀ ਹੇਠਾਂ ਰਹਿ ਕੇ ਰਾਜ ਕਰਨ ਦੀ ਗੱਲ ਨਾਲ ਅਬਦਾਲੀ ਦਾ ਇੱਕ ਕੰਮ ਤਾਂ ਪੂਰਾ ਹੋ ਗਿਆ ਸੀ ਪਰ ਉਹ ਇਸ ਦੇ ਨਾਲ-ਨਾਲ ਪੰਜਾਬ ਵੀ ਆਪਣੀ ਵਿਸ਼ਵਾਸ-ਪਾਤਰ ਧਿਰ ਨੂੰ ਸੌਂਪਣਾ ਚਾਹੁੰਦਾ ਸੀ ਤਾਂ ਕਿ ਉਹ ਹਿੰਦੁਸਤਾਨ ਵਿੱਚ ਆਉਣ ਲਈ ਪੰਜਾਬ ਵਿੱਚੋਂ ਦੀ ਸੁਰੱਖਿਅਤ ਲੰਘ ਸਕੇ। ਸੰਨ 1764-65 ਤੱਕ ਅਬਦਾਲੀ ਨੂੰ ਇਹ ਪਤਾ ਲੱਗ ਚੁੱਕਿਆ ਸੀ ਕਿ ਪੰਜਾਬ ਨੂੰ ਸਿਰਫ਼ ਸਿੱਖ ਸੰਭਾਲ ਸਕਦੇ ਸਨ। ਇਸ ਲਈ ਅਬਦਾਲੀ ਦੀਆਂ ਸਾਰੀਆਂ ਕੋਸ਼ਿਸ਼ਾਂ ਸਿੱਖਾਂ ਨੂੰ ਆਪਣੇ ਵੱਲ ਖਿੱਚਣ ਲਈ ਲੱਗ ਗਈਆਂ ਸਨ। ਸੰਨ 1765 ਵਿੱਚ ਜਦੋਂ ਅਬਦਾਲੀ ਸੱਤਵੀਂ ਵਾਰ ਲਾਹੌਰ ਆਇਆ ਤਾਂ ਉਸ ਸਮੇਂ ਸਰਦਾਰ ਲਹਿਣਾ ਸਿੰਘ ਭੰਗੀ ਲਾਹੌਰ ਦਾ ਹਾਕਮ ਸੀ। ਅਬਦਾਲੀ ਨੇ ਲਾਹੌਰ ਦੇ ਨਾਮਵਰ ਵਸਨੀਕਾਂ ਨੂੰ ਇਕੱਠਾ ਕਰਕੇ ਪੁੱਛਿਆ ਕਿ ਲਾਹੌਰ ਦਾ ਗਵਰਨਰ ਕਿਸ ਨੂੰ ਬਣਾਉਣਾ ਚਾਹੀਦਾ ਹੈ। ਸਾਰੇ ਵਸਨੀਕਾਂ ਨੇ ਇੱਕ ਰਾਇ ਨਾਲ ਕਿਹਾ ਕਿ ਇੱਥੇ ਲਹਿਣਾ ਸਿੰਘ ਭੰਗੀ ਰਾਜ ਕਰਦਾ ਰਿਹਾ ਹੈ। ਕਿਸੇ ਵੀ ਨਾਗਰਿਕ ਨੂੰ ਉਸ ਤੋਂ ਕੋਈ ਵੀ ਸ਼ਿਕਾਇਤ ਨਹੀਂ ਹੈ। ਉਸ

ਦੇ ਰਾਜ ਵਿੱਚ ਪਹਿਲੀ ਵਾਰ ਲਾਹੌਰ ਨਿਵਾਸੀਆਂ ਨੂੰ ਸੁੱਖ-ਸ਼ਾਂਤੀ ਦਾ ਸਮਾਂ ਮਿਲਿਆ ਹੈ। ਇਹ ਸੁਣ ਕੇ ਅਬਦਾਲੀ ਨੇ ਕਿਹਾ, ਜਾਓ, ਲਹਿਣਾ ਸਿੰਘ ਭੰਗੀ ਨੂੰ ਸਮਝਾ-ਬੁਝਾ ਕੇ ਇੱਕ ਵਾਰ ਮੇਰੇ ਕੋਲ ਲੈ ਆਓ। ਮੈਂ ਉਸ ਨੂੰ ਆਪਣੇ ਵੱਲੋਂ ਲਾਹੌਰ ਦਾ ਗਵਰਨਰ ਬਣਾ ਦਿਆਂਗਾ।

ਲਾਹੌਰ ਦੇ ਵਸਨੀਕ ਅਬਦਾਲੀ ਵੱਲੋਂ ਦਿੱਤੇ ਤੋਹਫ਼ਿਆਂ ਨਾਲ ਲਹਿਣਾ ਸਿੰਘ ਭੰਗੀ ਦੀ ਭਾਲ ਕਰਦੇ ਹੋਏ ਉਸ ਕੋਲ ਪਹੁੰਚ ਗਏ ਸਨ। ਯਾਦ ਰਹੇ ਜਦੋਂ ਅਬਦਾਲੀ ਲਾਹੌਰ ਪਹੁੰਚਿਆ ਸੀ ਤਾਂ ਲਹਿਣਾ ਸਿੰਘ ਭੰਗੀ ਵੀ ਬਾਕੀ ਸਿੱਖ ਸਰਦਾਰਾਂ ਸਮੇਤ ਲਾਹੌਰ ਛੱਡ ਕੇ ਅਬਦਾਲੀ ਤੋਂ ਇੰਨੀ ਦੂਰ ਚਲੇ ਗਏ ਸਨ ਜਿੱਥੋਂ ਤੱਕ ਉਹ ਸਮਝਦੇ ਸਨ ਕਿ ਇੱਥੇ ਤੱਕ ਪਹੁੰਚ ਕੇ ਅਬਦਾਲੀ ਉਨ੍ਹਾਂ ਉਪਰ ਕੋਈ ਤਕੜੀ ਕਾਰਵਾਈ ਨਹੀਂ ਕਰ ਸਕਦਾ ਸੀ। ਸਿੱਖ ਸਰਦਾਰਾਂ ਵਿੱਚ ਇੰਨੀ ਤਾਕਤ ਨਹੀਂ ਸੀ ਕਿ ਉਹ ਅਬਦਾਲੀ ਦਾ ਤਾਜ਼ਾਦਮ ਮੁਕਾਬਲਾ ਕਰ ਸਕਣ। ਜਦੋਂ ਅਬਦਾਲੀ ਥੱਕ ਅਤੇ ਅੱਕ ਜਾਂਦਾ ਸੀ ਤਾਂ ਹੀ ਉਹ ਅਬਦਾਲੀ ਉਪਰ ਗੁਰੀਲਾ ਹਮਲੇ ਕਰਦੇ ਸਨ। ਇਹ ਸਿੱਖਾਂ ਦੀ ਯੁੱਧ-ਨੀਤੀ ਸੀ। ਲਾਹੌਰ ਵਾਸੀ ਲਹਿਣਾ ਸਿੰਘ ਭੰਗੀ ਕੋਲ ਗਏ। ਉਸ ਨੂੰ ਅਬਦਾਲੀ ਵੱਲੋਂ ਭੇਜੇ ਗਏ ਤੋਹਫ਼ੇ (ਸੁੱਕੇ ਮੇਵੇ ਅਤੇ ਗਰਮ ਸ਼ਾਲ) ਦਿੱਤੇ ਤੇ ਇਹ ਵੀ ਦੱਸਿਆ ਕਿ ਅਬਦਾਲੀ ਨੇ ਉਸ ਨੂੰ ਲਾਹੌਰ ਦਾ ਗਵਰਨਰ ਬਣਾ ਦੇਣਾ ਹੈ। ਲਹਿਣਾ ਸਿੰਘ ਭੰਗੀ ਨੇ ਇਹ ਜਵਾਬ ਦਿੱਤਾ ਸੀ: 'ਖਾਲਸੇ ਨੇ ਜੋ ਕੁਝ ਲੈਣਾ ਹੈ ਉਹ ਅਕਾਲ ਪੁਰਖ ਤੋਂ ਲੈਣਾ ਹੈ। ਅਸੀਂ ਤਾਂ ਭੁੱਜੇ ਹੋਏ ਛੋਲੇ ਅਤੇ ਮਿੱਸੀਆਂ ਰੋਟੀਆਂ ਖਾ ਕੇ ਪਲੇ ਹਾਂ, ਜੰਗਲਾਂ ਵਿੱਚ ਰਹਿ ਕੇ ਜੀਵਨ ਬਤੀਤ ਕੀਤਾ ਹੈ। ਇਹ ਮੇਵੇ ਤੇ ਗਰਮ ਸ਼ਾਲ ਸਾਡੇ ਕਿਸੇ ਕੰਮ ਦੇ ਨਹੀਂ। ਅਬਦਾਲੀ ਨੇ ਜੋ ਕੁਝ ਦੇਣਾ ਹੈ, ਉਹ ਅਕਾਲ ਤਖ਼ਤ ਸਾਹਿਬ ਪਹੁੰਚ ਕੇ ਦੇਵੇ। ਉੱਥੇ ਸਰਬੱਤ ਖ਼ਾਲਸਾ ਫ਼ੈਸਲਾ ਕਰੇਗਾ ਕਿ ਅਬਦਾਲੀ ਦੀਆਂ ਪੇਸ਼ਕਸ਼ਾਂ ਦਾ ਕੀ ਕਰਨਾ ਹੈ। ਮੈਂ ਇਕੱਲਾ ਇਸ ਬਾਰੇ ਕੁਝ ਨਹੀਂ ਕਹਿ ਸਕਦਾ।'

ਇਹ ਪੇਸ਼ਕਸ਼ ਨਾਕਾਮ ਹੋ ਜਾਣ ਤੋਂ ਬਾਅਦ ਅਬਦਾਲੀ ਪੰਜਾਬ ਨੂੰ ਉਸੇ ਤਰਾਂ ਛੱਡ ਕੇ ਹੀ ਵਾਪਸ ਚਲਿਆ ਗਿਆ ਸੀ। ਖ਼ਾਲਸੇ ਨੇ ਉਸ ਦੇ ਜਾਣ ਤੋਂ ਬਾਅਦ ਫਿਰ ਸਾਰੇ ਪੰਜਾਬ ਨੂੰ ਪਹਿਲਾਂ ਵਾਂਗ ਹੀ ਰੋਕ ਲਿਆ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਹਿੰਦੁਸਤਾਨ ਦੀ ਕਿਸੇ ਵੀ ਤਾਕਤ ਨੂੰ ਸਤਲੁਜ ਤੋਂ ਲੈ ਕੇ ਸਿੰਧ ਦਰਿਆ ਤੱਕ ਦੇ ਵਿਸ਼ਾਲ ਖੇਤਰ ਦੀ ਪ੍ਰਵਾਹ ਨਹੀਂ ਸੀ। ਸਿਰਫ਼ ਸਿੱਖ ਆਪਣੇ ਦੇਸ਼ ਨੂੰ ਸਿੰਧ ਦਰਿਆ ਤੱਕ ਆਪਣਾ ਸਮਝਦੇ ਸਨ। ਉਹ ਇੱਥੇ ਕਿਸੇ ਵੀ ਵਿਦੇਸ਼ੀ ਹਾਕਮ ਦਾ ਰਾਜ ਨਹੀਂ ਚਾਹੁੰਦੇ ਸਨ। ਉਨ੍ਹਾਂ ਦਾ ਨਿਸ਼ਾਨਾ ਪੰਜਾਬ ਨੂੰ ਸੁਤੰਤਰ ਕਰਾ ਕੇ ਇੱਥੋਂ ਦੇ ਲੋਕਾਂ ਦਾ ਰਾਜ ਸਥਾਪਤ ਕਰਨਾ ਸੀ। ਉਨ੍ਹਾਂ ਸਾਹਮਣੇ ਬੰਦਾ ਸਿੰਘ ਬਹਾਦਰ ਦਾ ਕਾਇਮ ਕੀਤਾ ਹੋਇਆ ਰਾਜ ਇੱਕ ਮਾਡਲ ਦੀ ਤਰਾਂ ਸੀ। ਅਬਦਾਲੀ ਆਖ਼ਰ ਬੇਵੱਸੀ ਦੀ ਹਾਲਤ ਵਿੱਚ ਪੰਜਾਬ ਨੂੰ ਲਲਚਾਈਆਂ ਅੱਖਾਂ ਨਾਲ ਦੇਖਦਾ ਹੋਇਆ ਮਰ ਗਿਆ ਸੀ। ਉਸ ਨੇ ਮਰਾਠਿਆਂ ਨੂੰ ਹਰਾਇਆ ਸੀ ਪਰ ਪੰਜਾਬ ਵਿੱਚੋਂ ਸਿੱਖਾਂ ਨੇ ਅਬਦਾਲੀ ਨੂੰ ਭਜਾ ਦਿੱਤਾ ਸੀ।

ਅਬਦਾਲੀ ਤੋਂ ਬਾਅਦ ਉਸ ਦੇ ਪੁੱਤਰ ਤੈਮੂਰ ਸ਼ਾਹ ਅਤੇ ਉਸ ਦੇ ਪੋਤਰੇ ਸ਼ਾਹ ਜ਼ਮਾਨ ਦੇ ਹਮਲਿਆਂ ਦੀ ਗੱਲ ਬੜੀ ਦਿਲਚਸਪ ਹੈ। ਦਿੱਲੀ ਦਾ ਮੁਗ਼ਲ ਬਾਦਸ਼ਾਹ ਆਲਮ ਤੈਮੂਰ ਦਾ ਸਾਲਾ ਸੀ। ਉਹ ਚਾਹੁੰਦਾ ਸੀ ਕਿ ਤੈਮੂਰ ਸ਼ਾਹ ਦਿੱਲੀ ਪਹੁੰਚ ਕੇ ਉਸ ਦੀਆਂ ਦੁਸ਼ਮਣ ਤਾਕਤਾਂ ਨੂੰ ਸਬਕ ਸਿਖਾਏ। ਇਸ ਦੇ ਬਦਲੇ ਉਹ ਭਾਵੇਂ ਇੱਥੋਂ ਕੁਝ ਵੀ ਲੈ ਜਾਵੇ। ਇਸ ਮਕਸਦ ਲਈ ਤੈਮੂਰ ਸ਼ਾਹ ਨੇ ਕਾਬਲ ਤੋਂ ਚੱਲ ਕੇ ਦਿੱਲੀ ਪਹੁੰਚਣ ਦੀਆਂ ਤਿੰਨ ਕੋਸ਼ਿਸ਼ਾਂ ਕੀਤੀਆਂ ਪਰ ਉਹ ਪੰਜਾਬ ਵਿੱਚੋਂ ਨਹੀਂ ਲੰਘ ਸਕਿਆ ਕਿਉਂਕਿ ਖ਼ਾਲਸੇ ਨੇ ਕਿਹਾ ਹੋਇਆ ਸੀ ਕਿ ਪੰਜਾਬ ਖ਼ਾਲਸੇ ਦਾ ਹੈ। ਇੱਥੋਂ ਦੀ ਕੋਈ ਧਾੜਵੀ ਜਾਂ ਹਮਲਾਵਰ ਨਹੀਂ ਲੰਘ ਸਕਦਾ। ਸੰਨ 1793 ਵਿੱਚ ਤੈਮੂਰ ਸ਼ਾਹ ਮਰ ਗਿਆ ਸੀ ਅਤੇ ਉਸ ਦਾ ਪੁੱਤਰ ਸ਼ਾਹ ਜ਼ਮਾਨ ਕਾਬਲ ਦਾ ਬਾਦਸ਼ਾਹ ਬਣਿਆ। ਉਸ ਨੇ ਵੀ ਤਿੰਨ ਵਾਰ ਆਪਣੇ ਮਾਮੇ ਸ਼ਾਹ ਆਲਮ ਦੀ ਮਦਦ ਕਰਨ ਲਈ ਦਿੱਲੀ ਪਹੁੰਚਣਾ ਚਾਹਿਆ ਪਰ ਉਹ ਵੀ ਪੰਜਾਬ ਵਿੱਚੋਂ ਲੰਘ ਕੇ ਦਿੱਲੀ ਨਹੀਂ ਪਹੁੰਚ ਸਕਿਆ ਕਿਉਂਕਿ ਪੰਜਾਬ ਵਿੱਚ ਖ਼ਾਲਸੇ ਦੀਆਂ ਮਿਸਲਾਂ ਦਾ ਰਾਜ ਸੀ। ਆਖ਼ਰੀ ਵਾਰ ਸ਼ਾਹ ਜ਼ਮਾਨ ਨੇ ਵੀ ਕੋਸ਼ਿਸ਼ ਕੀਤੀ ਸੀ ਕਿ ਸਿੱਖ ਨੇਤਾ ਉਸ ਪਾਸ ਆਉਣ ਅਤੇ ਉਹ ਸਿੱਖਾਂ ਨੂੰ ਪੰਜਾਬ ਸੌਂਪ ਦੇਵੇਗਾ। ਦੂਜੇ ਪਾਸੇ ਸਿੱਖ ਨੇਤਾ ਵਾਰ ਵਾਰ ਕਹਿ ਰਹੇ ਸਨ ਕਿ ਉਨ੍ਹਾਂ ਨੇ ਪੰਜਾਬ ਨੂੰ ਪਹਿਲੋਂ ਹੀ ਆਪਣੀ ਹਿੰਮਤ ਨਾਲ ਰੋਕਿਆ ਹੈ, ਹੁਣ ਉਹ ਸਾਨੂੰ ਕੀ ਦੇਵੇਗਾ। ਉਸ ਸਮੇਂ ਸਿੱਖ ਨੇਤਾ ਮਹਾਰਾਜਾ ਰਣਜੀਤ ਸਿੰਘ ਸੀ। ਇਸ ਨੇ ਸ਼ਾਹ ਜ਼ਮਾਨ ਨੂੰ ਲਾਹੌਰ ਕਿਲੇ ਦੇ ਸੰਮਣ ਬੁਰਜ ਹੇਠ ਖਲੋ ਕੇ ਕਿਹਾ ਸੀ, ਐ ਅਦਬਾਲੀ ਦੇ ਪੋਤਰੇ ਤੈਨੂੰ ਖ਼ਾਲਸੇ ਦਾ ਨੇਤਾ ਲਲਕਾਰ ਰਿਹਾ ਹੈ। ਜਾਂ ਤਾਂ ਬਾਹਰ ਨਿਕਲ ਕੇ ਦੋ-ਦੋ ਹੱਥ ਕਰ, ਨਹੀਂ ਤਾਂ ਜਿੱਧਰੋਂ ਆਇਆ ਹੈਂ ਉਧਰ ਨੂੰ ਹੀ ਚਲਾ ਜਾ। ਇਸ ਤਰਾਂ ਦੀਆਂ ਗੱਲਾਂ ਸਿੱਖ ਨੇਤਾ ਉਸ ਸਮੇਂ ਕਰ ਰਹੇ ਸਨ ਜਦੋਂ ਹਿੰਦੁਸਤਾਨ ਦੀਆਂ ਸਾਰੀਆਂ ਤਾਕਤਾਂ- ਮਰਾਠੇ, ਰਾਜਪੂਤ, ਰੁਹੇਲੇ, ਮੁਗ਼ਲ ਆਦਿ ਬਿਲਕੁਲ ਹਾਰ ਚੁੱਕੀਆਂ ਸਨ ਅਤੇ ਹਿੰਦੁਸਤਾਨ ਦੇ ਪੰਜਾਬ, ਕਸ਼ਮੀਰ ਅਤੇ ਸਿੰਧ ਖੇਤਰਾਂ ਨੂੰ ਭੁੱਲ ਚੁੱਕੀਆਂ ਸਨ।

ਅਫ਼ਗਾਨ ਸਾਮਰਾਜ ਦੀ ਕਬਰ 'ਤੇ ਖਾਲਸੇ ਦਾ ਰਾਜ ਉਸਾਰਿਆ ਗਿਆ ਸੀ। ਸੰਨ 1799 ਵਿੱਚ ਲਾਹੌਰ ਜਿੱਤ ਕੇ ਮਹਾਰਾਜਾ ਰਣਜੀਤ ਸਿੰਘ ਨੇ ਬਾਕਾਇਦਾ ਰੂਪ ਵਿੱਚ ਖ਼ਾਲਸੇ ਦੇ ਰਾਜ ਦਾ ਐਲਾਨ ਕਰ ਦਿੱਤਾ ਸੀ। ਜਿਉਂ ਜਿਉਂ ਖ਼ਾਲਸਾ ਰਾਜ ਫੈਲ ਰਿਹਾ ਸੀ ਤਿਉਂ ਤਿਉਂ ਅਫ਼ਗਾਨ ਸਾਮਰਾਜ ਸੁੰਗੜ ਰਿਹਾ ਸੀ। ਅਖ਼ੀਰ 1815-16 ਵਿੱਚ ਅਹਿਮਦ ਸ਼ਾਹ ਅਦਬਾਲੀ ਦੇ ਦੋਵੇਂ ਪੋਤਰੇ ਸ਼ਾਹ ਜ਼ਮਾਨ ਅਤੇ ਸ਼ਾਹ ਸੁਜ਼ਾ ਖ਼ਾਲਸੇ ਦੀ ਸ਼ਰਨ ਵਿੱਚ ਆ ਗਏ ਸਨ। ਸ਼ਾਹ ਜ਼ਮਾਨ ਨੂੰ 1801 ਵਿੱਚ ਤਖ਼ਤ ਤੋਂ ਲਾਹ ਕੇ ਦੋਵੇਂ ਅੱਖਾਂ ਤੋਂ ਅੰਨ੍ਹਾ ਕਰ ਦਿੱਤਾ ਗਿਆ ਸੀ। ਤਿੰਨ ਕੁ ਸਾਲਾਂ ਬਾਅਦ ਸ਼ਾਹ ਸੁਜ਼ਾਹ ਕਾਬਲ ਦਾ ਬਾਦਸ਼ਾਹ ਬਣ ਗਿਆ ਸੀ। ਇਹ ਸ਼ਾਹ ਜ਼ਮਾਨ ਦਾ ਛੋਟਾ ਭਰਾ ਸੀ ਪਰ 1808 ਵਿੱਚ ਇਸ ਨੂੰ ਵੀ ਤਖ਼ਤ ਤੋਂ ਲਾਹ ਦਿੱਤਾ ਗਿਆ ਸੀ। ਆਖ਼ਰ ਇਹ ਦੋਵੇਂ ਭਰਾ ਬਚਦੇ-ਬਚਾਉਂਦੇ ਮਹਾਰਾਜਾ ਰਣਜੀਤ ਸਿੰਘ ਦੀ ਸ਼ਰਨ ਵਿੱਚ ਆ ਗਏ ਸਨ। ਇਤਿਹਾਸ ਨੇ ਆਪਣਾ ਪੂਰਾ ਚੱਕਰ ਕੱਟ ਲਿਆ ਸੀ। ਤਿੰਨ ਵਾਰ ਪੰਜਾਬ ਵਿੱਚ ਹਮਲਾਵਰ ਵਜੋਂ ਆਇਆ ਸ਼ਾਹ ਜ਼ਮਾਨ 1815 ਵਿੱਚ ਪੰਜਾਬ ਵਿੱਚ ਹੀ ਸ਼ਰਨ ਲੈਣ ਲਈ ਮਜਬੂਰ ਹੋ ਗਿਆ ਸੀ। ਇਹ ਸਭ ਖ਼ਾਲਸੇ ਦੀਆਂ ਪ੍ਰਾਪਤੀਆਂ ਸਨ। ਜਿਹੜਾ ਕੋਹਿਨੂਰ ਹੀਰਾ ਸੰਨ 1739 ਵਿੱਚ ਮੁਗ਼ਲ ਬਾਦਸ਼ਾਹ ਕੋਲੋਂ ਨਾਦਰ ਸ਼ਾਹ ਖੋਹ ਕੇ ਲੈ ਗਿਆ ਸੀ ਉਹੀ ਕੋਹਿਨੂਰ ਹੀਰਾ ਅਹਿਮਦ ਸ਼ਾਹ ਅਦਬਾਲੀ ਕੋਲ ਹੁੰਦਾ ਹੋਇਆ ਪਹਿਲਾਂ ਤੈਮੂਰ ਸ਼ਾਹ, ਫਿਰ ਸ਼ਾਹ ਜ਼ਮਾਨ ਅਤੇ ਫਿਰ ਸ਼ਾਹ ਸੁਜ਼ਾਹ ਪਾਸ ਪਹੁੰਚ ਗਿਆ ਸੀ। ਜਦੋਂ ਸ਼ਾਹ ਸੁਜ਼ਾਹ ਮਹਾਰਾਜਾ ਰਣਜੀਤ ਸਿੰਘ ਦੀ ਸ਼ਰਨ ਵਿੱਚ ਆ ਗਿਆ ਤਾਂ ਕੋਹਿਨੂਰ ਹੀਰਾ ਮੁੜ ਮਹਾਰਾਜਾ ਰਣਜੀਤ ਸਿੰਘ ਪਾਸ ਪਹੁੰਚ ਗਿਆ ਸੀ।

ਮਹਾਰਾਜਾ ਰਣਜੀਤ ਸਿੰਘ ਵੱਲੋਂ ਸੰਨ 1799 ਵਿੱਚ ਕਾਇਮ ਰਾਜ ਸੰਨ 1839 ਤਕ ਫੈਲਦਾ ਅਤੇ ਪਰਸਦਾ ਹੋਇਆ ਕਾਬਲ-ਕੰਧਾਰ ਤਕ ਪਹੁੰਚ ਗਿਆ ਸੀ। ਪੰਜਾਬ ਅਤੇ ਹਿੰਦੁਸਤਾਨ ਦਾ ਉਹ ਖੁੱਸਿਆ ਹੋਇਆ ਵਿਸ਼ਾਲ ਖੇਤਰ, ਜਿਸ ਨੂੰ ਹਿੰਦੁਸਤਾਨੀ ਤਾਕਤਾਂ ਉੱਕਾ ਹੀ ਵਿਸਾਰ ਚੁੱਕੀਆਂ ਸਨ, ਖ਼ਾਲਸੇ ਨੇ ਫਿਰ ਤੋਂ ਅਫ਼ਗਾਨ ਸਾਮਰਾਜ ਕੋਲੋਂ ਖੋਹ ਕੇ ਵਾਪਸ ਲੈ ਲਿਆ ਸੀ। ਇਸ ਵਾਪਸ ਲਏ ਹੋਏ ਇਲਾਕੇ ਵਿੱਚ ਖ਼ਾਲਸੇ ਨੇ ਆਪਣੀ ਅਗਵਾਈ ਹੇਠ ਹਿੰਦੁਸਤਾਨੀ ਲੋਕਾਂ ਦਾ ਹੀ ਰਾਜ ਸਥਾਪਤ ਕੀਤਾ ਸੀ। ਖ਼ਾਲਸਾ ਰਾਜ ਦੀਆਂ ਪੱਛਮੀ ਹੱਦਾਂ ਸਿੰਧ ਦਰਿਆ ਤੋਂ ਵੀ ਪਰੇ ਚਲੀਆਂ ਗਈਆਂ ਸਨ। ਸੰਨ 1839 ਵਿੱਚ ਤਰੈ-ਪੱਖੀ ਸੰਧੀ ਰਾਹੀਂ ਕਾਬਲ ਦੇ ਤਖ਼ਤ 'ਤੇ ਸ਼ਾਹ ਸੁਜ਼ਾਹ ਨੂੰ ਬਿਠਾਇਆ ਗਿਆ ਸੀ। ਉਸ ਉੱਪਰ ਸ਼ਰਤ ਲਾਈ ਗਈ ਸੀ ਕਿ ਉਹ ਹਰ ਛਿਮਾਹੀ ਪੰਜਾਬ ਦੇ ਮਹਾਰਾਜੇ ਨੂੰ ਨਜ਼ਰਾਨਾ ਪੇਸ਼ ਕਰਿਆ ਕਰੇਗਾ ਅਤੇ ਕਾਬਲ ਵਿੱਚ ਪਈ ਹਰ ਚੀਜ਼ ਵਾਪਸ ਲਾਹੌਰ ਭੇਜੇਗਾ ਜਿਹੜੀ ਕਦੇ ਹਿੰਦੁਸਤਾਨ ਵਿੱਚੋਂ ਲੁੱਟ ਕੇ ਲਿਆਂਦੀ ਗਈ ਸੀ। ਇਸੇ ਸ਼ਰਤ ਅਧੀਨ ਕਾਬਲ ਤੋਂ ਸੋਮਨਾਥ ਮੰਦਰ ਦੇ ਦਰਵਾਜ਼ੇ ਮੋੜੇ ਗਏ ਸਨ। ਇਹ ਚਾਂਦੀ ਦੇ ਦਰਵਾਜ਼ੇ ਸਨ। ਭਾਵੇਂ ਬਾਕੀ ਵਾਪਸ ਲਿਆਂਦੀਆਂ ਗਈਆਂ ਚੀਜ਼ਾਂ-ਵਸਤਾਂ ਦੀ ਅੱਜ ਸਾਨੂੰ ਪੂਰੀ ਜਾਣਕਾਰੀ ਨਹੀਂ ਮਿਲਦੀ ਪਰ ਮਹਾਰਾਜਾ ਰਣਜੀਤ ਸਿੰਘ ਨੇ ਕੰਵਰ ਨੌਨਿਹਾਲ ਸਿੰਘ ਦੀ ਡਿਊਟੀ ਲਗਾ ਦਿੱਤੀ ਸੀ ਕਿ ਉਹ ਸ਼ਾਹ ਸੁਜ਼ਾਹ ਦੇ ਸਹਿਯੋਗ ਨਾਲ ਕਾਬਲ ਦੇ ਖ਼ਜ਼ਾਨੇ ਵਿੱਚ ਪਈਆਂ ਉਨ੍ਹਾਂ ਸਾਰੀਆਂ ਵਸਤਾਂ ਦੀ ਸੂਚੀ ਤਿਆਰ ਕਰੇ ਜਿਹੜੀਆਂ ਹਿੰਦੁਸਤਾਨ ਵਿੱਚੋਂ ਲੁੱਟ ਕੇ ਲਿਜਾਈਆਂ ਗਈਆਂ ਸਨ। ਇਨ੍ਹਾਂ ਵਸਤਾਂ ਬਾਰੇ ਰਿਕਾਰਡ ਸੰਭਾਲੇ ਨਹੀਂ ਜਾ ਸਕੇ ਕਿਉਂਕਿ 1839 ਵਿੱਚ ਹੀ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ ਸੀ। ਮਹਾਰਾਜੇ ਦੀ ਮੌਤ ਨਾਲ ਲਾਹੌਰ ਵਿੱਚ ਗੜਬੜੀ ਫੈਲ ਗਈ ਸੀ।

ਕੰਵਰ ਨੌਨਿਹਾਲ ਸਿੰਘ ਸ਼ਾਹ ਸੁਜ਼ਾਹ ਨੂੰ ਕਾਬਲ ਦੇ ਤਖ਼ਤ ਉਪਰ ਬਿਠਾਉਣ ਲਈ ਗਈ ਫ਼ੌਜ ਦਾ ਸੈਨਾਪਤੀ ਸੀ। ਕਾਬਲ ਵਿਖੇ ਸਾਰਾ ਕੰਮ ਬੜੇ ਯੋਜਨਾਬੱਧ ਤਰੀਕੇ ਨਾਲ ਹੋ ਰਿਹਾ ਸੀ ਕਿ ਪਿੱਛੇ ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਅਕਾਲ ਚਲਾਣਾ ਕਰ ਗਏ। ਮਹਾਰਾਜੇ ਦੇ ਅਕਾਲ ਚਲਾਣੇ ਨਾਲ ਸਾਰੀ ਯੋਜਨਾ ਹੀ ਠੁੱਸ ਹੋ ਗਈ ਸੀ। ਕੰਵਰ ਨੌਨਿਹਾਲ ਸਿੰਘ ਨੂੰ ਕਾਬਲ ਤੋਂ ਲਾਹੌਰ ਵਾਪਸ ਆਉਣਾ ਪਿਆ ਸੀ। ਉਹ ਵਸਤਾਂ ਤਾਂ ਵਾਪਸ ਮੰਗਵਾਉਣ ਦਾ ਇੰਤਜ਼ਾਮ ਕਰ ਲਿਆ ਗਿਆ ਸੀ ਪਰ ਬਾਅਦ ਵਿੱਚ ਇਨ੍ਹਾਂ ਨੂੰ ਸੰਭਾਲਿਆ ਨਹੀਂ ਜਾ ਸਕਿਆ ਸੀ। ਕੁਝ ਗੱਲਾਂ ਤਾਂ ਤਰੈ-ਪੱਖੀ ਸੰਧੀ (1839) ਵਿੱਚ ਹੀ ਲਿਖ ਕੇ ਪੂਰੀਆਂ ਕਰ ਲਈਆਂ ਸਨ ਪਰ ਕੁਝ ਗੱਲਾਂ ਲਿਖਤ ਵਿੱਚ ਨਹੀਂ ਆ ਸਕਦੀਆਂ ਸਨ। ਕੁਝ ਗੱਲਾਂ ਐਸੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਤਕੜਾ ਜਰਨੈਲ ਜਾਂ ਤਕੜੀ ਧਿਰ ਆਪਣੇ-ਆਪ ਹੀ ਕਰਵਾ ਲੈਂਦੀ ਹੈ। ਭਾਵ ਇਹ ਹੈ ਕਿ ਖ਼ਾਲਸੇ ਨੇ ਹਿੰਦੁਸਤਾਨ ਨਾਲੋਂ ਖੋਹੇ ਗਏ ਇਲਾਕੇ ਦੇ ਨਾਲ-ਨਾਲ ਉਹ ਵਸਤਾਂ ਵੀ ਵਾਪਸ ਲੈ ਲਈਆਂ ਸਨ ਜਿਨ੍ਹਾਂ ਨੂੰ ਹਮਲਾਵਰ ਹਿੰਦੁਸਤਾਨ ਵਿੱਚੋਂ ਲੁੱਟ ਕੇ ਬਾਹਰ ਲੈ ਗਏ ਸਨ। ਇਨ੍ਹਾਂ ਵਿੱਚ ਕੋਹਿਨੂਰ ਹੀਰਾ ਅਤੇ ਸੋਮਨਾਥ ਦੇ ਦਰਵਾਜ਼ੇ ਪ੍ਰਮੁੱਖ ਸਨ। ਕੰਵਰ ਨੌਨਿਹਾਲ ਸਿੰਘ ਨੂੰ ਸਿਰਫ਼ ਅੱਠ-ਨੌਂ ਮਹੀਨੇ ਖ਼ਾਲਸਾ ਦਰਬਾਰ ਵਿੱਚ ਹਕੂਮਤ ਕਰਨ ਦਾ ਮੌਕਾ ਮਿਲਿਆ ਸੀ ਕਿਉਂਕਿ ਕੰਵਰ ਨੌਨਿਹਾਲ ਸਿੰਘ, ਮਹਾਰਾਜਾ ਖੜਕ ਸਿੰਘ ਦੇ ਹੁੰਦਿਆਂ ਹੀ ਖ਼ਾਲਸਾ ਦਰਬਾਰ ਦੇ ਰੀਜੈਂਟ ਬਣ ਗਏ ਸਨ। ਕੰਵਰ ਨੇ ਆਪਣੇ ਅੱਠ-ਨੌਂ ਮਹੀਨਿਆਂ ਦੇ ਸ਼ਾਸਨ ਦੌਰਾਨ ਹੀ ਏਸ਼ੀਆ ਨੂੰ ਫ਼ਤਿਹ ਕਰਨ ਦੇ ਮਨਸੂਬੇ ਬਣਾਉਣੇ ਸ਼ੁਰੂ ਕਰ ਦਿੱਤੇ ਸਨ। ਉਸ ਦੀ ਸੋਚ ਵਿੱਚ ਹਿੰਦੁਸਤਾਨ ਦਾ ਤਖ਼ਤ 'ਤਖ਼ਤ-ਏ-ਤਾਊਸ' ਵੀ ਸਮਾਇਆ ਹੋਇਆ ਸੀ ਜਿਸ ਨੂੰ ਨਾਦਰ ਸ਼ਾਹ ਆਪਣੇ ਨਾਲ ਇਰਾਨ ਲੈ ਗਿਆ ਸੀ। ਕੰਵਰ ਨੌਨਿਹਾਲ ਸਿੰਘ ਨੇ ਕਾਬਲ ਮੁਹਿੰਮ ਤੋਂ ਪ੍ਰੇਰਨਾ ਲੈ ਕੇ ਇਰਾਨ ਵਿੱਚ ਵੀ ਮੁਹਿੰਮ ਲਿਜਾਣ ਦਾ ਮਨ ਬਣਾ ਲਿਆ ਸੀ ਤਾਂ ਕਿ ਹਿੰਦੁਸਤਾਨ ਦੇ ਤਖ਼ਤ 'ਤਖ਼ਤ-ਏ-ਤਾਊਸ' ਨੂੰ ਵੀ ਵਾਪਸ ਲਿਆਂਦਾ ਜਾਵੇ ਪਰ ਉਮਰ ਨੇ ਵਫ਼ਾ ਨਹੀਂ ਕੀਤੀ। ਛੋਟੀ ਹੀ ਕੰਵਰ ਦੀ ਇੱਕ ਹਾਦਸੇ ਵਿੱਚ ਮੌਤ ਹੋ ਗਈ ਸੀ।

ਖ਼ਾਲਸਾ ਰਾਜ ਆਪਣੇ-ਆਪ ਵਿੱਚ ਇੱਕ ਕਰਿਸ਼ਮਾ ਸੀ। ਸਾਰੇ ਖ਼ਾਲਸਾ ਰਾਜ, ਜਿਸ ਦੀਆਂ ਹੱਦਾਂ ਸਤਲੁਜ ਤੋਂ ਲੈ ਕੇ ਸਿੰਧ ਤੋਂ ਪਰੇ ਕਾਬਲ-ਕੰਧਾਰ ਨਾਲ ਜਾ ਲੱਗੀਆਂ ਸਨ ਤੇ ਜਿਸ ਵਿੱਚ ਕਸ਼ਮੀਰ, ਲੱਦਾਖ, ਤਿੱਬਤ ਦਾ ਵੀ ਇਲਾਕਾ ਸੀ, ਸਿੱਖਾਂ ਦੀ ਗਿਣਤੀ ਮਸਾਂ-ਮਸਾਂ ਦਸ ਫ਼ੀਸਦੀ ਹੀ ਸੀ। ਫਿਰ ਵੀ ਸਿੱਖਾਂ ਨੇ ਹੋਰਾਂ ਨੂੰ ਇਹ ਅਹਿਸਾਸ ਨਹੀਂ ਸੀ ਹੋਣ ਦਿੱਤਾ ਕਿ ਖ਼ਾਲਸਾ ਰਾਜ ਇੱਕ ਫ਼ਿਰਕੇ ਦਾ ਰਾਜ ਹੈ। ਖ਼ਾਲਸਾ ਰਾਜ ਨੂੰ ਸਾਰੇ ਆਪਣਾ ਹੀ ਰਾਜ ਸਮਝਦੇ ਸਨ। ਅਸਲ ਵਿੱਚ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਪੰਜਾਬੀ ਕੌਮ ਹੋਣ ਦਾ ਅਹਿਸਾਸ ਭਰਿਆ ਗਿਆ ਸੀ। ਇਹ ਖ਼ਾਲਸਾ ਰਾਜ ਦੀ ਵੱਡੀ ਪ੍ਰਾਪਤੀ ਸੀ।

ਕੁਝ ਕਾਰਨਾਂ ਕਰਕੇ ਸੰਨ 1849 ਵਿੱਚ ਖ਼ਾਲਸਾ ਰਾਜ ਖ਼ਤਮ ਹੋ ਗਿਆ ਸੀ। ਇਹ ਬਹੁਤ ਵੱਡਾ ਦੁਖਾਂਤ ਸੀ। ਜੋ ਪੰਜਾਬ 1947 ਤਕ ਬਣਿਆ ਰਿਹਾ ਸੀ, ਉਸ ਵਿੱਚੋਂ ਅੰਗਰੇਜ਼ਾਂ ਨੇ ਕਈ ਸੂਬੇ (ਜਿਵੇਂ ਕਿ ਜੰਮੂ-ਕਸ਼ਮੀਰ ਅਤੇ ਉੱਤਰ-ਪੱਛਮੀ ਸਰਹੱਦੀ ਸੂਬੇ) ਅਲੱਗ ਕਰ ਦਿੱਤੇ ਸਨ, ਫਿਰ ਵੀ ਉਹ ਬਹੁਤ ਵੱਡਾ ਸੀ। ਇਹ ਪੰਜਾਬ ਵੀ ਜਮਨਾ ਤੋਂ ਲੈ ਕੇ ਸਿੰਧ ਦਰਿਆ ਤਕ ਦਾ ਸੀ। ਇਹ ਖ਼ਾਲਸੇ ਦੀ ਹੀ ਦੇਣ ਸੀ। ਇੰਨੇ ਵੱਡੇ ਪੰਜਾਬ ਨੂੰ ਪਹਿਲਾਂ ਹਿੰਦੁਸਤਾਨ ਦੀ ਕੋਈ ਵੀ ਤਾਕਤ ਕਾਇਮ ਨਹੀਂ ਕਰ ਸਕੀ ਸੀ। ਸੰਨ 1849 ਤੋਂ ਬਾਅਦ ਸਿੱਖਾਂ ਦੀ ਤਾਕਤ ਖ਼ਤਮ ਹੋ ਗਈ ਸੀ। ਇਸ ਲਈ ਹੁਣ ਉਹ ਪੰਜਾਬ ਨੂੰ ਬਣਾ ਕੇ ਰੱਖਣ ਵਿੱਚ ਜ਼ਿੰਮੇਵਾਰ ਧਿਰ ਨਹੀਂ ਸਨ ਕਿਉਂਕਿ ਉਹ ਪੰਜਾਬ ਦੀ ਕੁੱਲ ਆਬਾਦੀ ਵਿੱਚ ਮਸਾਂ-ਮਸਾਂ ਪੰਦਰਾਂ ਕੁ ਫ਼ੀਸਦੀ ਹੀ ਸਨ। ਜਦੋਂ ਤਕ ਖ਼ਾਲਸੇ ਦੀ ਜ਼ਿੰਮੇਵਾਰੀ ਸੀ ਖ਼ਾਲਸੇ ਨੇ ਇਸ ਨੂੰ ਪੂਰਾ ਕਰਕੇ ਦਿਖਾ ਦਿੱਤਾ ਸੀ। ਖ਼ਾਲਸੇ ਦੀ ਅਗਵਾਈ ਹੇਠ ਪੰਜਾਬ ਅਤਿ ਵਿਸ਼ਾਲ ਮੁਲਕ ਦੇ ਰੂਪ ਵਿੱਚ ਵਿਸ਼ਵ ਦੇ ਨਕਸ਼ੇ 'ਤੇ ਉੱਭਰ ਆਇਆ ਸੀ। ਪੰਜਾਬ ਵਿਸ਼ਵ ਪੱਧਰ 'ਤੇ ਸਭ ਤੋਂ ਪਹਿਲਾਂ ਹੜੱਪਾ ਸੱਭਿਅਤਾ ਅਤੇ ਦੂਜੀ ਵਾਰ ਪੋਰਸ ਸਮੇਂ ਉਭਰਿਆ ਸੀ। ਤੀਜਾ ਸਮਾਂ ਖ਼ਾਲਸੇ ਦਾ ਸਮਾਂ ਸੀ ਜਦੋਂ ਪੰਜਾਬ ਅੰਤਰਰਾਸ਼ਟਰੀ ਪੱਧਰ 'ਤੇ ਉਭਰਿਆ ਸੀ। ਇਹ ਪੂਰੀ ਇੱਕ ਸਦੀ ਦਾ ਸਮਾਂ ਸੀ। ਦਲ ਖ਼ਾਲਸਾ ਸੰਨ 1748 ਵਿੱਚ ਬਣਿਆ ਸੀ ਅਤੇ ਇਸ ਨੇ ਉਸੇ ਸਮੇਂ ਤੋਂ ਹੀ ਸੁਤੰਤਰ ਪੰਜਾਬ ਦਾ ਐਲਾਨ ਕਰ ਦਿੱਤਾ ਸੀ। ਸੰਨ 1849 ਵਿੱਚ ਖ਼ਾਲਸੇ ਦਾ ਰਾਜ ਖ਼ਤਮ ਕਰ ਦਿੱਤਾ ਗਿਆ ਸੀ। ਪੰਜਾਬ ਦੀ ਇਸ ਇੱਕ ਸਦੀ ਦੀਆਂ ਪ੍ਰਾਪਤੀਆਂ ਨੇ ਰਿਕਾਰਡ ਤੋੜ ਦਿੱਤੇ ਸਨ। ਸੰਨ 1947 ਤਕ ਪੰਜਾਬੀ ਲੋਕ ਇਨ੍ਹਾਂ ਪ੍ਰਾਪਤੀਆਂ ਦੇ ਸਿਰ 'ਤੇ ਹੀ ਜਿਉਂਦੇ ਆ ਰਹੇ ਸਨ।

ਸੰਨ 1947 ਦੀ ਸਾਰੀ ਲੜਾਈ ਕਾਂਗਰਸ ਅਤੇ ਮੁਸਲਿਮ ਲੀਗ ਨੇ ਲੜੀ ਸੀ। ਕਾਂਗਰਸ ਭਾਵੇਂ ਬਾਹਰੀ ਸਰੂਪ ਵਿੱਚ ਧਰਮ ਨਿਰਪੱਖ ਪਾਰਟੀ ਸੀ ਪਰ ਅਸਲ ਵਿੱਚ ਅਜਿਹਾ ਨਹੀਂ ਸੀ। ਮੁਸਲਿਮ ਲੀਗ ਤਾਂ ਪੂਰੇ ਰੂਪ ਵਿੱਚ ਹੀ ਫ਼ਿਰਕੂ ਪਾਰਟੀ ਸੀ। ਸਿੱਟੇ ਵਜੋਂ ਸੰਨ 1947 ਵਿੱਚ ਪੰਜਾਬ ਨੂੰ ਬੁਰੀ ਤਰਾਂ ਫ਼ਿਰਕਾਪ੍ਰਸਤੀ ਵਿੱਚ ਵੰਡ ਦਿੱਤਾ ਗਿਆ ਸੀ। ਹਿੰਦੂ-ਸਿੱਖ, ਮੁਸਲਮਾਨਾਂ ਦੇ ਹਤਿਆਰੇ ਬਣ ਗਏ ਸਨ ਅਤੇ ਮੁਸਲਮਾਨ, ਹਿੰਦੂ-ਸਿੱਖਾਂ ਦੇ। ਇਸ ਲੋਕਤੰਤਰੀ ਸਿਧਾਂਤ ਅੱਗੇ ਸਿੱਖ ਸਿਰਫ਼ ਫ਼ੀਸਦੀਆਂ ਦੇ ਚੱਕਰ ਵਿੱਚ ਹੀ ਉਲਝ ਕੇ ਰਹਿ ਗਏ ਸਨ। ਪੰਜਾਬ ਵੰਡਿਆ ਗਿਆ ਸੀ, ਇਸ ਦੇ ਲੋਕ ਵੰਡੇ ਗਏ ਸਨ ਅਤੇ ਪੰਜ ਦਰਿਆਵਾਂ ਵਿੱਚ ਪਾਣੀ ਦੀ ਥਾਂ ਬੇਦੋਸ਼ਿਆਂ ਦਾ ਖ਼ੂਨ ਵਹਿ ਰਿਹਾ ਸੀ। ਪੰਜਾਬ ਨੂੰ ਵੰਡਣ ਵਾਲੇ 14-15 ਅਗਸਤ 1947 ਨੂੰ ਆਪੋ-ਆਪਣੀਆਂ ਰਾਜਧਾਨੀਆਂ (ਦਿੱਲੀ ਅਤੇ ਰਾਵਲਪਿੰਡੀ) ਵਿੱਚੋਂ ਰੋਸ਼ਨੀਆਂ ਕਰ ਰਹੇ ਸਨ, ਖ਼ੁਸ਼ੀਆਂ ਮਨਾ ਰਹੇ ਸਨ ਪਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਝੰਡਾਬਰਦਾਰ ਵਾਹਗੇ ਦੀ ਸਰਹੱਦ 'ਤੇ ਖੜ੍ਹੇ ਕਦੇ ਦਿੱਲੀ ਦੀਆਂ ਰੋਸ਼ਨੀਆਂ ਵੱਲ ਦੇਖ ਰਹੇ ਸਨ ਤੇ ਕਦੇ ਰਾਵਲਪਿੰਡੀ ਦੀਆਂ ਰੋਸ਼ਨੀਆਂ ਵੱਲ।

ਪੰਜਾਬ ਵੰਡਿਆ ਗਿਆ ਸੀ। ਅੱਧੇ ਤੋਂ ਵੀ ਜ਼ਿਆਦਾ ਪੰਜਾਬ ਪਾਕਿਸਤਾਨ ਨੂੰ ਮਿਲ ਗਿਆ ਸੀ। ਗ਼ੈਰ-ਪੰਜਾਬੀ ਖੇਤਰਾਂ ਦਾ ਪੰਜਾਬ ਵਿੱਚ ਰਲੇਵਾਂ ਹੀ ਆਪਣੇ-ਆਪ ਵਿੱਚ ਇੱਕ ਦੁਖਾਂਤਕ ਕਾਂਡ ਸਮੋਈ ਬੈਠਾ ਸੀ। ਸੰਨ 1858 ਵਿੱਚ ਜਦੋਂ ਹਿੰਦੁਸਤਾਨ ਵਿੱਚ ਅੰਗਰੇਜ਼ਾਂ ਖ਼ਿਲਾਫ਼ ਫ਼ੌਜੀ ਵਿਦਰੋਹ ਹੋਇਆ ਸੀ ਤਾਂ ਪੰਜਾਬ ਦੀਆਂ ਰਿਆਸਤਾਂ ਨੇ ਅੰਗਰੇਜ਼ਾਂ ਦੀ ਮਦਦ ਕੀਤੀ ਸੀ। ਇਸ ਵਿਦਰੋਹ ਨੂੰ ਕੁਚਲ ਦਿੱਤਾ ਗਿਆ ਸੀ। ਵਿਦਰੋਹ ਕੁਚਲਣ ਤੋਂ ਬਾਅਦ ਮਦਦਗਾਰ ਧਿਰਾਂ ਨੂੰ ਬਖ਼ਸ਼ਿਸ਼ਾਂ ਕੀਤੀਆਂ ਗਈਆਂ ਸਨ ਅਤੇ ਬਗ਼ਾਵਤ ਕਰਨ ਵਾਲੀਆਂ ਧਿਰਾਂ ਨੂੰ ਰਗੜਾ ਲਾਇਆ ਗਿਆ ਸੀ। ਵਰਤਮਾਨ ਹਰਿਆਣੇ ਦੇ ਬਾਂਗਰ ਇਲਾਕੇ ਨੂੰ ਦੱਖਣੀ ਹਰਿਆਣਾ ਕਿਹਾ ਜਾਂਦਾ ਹੈ। ਇਹ ਸਾਰਾ ਬਗ਼ਾਵਤ ਕਰਨ ਵਾਲੀਆਂ ਰਿਆਸਤਾਂ ਦਾ ਇਲਾਕਾ ਸੀ। ਇਨ੍ਹਾਂ ਰਿਆਸਤਾਂ ਨੂੰ ਤੋੜ ਕੇ ਪੰਜਾਬ ਦੀਆਂ ਉਨ੍ਹਾਂ ਰਿਆਸਤਾਂ ਨੂੰ ਦੇ ਦਿੱਤਾ ਗਿਆ ਸੀ ਜਿਨ੍ਹਾਂ ਨੇ ਅੰਗਰੇਜ਼ਾਂ ਦੀ ਮਦਦ ਕੀਤੀ ਸੀ। ਇਹ ਸਾਰੇ ਇਲਾਕੇ ਗ਼ੈਰ-ਪੰਜਾਬੀ ਸਨ। ਨਾ ਇਨ੍ਹਾਂ ਦੀ ਬੋਲੀ ਅਤੇ ਨਾ ਹੀ ਸੱਭਿਆਚਾਰ ਪੰਜਾਬੀ ਸੀ। ਇਹ ਇਲਾਕੇ ਸੰਨ 1858 ਵਿੱਚ ਪੰਜਾਬ ਦੀਆਂ ਰਿਆਸਤਾਂ ਨਾਲ ਮਿਲਾਏ ਗਏ ਸਨ। ਇਉਂ ਇਹ ਪੰਜਾਬ ਦਾ ਹਿੱਸਾ ਬਣ ਗਏ ਸਨ। ਇਸ ਤਰਾਂ ਜੇ ਖਾਸ ਪੰਜਾਬ ਦੀ ਹੀ ਗੱਲ ਕਰਨੀ ਹੋਵੇ ਤਾਂ ਸੰਨ 1947 ਵਿੱਚ ਪੰਜਾਬ ਦਾ ਸਿਰਫ਼ ਤੀਜਾ ਹਿੱਸਾ ਹੀ ਭਾਰਤ ਨੂੰ ਮਿਲਿਆ ਸੀ, ਦੋ ਤਿਹਾਈ ਪੰਜਾਬ, ਪਾਕਿਸਤਾਨ ਵਿੱਚ ਰਹਿ ਗਿਆ ਸੀ। ਪਾਕਿਸਤਾਨੀ ਪੰਜਾਬ ਵਿੱਚੋਂ ਹਿੰਦੂ ਅਤੇ ਸਿੱਖ ਪੂਰੀ ਤਰਾਂ ਕੁੱਟ ਅਤੇ ਲੁੱਟ ਕੇ ਕੱਢ ਦਿੱਤੇ ਗਏ ਸਨ।

ਪੰਜਾਬੀ ਬੋਲੀ ਅਤੇ ਸੱਭਿਆਚਾਰ ਪੰਜਾਬ ਵਿੱਚੋਂ ਹੀ ਗਾਇਬ ਹੋਣਾ ਸ਼ੁਰੂ ਹੋ ਗਿਆ ਸੀ। ਇਸ ਖ਼ਤਰੇ ਤੋਂ ਬਚਣ ਲਈ ਪੰਜਾਬੀ ਸੂਬੇ ਦੀ ਮੰਗ ਉਠੀ। ਪੰਜਾਬੀ ਸੂਬੇ ਦੀ ਮੰਗ ਅਨੁਸਾਰ ਪੰਜਾਬ ਵਿੱਚੋਂ ਗ਼ੈਰ-ਪੰਜਾਬੀ ਸੱਭਿਆਚਾਰ ਵਾਲੇ ਖੇਤਰ ਕੱਢਣੇ ਸਨ। ਬਾਕੀ ਦੇ ਪੰਜਾਬ ਨੂੰ ਪੰਜਾਬੀ ਬੋਲਦਾ ਅਤੇ ਪੰਜਾਬੀ ਸੱਭਿਆਚਾਰ ਵਾਲਾ ਮੰਨ ਕੇ ਪੁਨਰਗਠਿਤ ਕਰਨਾ ਸੀ। ਪੰਜਾਬੀ ਸੂਬੇ ਦੀ ਮੰਗ ਸ਼੍ਰੋਮਣੀ ਅਕਾਲੀ ਦਲ ਨੇ ਕੀਤੀ ਸੀ ਅਤੇ ਇਸ ਵੱਲੋਂ ਕੀਤੀ ਪੰਜਾਬੀ ਸੂਬੇ ਦੀ ਤਜਵੀਜ਼ ਮੁਤਾਬਕ ਪੰਜਾਬ ਵਿੱਚ ਇਸ ਦਾ 65 ਫ਼ੀਸਦੀ ਇਲਾਕਾ ਰਹਿਣਾ ਸੀ ਅਤੇ ਪੈਂਤੀ ਫ਼ੀਸਦੀ ਨਿਕਲ ਜਾਣਾ ਸੀ ਪਰ ਅਕਾਲੀਆਂ ਦੀ ਇਸ ਮੰਗ ਦੇ ਜਵਾਬ ਵਿੱਚ ਕੇਂਦਰੀ ਸਰਕਾਰ ਨੇ ਇਸ ਆਧਾਰ ਉੱਤੇ ਪੰਜਾਬ ਨਹੀਂ ਬਣਾਇਆ। 65 ਫ਼ੀਸਦੀ ਇਲਾਕਾ ਪੰਜਾਬ ਵਿੱਚੋਂ ਕੱਢ ਦਿੱਤਾ ਗਿਆ ਅਤੇ ਸਿਰਫ਼ 35 ਫ਼ੀਸਦੀ ਇਲਾਕਾ ਪੰਜਾਬ ਨੂੰ ਦਿੱਤਾ ਗਿਆ ਸੀ।

ਸੰਨ ਸੰਤਾਲੀ ਦੀ ਵੰਡ ਵੇਲੇ ਸਿੱਖਾਂ ਨੇ ਪੂਰੀ ਕੋਸ਼ਿਸ਼ ਕੀਤੀ ਸੀ ਕਿ ਪੰਜਾਬ ਦੀ ਵੰਡ ਨਾ ਹੋਵੇ ਪਰ ਉਹ ਘੱਟ-ਗਿਣਤੀ ਹੋਣ ਕਰਕੇ ਇਸ ਨੂੰ ਰੋਕ ਨਾ ਸਕੇ। ਕਾਂਗਰਸ ਅਤੇ ਮੁਸਲਿਮ ਲੀਗ ਨੇ ਪੰਜਾਬ ਨੂੰ ਲੀਰੋ-ਲੀਰ ਕਰ ਦਿੱਤਾ ਸੀ। 1947 ਤੋਂ ਪਿੱਛੋਂ ਵੀ ਸਿੱਖਾਂ ਨੇ ਭਾਰਤੀ ਪੰਜਾਬ ਵਿੱਚ ਪੰਜਾਬੀ ਬੋਲੀ ਅਤੇ ਪੰਜਾਬੀ ਸੱਭਿਆਚਾਰ ਨੂੰ ਕਾਇਮ ਰੱਖਣ ਦੀ ਬੜੀ ਕੋਸ਼ਿਸ਼ ਕੀਤੀ ਸੀ ਪਰ ਇਹ ਗੱਲ ਮੰਨੀ ਨਹੀਂ ਗਈ। ਆਖ਼ਰ ਪੰਜਾਬੀ ਸੂਬੇ ਦੀ ਮੰਗ ਉਠਾਈ ਗਈ। ਇਸ ਮੰਗ ਨੂੰ ਇਸ ਤਰਾਂ ਮੰਨਿਆ ਗਿਆ ਕਿ ਪੰਜਾਬ ਵਿੱਚੋਂ ਦੋ ਸੂਬਿਆਂ (ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ) ਦਾ ਖੇਤਰ ਕੱਢ ਦਿੱਤਾ ਗਿਆ, ਇਸ ਦੀ ਰਾਜਧਾਨੀ ਚੰਡੀਗੜ੍ਹ ਕੱਢ ਦਿੱਤੀ ਗਈ ਅਤੇ ਤਕਰੀਬਨ ਤੀਜਾ ਹਿੱਸਾ ਪੰਜਾਬੀ ਸੂਬੇ ਦੇ ਰੂਪ ਵਿੱਚ ਛੱਡ ਦਿੱਤਾ ਗਿਆ ਸੀ। ਪੰਜਾਬੀ ਸੂਬਾ ਤਾਂ ਉਹ ਖੇਤਰ ਹੈ ਜਿਹੜਾ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਬਣਾਉਣ ਤੋਂ ਬਾਅਦ ਬਚਿਆ ਹੈ।

ਜਦੋਂ ਵੀ ਪੰਜਾਬ ਵਿਸ਼ਵ ਦੇ ਨਕਸ਼ੇ 'ਤੇ ਉਭਰਿਆ, ਇਸ ਨੇ ਭਾਰਤੀ ਉਪ-ਮਹਾਂਦੀਪ ਦੀ ਰੱਖਿਆ ਹੀ ਕੀਤੀ ਸੀ। ਬਾਹਰਲੇ ਦੁਸ਼ਮਣਾਂ ਨੂੰ ਇਸ ਨੇ ਰੋਕਿਆ ਸੀ ਪਰ ਭਾਰਤ ਅਤੇ ਪਾਕਿਸਤਾਨ ਬਣਨ ਮਗਰੋਂ ਪੰਜਾਬ ਲੀਰੋ-ਲੀਰ ਹੋਇਆ ਹੈ। ਪੰਜਾਬ ਨਾਲ ਇਹ ਕਰੋਪੀ ਕਿਉਂ ਵਾਪਰੀ ਹੈ? ਕੀ ਕਦੇ ਪੰਜਾਬ ਦਾ ਅੰਨ-ਪਾਣੀ ਖਾਣ ਵਾਲੇ ਲੋਕ ਇਸ ਬਾਰੇ ਸੋਚਣਗੇ?

# ਗੁਰੂ ਨਾਨਕ ਦਾ ਲੰਗਰ - ਉਦੇਸ਼ ਅਤੇ ਮੰਤਵ

**- ਕ੍ਰਿਸ਼ਨ ਕੁਮਾਰ**

ਚਾਰ ਉਦਾਸੀਆਂ (24 ਸਾਲ ਦੀ ਪੈਦਲ ਯਾਤਰਾ) ਮਗਰੋਂ ਜਦੋਂ ਗੁਰੂ ਨਾਨਕ ਦੇਵ ਕਰਤਾਰਪੁਰ ਆ ਕੇ ਰਹੇ ਸਨ ਤਾਂ ਸ਼ਰਧਾਲੂ ਆਪ ਜੀ ਦੇ ਦਰਸ਼ਨਾਂ ਲਈ ਆਉਣ ਲੱਗੇ। ਸ਼ਰਧਾਲੂਆਂ ਦੀਆਂ ਲੋੜਾਂ ਨੂੰ ਮਹਿਸੂਸ ਕਰਦਿਆਂ ਉਨਾਂ ਦੇ ਖਾਣ-ਪੀਣ ਅਤੇ ਠਹਿਰਣ ਦਾ ਪ੍ਰਬੰਧ ਕੀਤਾ ਜਾਣ ਲੱਗਿਆ। ਇਹੀ ਲੰਗਰ ਪ੍ਰਥਾ ਦੀ ਸ਼ੁਰੂਆਤ ਸੀ। ਗੁਰੂ ਨਾਨਕ ਦੇਵ ਆਪ ਖੇਤੀ ਕਰਦੇ ਸਨ ਤੇ ਖੇਤੀ ਦੀ ਉਪਜ ਲੰਗਰ ਵਿੱਚ ਪਾ ਦਿੱਤੀ ਜਾਂਦੀ। ਲੋਕ ਅਤੇ ਸ਼ਰਧਾਲੂ ਵੀ ਆਪਣੀ ਸਮਰੱਥਾ ਅਨੁਸਾਰ ਆਪਣੀ ਨੇਕ ਕਮਾਈ ਵਿੱਚੋਂ ਲੰਗਰ ਵਿੱਚ ਹਿੱਸਾ ਪਾਉਣ ਲੱਗੇ। ਇਸ ਗੱਲ ਦਾ ਪੂਰਾ ਖਿਆਲ ਰੱਖਿਆ ਜਾਂਦਾ ਕਿ ਲੋੜਵੰਦ ਹੀ ਲੰਗਰ ਦਾ ਫ਼ਾਇਦਾ ਉਠਾਉਣ। ਨਾਮ ਜਪਣ ਅਤੇ ਧਰਮ ਦੀ ਕਿਰਤ ਕਰਨੀ ਤੇ ਉਸ ਵਿੱਚੋਂ ਦਸਵੰਧ ਦਾਨ ਕਰਨਾ ਹੀ ਲੰਗਰ ਦੀ ਬੁਨਿਆਦ ਹੈ ਅਤੇ ਇਹੀ ਗੁਰੂ ਸਹਿਬਾਨ ਦਾ ਹੁਕਮ ਵੀ ਹੈ। ਰਿਸ਼ਵਤ ਅਤੇ ਕਾਲ਼ੇ ਧਨ ਦਾ ਕੀਤਾ ਦਾਨ ਸਾਰਥਿਕ ਨਹੀਂ ਹੈ। ਦਾਨ ਤਾਂ ਘਾਲਿ ਕਮਾਈ ਦਾ ਹੀ ਲੇਖੇ ਲੱਗਦਾ ਹੈ। ਗੁਰੂ ਅੰਗਦ ਦੇਵ ਜੀ ਵੱਲੋਂ ਅੰਨ-ਪਾਣੀ ਦੇ ਲੰਗਰ ਦੇ ਨਾਲ ਸ਼ਬਦ ਦਾ ਲੰਗਰ ਵੀ ਸ਼ੁਰੂ ਕੀਤਾ ਗਿਆ। ਬਾਬਾ ਬੁੱਢਾ ਜੀ ਵੱਲੋਂ ਕੀਤੀ ਸੇਵਾ ਦੀ ਕਿਤੇ ਮਿਸਾਲ ਨਹੀਂ ਮਿਲਦੀ।

ਗੁਰੂ ਅਮਰ ਦਾਸ ਨੇ ਜਾਤ-ਪਾਤ ਦਾ ਭੇਦ ਮਿਟਾਉਣ ਅਤੇ ਬਰਾਬਰਤਾ ਦਾ ਸੰਦੇਸ਼ ਦੇਣ ਦੀ ਖ਼ਾਤਰ ਹੀ ਪਹਿਲਾਂ ਪੰਗਤ ਫਿਰ ਸੰਗਤ ਦਾ ਹੁਕਮ ਕੀਤਾ ਸੀ। ਬਾਦਸ਼ਾਹ ਅਕਬਰ ਵੀ ਜਦੋਂ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ ਤਾਂ ਉਸ ਨੂੰ ਵੀ ਲੰਗਰ ਛਕਣ ਪਿੱਛੋਂ ਹੀ ਦਰਸ਼ਨ ਦਿੱਤੇ। ਅਕਬਰ ਨੇ ਬਾਰਾਂ ਪਿੰਡਾਂ ਦਾ ਪਟਾ ਲੰਗਰ ਲਈ ਭੇਟ ਕੀਤਾ ਤਾਂ ਗੁਰੂ ਜੀ ਨੇ ਕਿਹਾ ਕਿ ਲੰਗਰ ਤਾਂ ਲੋਕਾਂ ਦੀ ਨੇਕ ਅਤੇ ਧਰਮ ਦੀ ਕਮਾਈ ਨਾਲ ਹੀ ਚੱਲਣਾ ਚਾਹੀਦਾ ਹੈ। ਉਨਾਂ ਅਕਬਰ ਦੀ ਭੇਟਾ ਸਵੀਕਾਰ ਨਾ ਕੀਤੀ। ਗੁਰੂ ਰਾਮਦਾਸ ਜੀ ਦੇ ਸਮੇਂ ਅਨਾਥਾਂ ਅਤੇ ਕਾਰ ਸੇਵਕਾਂ ਲਈ ਲੰਗਰ ਇਕ ਸਹਾਰਾ ਬਣਿਆ। ਪੰਜਵੇਂ ਪਾਤਸ਼ਾਹ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਦੇ ਸਮੇਂ ਇਕ ਭਗਤ ਹਰ ਸਮੇਂ ਭਗਤੀ ਵਿੱਚ ਲੀਨ ਰਹਿੰਦਾ ਅਤੇ ਰੋਟੀ ਖਾਣ ਸਮੇਂ ਲੰਗਰ 'ਚ ਆ ਜਾਂਦਾ। ਗੁਰੂ ਜੀ ਨੇ ਉਸ ਨੂੰ ਉਪਦੇਸ਼ ਕੀਤਾ ਕਿ ਬਿਨਾ ਕਾਰ ਭਗਤੀ ਸੰਪੂਰਨ ਨਹੀਂ ਹੋ ਸਕਦੀ। ਗੁਰੂ ਜੀ ਦੇ ਉਪਦੇਸ਼ ਨੂੰ ਸੁਣ ਕੇ ਉਹ ਹਰ ਰੋਜ਼ ਜੰਗਲ ਵਿੱਚੋਂ ਲੱਕੜੀਆਂ ਇਕੱਠੀਆਂ ਕਰਕੇ



ਲਿਆਉਂਦਾ। ਇਕ ਹਿੱਸਾ ਲੰਗਰ ਵਾਸਤੇ ਦੇ ਦਿੰਦਾ ਅਤੇ ਇਕ ਹਿੱਸਾ ਵੇਚ ਕੇ ਆਪਣਾ ਗੁਜ਼ਾਰਾ ਕਰਨ ਲੱਗਾ। ਇਸ ਤਰਾਂ ਉਨਾਂ ਦੱਸਿਆ ਕਿ ਬਿਨਾਂ ਮਿਹਨਤ ਕੀਤਿਆਂ ਇਕੱਲੀ ਭਗਤੀ ਵੀ ਸਫ਼ਲ ਨਹੀਂ ਹੋ ਸਕਦੀ।

ਗੁਰੂ ਹਰਗੋਬਿੰਦ ਸਾਹਿਬ ਵੱਲੋਂ ਭਾਈ ਗੜੀਆ ਨੂੰ ਕਸ਼ਮੀਰ ਜਾ ਕੇ ਬਾਣੀ ਦਾ ਪ੍ਰਚਾਰ ਕਰਨ ਅਤੇ ਸੰਗਤਾਂ ਤੋਂ ਉਨਾਂ ਦੀ ਨੇਕ ਕਮਾਈ ਵਿੱਚੋਂ ਦਸਵੰਧ ਇਕੱਠਾ ਕਰਕੇ ਲਿਆਉਣ ਦਾ ਹੁਕਮ ਹੋਇਆ। ਭਾਈ ਸਾਹਿਬ ਗੜੀਆ ਨੇ ਜੋ ਕੁਝ ਇਕੱਠਾ ਕੀਤਾ, ਉਹ ਕਸ਼ਮੀਰ ਦੇ ਕਾਲ ਪੀੜਤਾਂ ਦੀ ਸਹਾਇਤਾ ਲਈ ਖਰਚ ਕਰ ਦਿੱਤਾ ਅਤੇ ਕੇਵਲ ਸਵਾ ਰੁਪਇਆ ਲਿਆ ਕੇ ਗੁਰੂ ਜੀ ਨੂੰ ਭੇਟ ਕਰ ਦਿੱਤਾ। ਗੁਰੂ ਸਾਹਿਬ ਉਸ ਵੱਲੋਂ ਪੀੜਤਾਂ ਦੀ ਸੇਵਾ ਤੇ ਸਹਾਇਤਾ ਕਰਨ ਦੇ ਕੰਮ ਤੋਂ ਬਹੁਤ ਖੁਸ਼ ਹੋਏ।

ਇਕ ਵਾਰ ਗੁਰੂ ਸਾਹਿਬ ਸ੍ਰੀਨਗਰ 'ਚ ਸਨ ਕਿ ਕਸ਼ਮੀਰ ਦਾ ਇਕ ਸ਼ਰਧਾਲੂ ਕਾਫੀ ਸਾਰਾ ਸ਼ਹਿਦ ਲੈ ਕੇ ਗੁਰੂ ਸਾਹਿਬ ਨੂੰ ਭੇਟ ਕਰਨ ਲਈ ਚੱਲ ਪਿਆ। ਰਾਹ ਵਿੱਚ ਇਕ ਭੁੱਖੇ ਸਾਧੂ ਨੇ ਉਸ ਤੋਂ ਆਪਣੀ ਭੁੱਖ ਮਿਟਾਉਣ ਵਾਸਤੇ ਥੋੜੇ ਜਿਹੇ ਸ਼ਹਿਦ ਦੀ ਮੰਗ ਕੀਤੀ, ਪਰ ਉਸ ਨੇ ਇਹ ਕਹਿ ਕੇ 'ਇਹ ਸ਼ਹਿਦ ਤਾਂ ਗੁਰੂ ਦੇ ਲੰਗਰ ਵਾਸਤੇ ਹੈ' ਨਾਂਹ ਕਰ ਦਿੱਤੀ। ਜਦੋਂ ਉਹ ਸ੍ਰੀਨਗਰ ਪਹੁੰਚ ਕੇ ਸ਼ਹਿਦ ਗੁਰੂ ਸਾਹਿਬ ਨੂੰ ਭੇਟ ਕਰਨ ਲੱਗਾ ਤਾਂ ਗੁਰੂ ਜੀ ਨੇ ਕਿਹਾ ਕਿ ਜਦੋਂ ਮੈਨੂੰ ਭੁੱਖੀ ਲੱਗੀ ਸੀ ਤਾਂ ਤੂੰ ਉਦੋਂ ਕਿਉਂ ਨਾ ਦਿੱਤਾ। ਉਸ ਨੂੰ ਘਬਰਾਇਆ ਹੋਇਆ ਦੇਖ ਕੇ ਉਨਾਂ ਭੁੱਖੇ ਸਾਧੂ ਦੀ ਮੰਗ ਵੱਲ ਉਸ ਦਾ ਧਿਆਨ ਦਿਆਇਆ ਤੇ ਕਿਹਾ 'ਭੁੱਖੇ ਦਾ ਮੂੰਹ ਹੀ ਗੁਰੂ ਦੀ ਗੋਲਕ ਹੈ', ਭਾਵ ਲੋੜਵੰਦਾਂ ਦੀ ਸਹਾਇਤਾ ਹੀ ਸਭ ਤੋਂ ਵੱਡੀ ਸੇਵਾ ਅਤੇ ਪੁੰਨ ਹੈ। ਇਹੀ ਸਮੁੱਚੀ ਮਨੁੱਖਤਾ ਅਤੇ ਸਿੱਖੀ ਦੀ ਸਿੱਖਿਆ ਹੈ।

ਇਕ ਵਾਰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜਦੋਂ ਆਨੰਦਪੁਰ ਸਾਹਿਬ ਵਿੱਚ ਸਨ ਤਾਂ ਉਹ ਇਕ ਸਾਧੂ ਦੇ ਰੂਪ ਵਿੱਚ ਯਾਚਕ ਬਣ ਕੇ ਉਨਾਂ ਲੋਕਾਂ ਦੇ ਘਰ ਗਏ, ਜਿਨਾਂ ਦੇ ਆਪਣੇ ਘਰਾਂ ਵਿੱਚ ਲੰਗਰ ਚਲਦਾ ਸੀ। ਕਿਸੇ ਨੇ ਕਿਹਾ ਕਿ ਅਜੇ ਲੰਗਰ ਦਾ ਸਮਾਂ ਨਹੀਂ ਹੋਇਆ। ਕਿਸੇ ਨੇ ਕਿਹਾ ਲੰਗਰ ਤਿਆਰ ਨਹੀਂ। ਕਿਸੇ ਨੇ ਕਿਹਾ ਸਾਰੀ ਸੰਗਤ ਇਕੱਠੀ ਨਹੀਂ ਹੋਈ। ਗੁਰੂ ਜੀ ਨੂੰ ਕਿਤੋਂ ਵੀ ਖਾਣਾ ਨਾ ਮਿਲਿਆ। ਭਾਈ ਨੰਦ ਲਾਲ ਜੀ ਪਾਸ ਜਦੋਂ ਪਹੁੰਚੇ ਤਾਂ ਭਾਈ ਸਾਹਿਬ ਨੇ ਜੋ ਕੁਝ ਵੀ ਘਰ ਵਿੱਚ ਤਿਆਰ ਸੀ, ਉਹ ਸ਼ਰਧਾਪੂਰਵਕ ਉਨਾਂ ਦੇ ਸਾਹਮਣੇ ਲਿਆ ਕੇ ਰੱਖਿਆ। ਗੁਰੂ ਸਾਹਿਬ ਨੇ ਆਪਣਾ ਅਸਲੀ ਰੂਪ ਦਿਖਾ ਕੇ ਭਾਈ ਨੰਦ ਲਾਲ ਜੀ ਨੂੰ ਆਪਣੀ ਗਲਵੱਕੜੀ 'ਚ ਲੈ ਲਿਆ ਅਤੇ ਕਿਹਾ ਕਿ ਲੰਗਰ ਦੀ ਅਸਲ ਪ੍ਰਥਾ ਇਹੀ ਹੈ ਕਿ ਜੋ ਕੁਝ ਵੀ ਤਿਆਰ ਹੋਵੇ, ਉਹ ਘਰ ਆਏ ਸਾਧੂ, ਮਹਿਮਾਨ ਨੂੰ ਪਰੋਸ ਦਿੱਤਾ ਜਾਵੇ। ਲੰਗਰ ਦਾ ਅਸਲ ਮਕਸਦ ਹੀ ਇਹੀ ਹੈ। ਲੰਗਰ ਦਾ ਉਦੇਸ਼ 'ਅੰਨ ਦਾ ਦਾਨ ਸਭ ਤੋਂ ਉੱਤਮ ਦਾਨ ਹੈ।'

ਗੁਰੂ ਸਾਹਿਬਾਨ ਦੇ ਹੁਕਮ 'ਘਾਲਿ ਖਾਇ ਕਿਛੁ ਹਥਹੁ ਦੇਇ ਨਾਨਕ ਰਾਹੁ ਪਛਾਣਹਿ ਸੇਇ' ਦੀ ਪਾਲਣਾ ਹੀ ਗੁਰੂ ਸਾਹਿਬਾਨ ਦੇ ਦੱਸੇ ਰਾਹ 'ਤੇ ਚੱਲਣਾ ਹੈ।

ਪੰਗਤ ਵਿੱਚ ਬੈਠ ਕੇ ਲੰਗਰ ਛਕਣਾ ਏਕਤਾ ਅਤੇ ਬਰਾਬਰਤਾ ਦਾ ਸੰਦੇਸ਼ ਦਿੰਦਾ ਹੈ। ਸੇਵਾ ਕਰਨ ਨਾਲ ਹਉਂ ਦੀ ਨਵਿਰਤੀ ਹੁੰਦੀ ਹੈ। ਲੰਗਰ ਦੀ ਸੇਵਾ ਅਸਲ 'ਚ ਗੁਰੂ ਦੀ ਸੇਵਾ ਹੈ ਅਤੇ ਉਨਾਂ ਦੇ ਹੁਕਮਾਂ ਦੀ ਪਾਲਣਾ ਕਰਨਾ ਹੈ।

# ਗੁਰਬਾਣੀ ਕੀਰਤਨ ਦੀ ਵਿਲੱਖਣਤਾ ਬਾਰੇ ਭਾਈ ਕਾਨ ਸਿੰਘ ਨਾਭਾ ਦੇ ਵਿਚਾਰ

**- ਡਾ. ਰਵਿੰਦਰ ਕੌਰ ਰਵੀ**

ਗੁਰਬਾਣੀ ਕੀਰਤਨ ਦੀ ਵਿਲੱਖਣਤਾ ਉਜਾਗਰ ਕਰਦਿਆਂ ਭਾਈ ਕਾਨ ਸਿੰਘ ਨੇ ਬੀਰ ਸਰਹੱਦੀ ਵਿੱਚ ਛਪੇ ਆਪਣੇ ਇੱਕ ਨਿਬੰਧ 'ਕੀਰਤਨ' ਰਾਹੀਂ ਦੱਸਿਆ ਹੈ ਕਿ ਕੀਰਤਨ ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦਾ ਅਰਥ ਉਚਾਰਨ ਕਰਨਾ ਤੇ ਗੁਣਾਂ ਦਾ ਗਾਣ ਕਰਨਾ ਹੈ। 'ਗੁਰਮਤ ਪ੍ਰਭਾਕਰ' (1898) ਵਿੱਚ ਭਾਈ ਸਾਹਿਬ ਨੇ ਰਾਗ ਤੇ ਗੁਰਬਾਣੀ ਦੇ ਸਬੰਧ ਨੂੰ ਸਪੱਸ਼ਟ ਕੀਤਾ ਹੈ ਕਿ ਜਿਸ ਨੂੰ ਸੁਣ ਕੇ ਚਿੱਤ ਵਿੱਚ ਪ੍ਰਸੰਨਤਾ ਤੇ ਪ੍ਰੀਤ ਉਤਪੰਨ ਹੋਵੇ, ਉਸ ਦਾ ਨਾਂ ਰਾਗ ਹੈ। ਰਾਗ ਵਿੱਚ ਗਾਈ ਹੋਈ ਬਾਣੀ ਚਿੱਤ ਉੱਤੇ ਭਾਰੀ ਅਸਰ ਕਰਦੀ ਹੈ।

ਗੁਰਮਤਿ ਸਿਧਾਂਤਾਂ ਬਾਰੇ ਜਾਣਕਾਰੀ ਲਈ ਰਚੀ ਪੁਸਤਕ 'ਗੁਰਮਤ ਸੁਧਾਕਰ' (1899) ਵਿੱਚ ਭਾਈ ਮਨੀ ਸਿੰਘ ਕ੍ਰਿਤ 'ਗਯਾਨ ਰਤਨਾਵਲੀ' ਦੇ ਹਵਾਲੇ ਨਾਲ ਭਾਈ ਸਾਹਿਬ, ਗੁਰੂ ਨਾਨਕ ਦੇਵ ਜੀ ਦੀਆਂ ਸਰਗਰਮੀਆਂ ਦਾ ਕੇਂਦਰ ਰਹੇ ਕਰਤਾਰਪੁਰ ਤੋਂ ਚੱਲਦੀ ਆ ਰਹੀ ਕੀਰਤਨ ਦੀ ਪਰੰਪਰਾ ਬਾਰੇ ਦੱਸਦੇ ਹਨ, "ਕਰਤਾਰਪੁਰ ਵਿੱਚ ਅੰਮ੍ਰਿਤ ਵੇਲੇ ਸਵਾ ਪਹਿਰ ਚੜਦਿਆਂ ਤੀਕਰ ਬਾਣੀ ਦੀ ਚਰਚਾ ਹੋਵੇ, ਪਿੱਛੋਂ ਕੀਰਤਨ ਹੋਵੇ, ਫੇਰ ਆਰਤੀ ਪੜੀਏ। ਤੀਜੇ ਪਹਿਰ ਕੀਰਤਨ ਕਰਾਏ। ਸੰਧਿਆ ਨੂੰ ਰਹਿਰਾਸ ਪੜੀਏ, ਫੇਰ ਕੀਰਤਨ ਗਾਈਏ ਪਿਛਲੀ ਰਾਤ ਜਪ ਪੜੀਏ ਤੇ ਆਸਾ ਦੀ ਵਾਰ ਪੜੀਏ।' 'ਗੁਰਮਤ ਸੁਧਾਕਰ' ਵਿੱਚ ਦੱਸਿਆ ਗਿਆ ਹੈ ਕਿ ਗੁਰਬਾਣੀ ਨੂੰ ਰਾਗ, ਲੈਅ ਤੇ ਤਾਲ ਵਿੱਚ ਗਾਉਣ ਦਾ ਨਾਂ ਹੀ ਕੀਰਤਨ ਹੈ। ਇਸ ਪੁਸਤਕ ਵਿੱਚ 'ਗਯਾਨ ਰਤਨਾਵਲੀ' ਦੇ ਹਵਾਲੇ ਨਾਲ ਭਾਈ ਸਾਹਿਬ ਨੇ ਕੀਰਤਨ ਦੀ ਮਹਾਨਤਾ ਬਾਰੇ ਗੁਰੂ ਘਰ ਦੇ ਨਿਕਟਵਰਤੀਆਂ ਦੀਆਂ ਉਦਾਹਰਨਾਂ ਪੇਸ਼ ਕਰਦਿਆਂ ਦੱਸਿਆ ਹੈ ਕਿ "ਝਾਝੂ, ਮੁਕੰਦੂ ਤੇ ਕਿਦਾਰਾ ਗੁਰੂ ਅਰਜਨ ਜੀ ਦੇ ਹਜ਼ੂਰ ਆਏ ਤੇ ਕਹਿਣ ਲੱਗੇ, "ਗ਼ਰੀਬ ਨਿਵਾਜ਼ ਜੀ! ਸਾਡਾ ਉਧਾਰ ਕਯੋਂ ਕਰ ਹੋਵੈ ?" ਤਾਂ ਬਚਨ ਹੋਇਆ, ਤੁਹਾਨੂੰ ਰਾਗ ਦੀ ਸਮਝ ਹੈ ਤੇ ਕਲਯੁਗ ਵਿੱਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ, ਇਹ ਸ਼ਾਂਤੀ ਦਾ ਸਾਧਨ ਹੈ। ਤੁਸੀਂ ਕੀਰਤਨ ਕਰਿਆ ਕਰੋ।'

ਕੀਰਤਨ ਤੇ ਕਥਾ ਦੇ ਸਬੰਧ ਨੂੰ ਸਪੱਸ਼ਟ ਕਰਨ ਲਈ ਭਾਈ ਸਾਹਿਬ ਦਾ ਵਿਚਾਰ ਹੈ ਕਿ "ਜੋ ਆਖਦੇ ਹਨ ਕਿ ਰਾਗੀਆਂ ਨੂੰ ਕੀਰਤਨ ਵਿੱਚ ਕਥਾ ਨਹੀਂ ਕਰਨੀ ਚਾਹੀਦੀ, ਉਹ ਅਗਿਆਨੀ ਹਨ। ਜਿਸ ਨੂੰ ਉਪਦੇਸ਼ ਕਰਨ ਦੀ ਸ਼ਕਤੀ ਨਹੀਂ ਉਸ ਨੂੰ ਆਪਣੀ ਅਟਪਟੀ ਕਥਾ ਕਰ ਕੇ ਕੀਰਤਨ ਵਿੱਚ ਕੁਰਸ ਨਹੀਂ ਕਰਨਾ ਚਾਹੀਦਾ।'

'ਗੁਰਮਤ ਸੁਧਾਕਰ' ਤੋਂ ਬਾਅਦ ਗੁਰੁਗਿਰਾ ਕਸੌਟੀ (1899) ਪੁਸਤਕ ਦੀ ਰਚਨਾ ਕਰ ਕੇ ਭਾਈ ਸਾਹਿਬ ਨੇ ਗੁਰਬਾਣੀ ਵਿੱਚ ਵਿਰੋਧਤਾ ਦੇ ਸ਼ੰਕਿਆਂ ਨੂੰ ਸਪੱਸ਼ਟ ਕੀਤਾ ਕਿ ਗੁਰਬਾਣੀ ਇੱਕ ਰਸ ਹੈ। ਪਰ ਸਿੱਖਾਂ ਦੀ ਆਪਣੀ ਪਾਰਟੀਬਾਜ਼ੀ ਤੇ ਅੰਧ ਵਿਸ਼ਵਾਸ ਕਾਰਨ ਇਹ ਪੁਸਤਕ ਛਪ ਨਾ ਸਕੀ।

ਆਪਣੇ ਜੀਵਨ ਦੇ ਅੰਤਲੇ ਦਿਨਾਂ (1938) ਵਿੱਚ ਭਾਈ ਸਾਹਿਬ ਨੇ ਗੁਰੁਮਤ ਪ੍ਰਭਾਕਰ ਤੇ ਗੁਰਮਤ ਸੁਧਾਕਰ ਪੁਸਤਕਾਂ ਨੂੰ ਆਧਾਰ ਬਣਾ ਕੇ ਨਵਾਂ ਗ੍ਰੰਥ 'ਗੁਰਮਤ-ਮਾਰਤੰਡ' ਤਿਆਰ ਕੀਤਾ, ਜੋ 1962 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਦੋ ਭਾਗਾਂ ਵਿੱਚ ਪ੍ਰਕਾਸ਼ਿਤ ਕਰਵਾਇਆ ਗਿਆ। ਇਸ ਗ੍ਰੰਥ ਵਿੱਚ ਵੀ ਗੁਰਮਤਿ ਸੰਗੀਤ ਦੀ ਪਰੰਪਰਾ, ਵਿਹਾਰਕ ਪੱਖ ਤੇ ਕੀਰਤਨ ਦੀ ਮਰਿਆਦਾ ਬਾਰੇ ਜਾਣਕਾਰੀ ਮਿਲਦੀ ਹੈ ਕਿ, "ਸਿੱਖ-ਧਰਮ ਵਿੱਚ ਸੁਰ, ਲੈਅ, ਤਾਲ ਗੁਰਬਾਣੀ ਦਾ ਸਮੇਂ-ਸਮੇਂ ਦੇ ਰਾਗਾਂ ਵਿੱਚ ਗਾਉਣਾ 'ਕੀਰਤਨ' ਪ੍ਰਸਿੱਧ ਹੈ। ਜਗਤ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖ ਭਾਈ ਮਰਦਾਨੇ ਨੂੰ ਸਭ ਤੋਂ ਪਹਿਲਾਂ ਕੀਰਤਨ ਕਰਨ ਦੀ ਜਾਚ ਸਿਖਾਈ, ਉਸ ਪਿੱਛੋਂ ਭਾਈ ਮਰਦਾਨੇ ਦੀ ਸੰਤਾਨ ਤੇ ਹੋਰ ਰਬਾਬੀ ਤੇ ਪ੍ਰੇਮੀ ਸਿੱਖ ਰਾਗੀ ਕੀਰਤਨ ਦਾ ਪ੍ਰਚਾਰ ਕਰਦੇ ਰਹੇ। ਗੁਰੂ ਅਰਜਨ ਸਾਹਿਬ ਨੇ ਸੁਰੰਦਾ (ਸੁਰੰਦਾ) ਸਾਜ਼ ਰਚ ਕੇ ਪ੍ਰੇਮੀ ਸਿੱਖਾਂ ਨੂੰ ਸੰਗੀਤ ਵਿੱਦਿਆ ਸਿਖਾਈ ਤੇ ਸ਼ਬਦਾਂ ਦੀਆਂ ਮਨੋਹਰ ਧਾਰਨਾਂ ਦੱਸੀਆਂ ਤੇ ਨਿੱਤ ਕੀਰਤਨ ਦੀਆਂ ਚਾਰ ਚੌਕੀਆਂ ਦੀ ਮਰਿਆਦਾ ਥਾਪੀ, ਜੋ ਇਸ ਵੇਲੇ ਤਕ ਹਰਿਮੰਦਰ ਆਦਿਕ ਗੁਰਧਾਮਾਂ ਵਿੱਚ ਕਾਇਮ ਹੈ, ਗੁਰਮਤਿ ਵਿੱਚ ਮਨ ਦੀ ਇਕਾਗਰਤਾ ਲਈ ਸਰਬੋਤਮ ਸਾਧਨ ਕੀਰਤਨ ਹੈ।'

ਭਾਈ ਕਾਨ ਸਿੰਘ ਨਾਭਾ ਅਨੁਸਾਰ, 'ਅੰਮ੍ਰਿਤ ਵੇਲੇ ਆਸਾ ਦੀ ਵਾਰ ਗਾਉਣ ਦੀ ਰੀਤ ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ) ਨੇ, ਗੁਰੂ ਨਾਨਕ ਦੇਵ ਦੀ ਆਗਿਆ ਅਨੁਸਾਰ ਕਰਤਾਰਪੁਰ ਵਿੱਚ ਸ਼ੁਰੂ ਕੀਤੀ।' ਕੀਰਤਨ ਦੌਰਾਨ 'ਪਉੜੀ' ਗਾਉਣ ਦੀ ਪਰੰਪਰਕ ਕਲਾ ਵੱਲ ਸੰਕੇਤ ਕਰਦਿਆਂ ਭਾਈ



ਸਾਹਿਬ ਨੇ ਦੱਸਿਆ ਹੈ ਕਿ "ਗੁਰੂ ਅਰਜਨ ਦੇਵ ਨੇ ਨੌਂ ਵਾਰਾਂ ਤੇ ਨੌਂ ਧੁਨੀਆਂ ਪਉੜੀ ਦੀਆਂ ਰਾਗੀਆਂ ਦੇ ਗਾਉਣ ਲਈ ਠਹਿਰਾਈਆਂ ਹਨ। ਪਉੜੀ ਏਕ ਤਾਲ (ਜ਼ੱਕਾ), ਤਿੰਨ ਤਾਲ, ਪੰਜ ਤਾਲ (ਅਸਵਾਰੀ), ਢਾਈ ਤਾਲ (ਰੂਪਕ), ਵਿੱਚ ਗਾਈਆਂ ਜਾਂਦੀਆਂ ਹਨ।'

ਗੁਰਮਤਿ ਸੰਗੀਤ ਵਿਚਲੇ ਸ਼ਾਸਤਰੀ ਅੰਗ ਦੇ ਗਾਇਨ ਰੂਪ 'ਪੜਤਾਲ' ਬਾਰੇ ਭਾਈ ਕਾਨ ਸਿੰਘ ਨਾਭਾ ਦਾ ਵਿਚਾਰ ਹੈ ਕਿ "ਪੜਤਾਲ ਗਾਉਣ ਦੀਆਂ ਪੁਰਾਣੀਆਂ ਰੀਤਾਂ ਵੀ ਹੁਣ ਲੋਪ ਹੋ ਰਹੀਆਂ ਹਨ। ਗੁਰੂ ਅਰਜਨ ਦੇਵ ਜੀ ਦਾ ਸਿਖਾਇਆ ਸੰਗੀਤ ਸਿੱਖਾਂ ਨੇ ਅਣਗਹਿਲੀ ਕਰਕੇ ਭੁਲਾ ਦਿੱਤਾ ਹੈ। ਭਾਈ ਗੁਰਮੁਖ ਸਿੰਘ, ਭਾਈ ਅਤਰਾ ਤੇ ਭਾਈ ਦਿੱਤੂ ਆਦਿ ਦੇ ਗਾਏ ਪੜਤਾਲ ਜੋ ਸਾਡੇ ਸੁਣਨ ਵਿੱਚ ਆਏ ਹਨ, ਹੁਣ ਸਿਰਫ਼ ਸਿਮ੍ਰਿਤੀ ਵਿੱਚ ਰਹਿ ਗਏ ਹਨ।

ਆਸਾ ਦੀ ਵਾਰ ਦੀ ਪੁਰਾਤਨ ਮਰਿਆਦਾ ਬਾਰੇ ਭਾਈ ਸਾਹਿਬ ਦਾ ਕਥਨ ਹੈ, "ਆਸਾ ਦੀ ਵਾਰ ਦਾ ਆਰੰਭ ਆਸਾ ਦੇ ਆਲਾਪ ਨਾਲ ਹੋਵੇ ਤੇ ਪਹਿਲੀਆਂ ਦੋ-ਚਾਰ ਪਉੜੀਆਂ ਆਸਾ ਵਿੱਚ ਹੀ ਗਾਈਆਂ ਜਾਣ, ਸਵੇਰ ਦੇ ਰਾਗਾਂ ਵਿੱਚ ਹੋਰ ਪਉੜੀਆਂ ਗਾ ਕੇ ਅੰਤ ਦੀ ਪੌੜੀ ਵੀ ਆਸਾ ਰਾਗ ਵਿੱਚ ਗਾਈ ਜਾਵੇ।'

ਗੁਰੂ ਘਰ ਦੇ ਕੀਰਤਨੀਆਂ, ਰਾਗੀਆਂ, ਰਬਾਬੀਆਂ ਬਾਰੇ ਭਾਈ ਸਾਹਿਬ ਨੇ ਮਹਾਨ ਕੋਸ਼ ਵਿੱਚ ਦੱਸਿਆ ਹੈ ਕਿ ਸਤਿਗੁਰੂ ਦੇ ਦਰਬਾਰ ਵਿੱਚ ਕੀਰਤਨ ਕਰਨ ਵਾਲੇ ਉਹ ਰਾਗੀ ਜੋ ਭਾਈ ਮਰਦਾਨਾ ਰਬਾਬੀ ਦੀ ਵੰਸ਼ ਅਥਵਾ ਉਸ ਦੀ ਸੰਪ੍ਰਦਾਇ ਦੇ ਰਬਾਬ ਵਜਾ ਕੇ ਗੁਰਬਾਣੀ ਗਾਉਂਦੇ ਹਨ, ਰਬਾਬੀ ਕਹੇ ਜਾਂਦੇ ਹਨ। ਮਹਾਨ ਕੋਸ਼ ਵਿਚਲੀ ਜਾਣਕਾਰੀ ਅਨੁਸਾਰ, ਭਾਈ ਮਰਦਾਨਾ ਦੇਸ਼ ਦੇਸ਼ਾਂਤਰਾਂ ਵਿੱਚ ਗੁਰੂ ਨਾਨਕ ਦੇਵ ਦੀ ਸੇਵਾ ਵਿੱਚ ਹਾਜ਼ਰ ਰਹਿ ਕੇ ਕੀਰਤਨ ਕਰਦਾ ਰਿਹਾ ਤੇ ਉਨਾਂ ਦਾ ਦੇਹਾਂਤ 13 ਮੱਘਰ ਸੰਮਤ 1591 ਨੂੰ ਅਫ਼ਗਾਨਿਸਤਾਨ ਦੇ ਕੁਰੱਮ ਦਰਿਆ ਦੇ ਕਿਨਾਰੇ ਕੁਰੱਮ ਨਗਰ ਵਿੱਚ ਹੋਇਆ, ਜਿੱਥੇ ਗੁਰੂ ਨਾਨਕ ਦੇਵ ਨੇ ਉਨਾਂ ਦੀ ਦੇਹ ਦਾ ਆਪਣੇ ਹੱਥੀਂ ਸੰਸਕਾਰ ਕੀਤਾ। ਸਿੱਖ ਧਰਮ ਦੇ ਇਤਿਹਾਸਕਾਰਾਂ ਅਨੁਸਾਰ, ਡੂੰਮ ਜਾਤੀ ਵਿੱਚੋਂ ਸੱਤਾ-ਬਲਵੰਡ ਦੋ ਭਾਈ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਤੇ ਗੁਰੂ ਅਰਜਨ ਦੇਵ ਦੇ ਦਰਬਾਰ ਦੇ ਰਾਗੀ ਹੋਏ ਹਨ। ਇਨਾਂ ਬਾਰੇ ਭਾਈ ਕਾਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਜ਼ਿਕਰ ਕੀਤਾ ਹੈ ਕਿ "ਇੱਕ ਵਾਰ ਇਨਾਂ ਦੋਹਾਂ ਭਾਈਆਂ (ਸੱਤਾ-ਬਲਵੰਡ) ਨੂੰ ਲਾਲਚ ਤੇ ਅਭਿਮਾਨ ਨੇ ਅਜਿਹਾ ਘੇਰਿਆ ਕਿ ਗੁਰੂ ਦਰਬਾਰ ਵਿੱਚ ਕੀਰਤਨ ਕਰਨਾ ਛੱਡ ਦਿੱਤਾ। ਜਦੋਂ ਸਿੱਖਾਂ ਦੇ ਬੁਲਾਏ ਇਹ ਨਾ ਆਏ ਤਾਂ ਗੁਰੂ ਅਰਜਨ ਦੇਵ ਆਪ ਬੁਲਾਉਣ ਗਏ। ਇਸ 'ਤੇ ਉਨਾਂ ਨੇ ਪੰਜਵੇਂ ਗੁਰੂ ਦਾ ਸਿਰਫ਼ ਨਿਰਾਦਰ ਹੀ ਨਹੀਂ ਕੀਤਾ, ਸਗੋਂ ਗੁਰੂ ਨਾਨਕ ਦੇਵ ਦੀ ਨਿੰਦਾ ਵੀ ਕੀਤੀ, ਜਿਸ ਕਰਕੇ ਇਹ ਦੋਵੇਂ ਦਰਬਾਰੋਂ ਖਾਰਿਜ ਕਰ ਦਿੱਤੇ ਗਏ ਤੇ ਦੋਹਾਂ ਦੇ ਸਰੀਰ ਕੁਸ਼ਟੀ ਹੋ ਗਏ। ਅੰਤ ਪਰਉਪਕਾਰੀ ਭਾਈ ਲੱਧੇ ਨੇ ਉਨਾਂ ਨੂੰ ਬਖ਼ਸ਼ਵਾਇਆ।"

ਇਸੇ ਤਰਾਂ ਭਾਈ ਸਾਹਿਬ ਨੇ ਗੁਰੂ ਘਰ ਦੇ ਹੋਰ ਰਾਗੀਆਂ, ਰਬਾਬੀਆਂ ਭਾਈ ਬੂਲਾ, ਭਾਈ ਝਾਝ, ਭਾਈ ਕਿਦਾਰਾ, ਭਾਈ ਮੁਕੰਦਾ, ਭਾਈ ਬਾਬਕ, ਭਾਈ ਨੱਥਾ ਤੇ ਭਾਈ ਸੱਦੂ-ਮੱਦੂ ਬਾਰੇ ਜਾਣਕਾਰੀ ਦਿੱਤੀ ਹੈ, ਜੋ ਗੁਰੂ ਅਮਰਦਾਸ, ਗੁਰੂ ਅਰਜਨ ਦੇਵ, ਗੁਰੂ ਹਰਿਗੋਬਿੰਦ ਤੇ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕੀਰਤਨੀਏ ਸਨ।

# ਸ੍ਰੀ ਹਰਿਮੰਦਰ ਸਾਹਿਬ ਵਿੱਚ ਤਿੰਨ ਪੁਰਾਤਨ ਬੇਰੀਆਂ

**- ਬਿਕਰਮਜੀਤ ਸਿੰਘ**



ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਪਰਿਕਰਮਾ ਵਿੱਚ ਸੁਸ਼ੋਭਿਤ ਤਿੰਨ ਪੁਰਾਤਨ ਬੇਰੀਆਂ-ਦੁਖ ਭੰਜਨੀ ਬੇਰੀ, ਲਾਚੀ ਬੇਰੀ ਅਤੇ ਬੇਰ ਬੁੱਢਾ ਜੀ ਦਾ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਇਤਿਹਾਸਕ ਮਹੱਤਵ ਹੈ। ਇਨਾਂ ਬੇਰੀਆਂ ਨੂੰ ਸਿੱਖ ਗੁਰੂ ਸਾਹਿਬਾਨ ਅਤੇ ਗੁਰੂ ਘਰ ਦੇ ਅਨਿੰਨ ਸ਼ਰਧਾਲੂ ਸਿੱਖਾਂ ਦੀ ਛੋਹ ਪ੍ਰਾਪਤ ਹੋਣ ਦਾ ਮਾਣ ਹਾਸਲ ਹੈ। ਲਗਪਗ ਚਾਰ ਸੌ ਸਾਲ ਤੋਂ ਵੱਧ ਸਮੇਂ ਤੋਂ ਖੜੀਆਂ ਇਹ ਬੇਰੀਆਂ ਜਿੱਥੇ ਸਿੱਖ ਗੁਰੂ ਕਾਲ ਅਤੇ ਉਸ ਤੋਂ ਬਾਅਦ ਦੇ ਸਮੇਂ ਸਿੱਖਾਂ ਨਾਲ ਵਾਪਰੀਆਂ ਅਨੇਕਾਂ ਘਟਨਾਵਾਂ ਦੀ ਗਵਾਹੀ ਭਰਦੀਆਂ ਹਨ, ਉੱਥੇ ਹੀ ਇਨਾਂ ਬੇਰੀਆਂ ਦੀ ਹੋਂਦ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਦੇ ਕਈ ਪਹਿਲੂਆਂ ਨੂੰ ਜਨਮ ਦਿੱਤਾ ਹੈ। ਇਨਾਂ ਤਿੰਨਾਂ ਬੇਰੀਆਂ ਨੂੰ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ ਜੋ ਕਿ ਇਨਾਂ ਦੀ ਇਤਿਹਾਸਕ ਮਹੱਤਤਾ ਕਰਕੇ ਪੁਰਾਤਨ ਸਮੇਂ ਤੋਂ ਚੱਲਦੇ ਆ ਰਹੇ ਹਨ।

ਦੁਖ ਭੰਜਨੀ ਬੇਰੀ: ਇਤਿਹਾਸਕ ਸ੍ਰੋਤਾਂ ਅਨੁਸਾਰ ਇਸ ਬੇਰੀ ਥੱਲੇ ਇੱਕ ਛੋਟਾ ਜਿਹਾ ਪਾਣੀ ਦਾ ਟੋਭਾ ਹੁੰਦਾ ਸੀ। ਇਸ ਅਸਥਾਨ ਤੋਂ ਹੀ ਗੁਰੂ ਅਮਰਦਾਸ ਜੀ ਨੇ 'ਅੰਮ੍ਰਤੀ' ਨਾਂ ਦੀ ਬੂਟੀ ਲੱਭ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅੰਗੂਠੇ ਦੇ ਦਰਦ ਦਾ ਇਲਾਜ ਕੀਤਾ ਸੀ। ਇਹ ਅਸਥਾਨ ਹੁਣ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਸਰੋਵਰ ਦੇ ਚੜਦੇ ਪਾਸੇ ਭਾਵ ਪੂਰਬੀ ਬਾਹੀ ਵੱਲ ਸਥਿਤ ਹੈ। ਇੱਥੇ ਸੰਮਤ 1637 ਸੰਨ 1580 ਵਿੱਚ ਕਸਬਾ ਪੱਟੀ ਦੇ ਇੱਕ ਸ਼ਾਹੂਕਾਰ ਦੁਨੀ ਚੰਦ ਦੀ ਧੀ ਦਾ ਕੁਸ਼ਟੀ ਪਤੀ ਇਸ਼ਨਾਨ ਕਰ ਕੇ ਠੀਕ ਹੋ ਗਿਆ ਸੀ। ਇਸ ਤਹਿਤ ਗੁਰੂ ਰਾਮਦਾਸ ਜੀ ਨੇ ਇਸ ਟੋਭੇ ਦੇ ਕੰਢੇ ਉੱਗੀ ਬੇਰੀ ਨੂੰ 'ਦੁਖ ਭੰਜਨੀ ਬੇਰੀ' ਦਾ ਨਾਂ ਦੇ ਦਿੱਤਾ। ਉਸ ਸਮੇਂ ਚੌਥੇ ਗੁਰੂ ਰਾਮਦਾਸ ਜੀ ਸ੍ਰੀ ਅੰਮ੍ਰਿਤਸਰ ਵਿੱਚ 'ਸੰਤੋਖਸਰ' ਸਰੋਵਰ ਦੀ ਕਾਰ ਸੇਵਾ ਕਰਵਾ ਰਹੇ ਸਨ। ਉਨਾਂ ਨੇ ਇਸ ਟੋਭੇ ਵਾਲੀ ਥਾਂ ਤੋਂ ਹੀ ਅੰਮ੍ਰਿਤ-ਸਰੋਵਰ ਦਾ ਟੱਕ ਲਗਾਇਆ ਸੀ। ਇਸ ਅਸਥਾਨ 'ਤੇ ਖੱਬੇ ਹੱਥ ਦੱਖਣ ਵੱਲ ਇੱਕ ਥੜਾ ਹੈ ਜਿਸ ਉੱਪਰ ਪਹਿਲਾਂ ਗੁਰੂ ਰਾਮਦਾਸ ਜੀ ਅਤੇ ਬਾਅਦ ਵਿੱਚ ਪੰਜਵੇਂ ਗੁਰੂ ਅਰਜਨ ਦੇਵ ਜੀ ਬੈਠਦੇ ਸਨ।

ਇਤਿਹਾਸਕ ਸ੍ਰੋਤਾਂ ਅਨੁਸਾਰ ਭਾਈ ਜੱਸਾ ਸਿੰਘ ਗ੍ਰੰਥੀ ਅਤੇ ਭਾਗ ਸਿੰਘ ਮੁਤੱਸਦੀ ਨੇ ਥੜੇ ਉੱਪਰ ਇੱਕ ਬੁੰਗਾ ਬਣਵਾਇਆ, ਜਿਸ ਨੂੰ 1888 ਬਿ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਚਾਰ ਹਜ਼ਾਰ ਰੁਪਏ ਖ਼ਰਚ ਕੇ ਸੁਨਹਿਰੀ ਕਰਵਾਇਆ। ਇਸ ਬੁੰਗੇ ਦੀ ਇਮਾਰਤ ਪੁਰਾਣੀ ਅਤੇ ਖ਼ਸਤਾ ਹੋਣ ਕਰਕੇ 1962-63 ਈਸਵੀ ਵਿੱਚ ਢਾਹ ਕੇ ਉਸ ਦੀ ਥਾਂ ਨਵੀਂ ਸੰਗਮਰਮਰ ਦੀ ਇਮਾਰਤ ਬਣਾਈ ਗਈ, ਜਿਸ ਦਾ ਸਾਰਾ ਖ਼ਰਚਾ ਗੁਰੂ ਘਰ ਦੇ ਇੱਕ ਸੇਵਕ ਸ. ਮੇਹਰ ਸਿੰਘ (ਚੱਢਾ) ਪਰਿਵਾਰ ਬੰਬਈ ਵਾਲਿਆਂ ਨੇ ਕੀਤਾ। ਇਹ ਜਗਾ ਗੁਰਦੁਆਰਾ 'ਦੁਖ ਭੰਜਨੀ ਬੇਰੀ' ਕਰਕੇ ਪ੍ਰਸਿੱਧ ਹੈ। ਇੱਥੇ ਦੋ ਥਾਵਾਂ 'ਤੇ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਨਿਰੰਤਰ ਚੱਲਦੇ ਰਹਿੰਦੇ ਹਨ। ਵਰਤਮਾਨ ਸਮੇਂ ਇੱਥੇ ਦਰਸ਼ਨ-ਇਸ਼ਨਾਨ ਕਰਨ ਆਏ ਲੱਖਾਂ ਸ਼ਰਧਾਲੂ ਨਤਮਸਤਕ ਹੁੰਦੇ ਹਨ ਅਤੇ ਆਤਮਿਕ ਸ਼ਾਂਤੀ ਪ੍ਰਾਪਤ ਕਰਦੇ ਹਨ।

ਲਾਚੀ ਬੇਰੀ: ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ ਦੇ ਨਾਲ ਦੱਖਣ ਵਾਲੇ ਪਾਸੇ ਲਾਚੀ ਬੇਰੀ ਸਥਿਤ ਹੈ। ਇਸ ਬੇਰੀ ਨੂੰ ਇਲਾਇਚੀਆਂ ਵਰਗੇ ਬੇਰ ਲੱਗਦੇ ਸਨ, ਜਿਸ ਕਾਰਨ ਗੁਰੂ ਅਰਜਨ ਦੇਵ ਜੀ ਨੇ ਇਸ ਬੇਰੀ ਦਾ ਨਾਂ 'ਲਾਚੀ ਬੇਰੀ' ਰੱਖ ਦਿੱਤਾ। ਇਸ ਬੇਰੀ ਹੇਠਾਂ ਬੈਠ ਕੇ ਗੁਰੂ ਅਰਜਨ ਦੇਵ ਜੀ 'ਅੰਮ੍ਰਿਤ-ਸਰੋਵਰ ਦੀ ਕਾਰ-ਸੇਵਾ ਕਰਵਾਉਂਦੇ ਹੁੰਦੇ ਸਨ। ਇਸ ਤੋਂ ਇਲਾਵਾ ਗੁਰੂ ਘਰ ਦੇ ਪਰਮ ਸੇਵਕ ਭਾਈ ਸਾਲੋ ਜੀ ਵੀ ਇਸੇ ਅਸਥਾਨ 'ਤੇ ਬੈਠ ਕੇ ਕਾਰ-ਸੇਵਾ ਦੀ ਨਿਗਰਾਨੀ ਕਰਦੇ ਸਨ। ਸੰਮਤ 1797 (ਸੰਨ1740) ਵਿੱਚ ਮੱਸਾ ਰੰਗੜ ਜੋ ਕਿ ਮੁਗ਼ਲ ਹਾਕਮ ਸੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕਰ ਰਿਹਾ ਸੀ, ਦਾ ਸਿਰ ਵੱਢਣ ਆਏ ਦੋ ਸਿੱਖ ਸੂਰਮੇ ਭਾਈ ਮਹਿਤਾਬ ਸਿੰਘ ਮੀਰਾਂਕੋਟ ਅਤੇ ਭਾਈ ਸੁੱਖਾ ਸਿੰਘ ਮਾੜੀ ਕੰਬੋਕੇ ਨੇ ਬੀਕਾਨੇਰ ਤੋਂ ਆ ਕੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਜਾਣ ਤੋਂ ਪਹਿਲਾਂ ਆਪਣੇ ਘੋੜੇ ਇਸ ਬੇਰੀ ਨਾਲ ਬੰਨੇ ਸਨ ਅਤੇ ਮੱਸੇ ਦਾ ਸਿਰ ਵੱਢ ਕੇ ਲਿਆਉਣ ਤੋਂ ਬਾਅਦ ਇਸ ਅਸਥਾਨ ਤੋਂ ਆਪਣੇ ਘੋੜਿਆਂ ਉੱਤੇ ਸਵਾਰ ਹੋ ਕੇ ਵਾਪਸ ਹਰਨ ਹੋ ਗਏ ਸਨ। ਇਹ ਅਸਥਾਨ ਆਪਣੇ ਇਸ ਇਤਿਹਾਸ ਕਾਰਨ ਵੀ ਸਿੱਖ ਕੌਮ ਲਈ ਗੌਰਵ ਭਰਿਆ ਹੈ। ਇਸ ਨਾਲ ਧਾਰਮਿਕਤਾ ਅਤੇ ਸੂਰਬੀਰਤਾ ਦੋਵੇਂ ਜੁੜੀਆਂ ਹੋਈਆਂ ਹਨ। ਇਸ ਬੇਰੀ ਦੇ ਹੇਠਾਂ ਇੱਕ ਛੋਟਾ ਜਿਹਾ ਗੁਰਦੁਆਰਾ ਸੰਮਤ 1904 ਬਿ: ਵਿੱਚ ਸਰਦਾਰ ਹੀਰਾ ਸਿੰਘ ਪਸ਼ੌਰੀਏ ਨੇ ਤਿਆਰ ਕਰਵਾਇਆ ਸੀ ਜਿੱਥੇ ਹੁਣ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠਾਂ ਦੀ ਲੜੀ ਚੱਲਦੀ ਹੈ। ਪੁਰਾਤਨ ਸਮੇਂ ਇਸ ਦੇ ਪਿਛਲੇ ਪਾਸੇ ਇੱਕ ਪੌਣਾ ਸੀ ਪਰ ਬਾਅਦ ਵਿੱਚ ਇਹ ਜਗਾ ਸੰਗਤਾਂ ਦੀ ਸਹੂਲੀਅਤ ਲਈ ਸ੍ਰੀ ਹਰਿਮੰਦਰ ਸਾਹਿਬ ਦੇ ਪੁਲ ਨਾਲ ਮਿਲਾ ਦਿੱਤੀ ਗਈ।

ਬੇਰ ਬਾਬਾ ਬੁੱਢਾ ਜੀ: ਅੰਮ੍ਰਿਤ-ਸਰੋਵਰ ਦੀ ਉੱਤਰੀ ਬਾਹੀ ਦੀ ਪਰਿਕਰਮਾ ਵਿੱਚ ਬੇਰ ਬਾਬਾ ਬੁੱਢਾ ਜੀ ਸਥਿਤ ਹੈ, ਜੋ ਕਾਫ਼ੀ ਬਿਰਧ ਹੈ। ਇਸ ਬੇਰੀ ਹੇਠਾਂ ਬ੍ਰਹਮ ਗਿਆਨੀ ਤੇ ਹਰਿਮੰਦਰ ਸਾਹਿਬ ਦੇ ਪਹਿਲੇ ਹੈੱਡ-ਗ੍ਰੰਥੀ ਬਾਬਾ ਬੁੱਢਾ ਜੀ ਬਿਰਾਜਮਾਨ ਹੁੰਦੇ ਸਨ ਅਤੇ ਅੰਮ੍ਰਿਤ-ਸਰੋਵਰ ਦੀ ਕਾਰ ਸੇਵਾ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਸਾਰੇ ਪ੍ਰਬੰਧਾਂ ਦੀ ਨਿਗਰਾਨੀ ਕਰਦੇ ਸਨ। ਇਸ ਅਸਥਾਨ ਤੋਂ ਬਾਬਾ ਬੁੱਢਾ ਜੀ ਹਰ ਰੋਜ਼ ਸੰਗਤਾਂ ਨੂੰ ਕਹੀਆਂ-ਟੋਕਰੀਆਂ ਆਦਿ ਲੋੜੀਂਦਾ ਸਾਮਾਨ ਵੰਡਦੇ ਅਤੇ ਸ਼ਾਮ ਨੂੰ ਇਸੇ ਥਾਂ 'ਤੇ ਰਾਜ ਮਿਸਤਰੀਆਂ ਅਤੇ ਮਜ਼ਦੂਰਾਂ ਨੂੰ ਤਨਖ਼ਾਹਾਂ ਵੀ ਵੰਡਦੇ ਹੁੰਦੇ ਸਨ। ਚਾਰ ਸੌ ਸਾਲ ਤੋਂ ਵੱਧ ਸਮੇਂ ਤੋਂ ਖੜੀ ਇਸ ਬੇਰੀ ਨੂੰ ਲੋਹੇ ਦੇ ਗਾਡਰਾਂ ਦਾ ਆਸਰਾ ਦੇ ਕੇ ਅਤੇ ਮੁੱਢ ਦੇ ਚੁਫ਼ੇਰੇ ਸੁੰਦਰ ਚਿੱਟੇ ਸੰਗਮਰਮਰ ਦਾ ਥੜਾ ਬਣਾ ਕੇ, ਇਸ ਦੇ ਆਲ਼ੇ-ਦੁਆਲ਼ੇ ਜਾਲੀ ਲਗਾ ਕੇ, ਇਸ ਨੂੰ ਸੁਰੱਖਿਅਤ ਕੀਤਾ ਗਿਆ ਹੈ। ਹਰਿਮੰਦਰ ਸਾਹਿਬ ਦੀ ਪਰਿਕਰਮਾ ਕਰ ਰਿਹਾ ਹਰ ਸ਼ਰਧਾਲੂ ਇਸ ਬੇਰੀ ਪ੍ਰਤੀ ਆਪਣੀ ਸ਼ਰਧਾ ਭੇਟ ਕਰ ਕੇ ਅੱਗੇ ਲੰਘਦਾ ਹੈ।

ਵਰਤਮਾਨ ਸਮੇਂ ਇਨਾਂ ਬੇਰੀਆਂ ਦੀ ਸਾਂਭ-ਸੰਭਾਲ, ਕਾਂਟ-ਛਾਂਟ, ਖਾਦ ਆਦਿ ਪਾਉਣ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਕੋਲੋਂ ਕਰਵਾਇਆ ਜਾ ਰਿਹਾ ਹੈ ਤਾਂ ਕਿ ਇਹ ਇਤਿਹਾਸਕ ਬੇਰੀਆਂ ਮਹਿਫ਼ੂਜ਼ ਰਹਿ ਸਕਣ। ਇਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਇਨਾਂ ਬੇਰੀਆਂ 'ਤੇ ਵੱਡੀ ਗਿਣਤੀ ਵਿੱਚ ਮੁੜ ਬੇਰ ਲੱਗ ਰਹੇ ਹਨ। ਗੁਰੂ-ਕਾਲ ਤੋਂ ਲੈ ਕੇ ਹੁਣ ਤੱਕ ਇਨਾਂ ਬੇਰੀਆਂ ਦੀ ਸਾਂਭ-ਸੰਭਾਲ ਜਿੱਥੇ ਧਰਮ ਅਤੇ ਇਤਿਹਾਸ ਪ੍ਰਤੀ ਆਸਥਾ ਦਰਸਾਉਂਦੀ ਹੈ ਉੱਥੇ ਧਰਤੀ 'ਤੇ ਰਹਿਣ ਵਾਲੇ ਹਰ ਪ੍ਰਾਣੀ ਮਾਤਰ ਨੂੰ ਰੁੱਖਾਂ ਦੀ ਸਾਂਭ-ਸੰਭਾਲ ਪ੍ਰਤੀ ਸੁਚੇਤ ਕਰਨ ਦਾ ਅਮਲੀ ਕਾਰਜ ਅਤੇ ਸੰਦੇਸ਼ ਵੀ ਦਿੰਦੀ ਹੈ।







# Website Design & Development

- ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
- ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

## SERVICES

- ✓ WEB DEVELOPMENT
- ✓ WEB DESIGNING
- ✓ WEB RE-DESIGN
- ✓ LOGO DESIGN
- ✓ SEO SERVICES
- ✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com



ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

# ਪੰਜਾਬੀ ਢਾਬਾ

## Now Open

Indiana
1480 N State Road 1, Cambridge City, IN 47327. 70
Diesel/Gas
Exit 137

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet
over 100 gallons
open 6am to midnight

Phone: 765-478-6300



Star Alliance BROKERAGE



# Indianapolis, Indiana...
## ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ONE OF THE FASTEST GROWING CITY IN AMERICA AND BEST SCHOOL SYSTEM...



Manjit Singh Nagra

**Manjit Singh Nagra**
Realtor/Broker
Cell 317-750-1900

**Gurdeep (Garry) Chhokar**
Realtor/Broker
Cell 317-500-1247



Gurdeep (Garry) Chhokar

We do all type of Home and Commercial Loans, Same day loan approval...

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

6979 Hillsdale Court, Indianapolis, Indiana 46250




ਮਰਦਮਸ਼ੁਮਾਰੀ
CALIFORNIA
ALL
2020

# ਜਨਗਣਨਾ ਹੋਣ ਵਾਲੀ ਹੈ
# ਇਸ ਬਸੰਤ ਵਿੱਚ

ਇਹ ਸੂਚਿਤ ਕਰਨ ਵਿੱਚ ਮਦਦ ਕਰਨ ਲਈ ਅਸੀਂ
ਮਾਰਚ ਦੇ ਅੱਧ ਤੋਂ ਸ਼ੁਰੂ ਕਰਕੇ ਨੌਂ ਅਸਾਨ ਪ੍ਰਸ਼ਨਾਂ ਦੇ ਉੱਤਰ ਦੇ ਸਕਦੇ ਹਾਂ
ਕਿ ਅਗਲੇ 10 ਸਾਲਾਂ ਵਿਚ ਸਾਡੇ ਭਾਈਚਾਰਿਆਂ ਵਿਚ ਪੈਸਾ ਕਿਵੇਂ ਖਰਚਿਆ ਜਾਵੇਗਾ।
ਸਾਰੇ ਜਵਾਬ ਸੁਰੱਖਿਅਤ ਅਤੇ ਗੁਪਤ ਹਨ।

**CaliforniaCensus.org** 'ਤੇ ਹੋਰ ਜਾਣੋ

# 2020 ਦੀ ਮਰਦਮਸ਼ੁਮਾਰੀ ਸ਼ੁਰੂ



## ਇਹ 10 ਮਿੰਟਾਂ ਦਾ ਅਸਰ ਅਗਲੇ 10 ਸਾਲਾਂ ਉੱਪਰ ਪਵੇਗਾ

KERN COUNTS CENSUS 2020

Message sponsored by the Kern Complete Count Committee.

ਹਰ 10 ਸਾਲ ਬਾਦ ਅਮਰੀਕਾ ਦਾ ਮਰਦਮਸ਼ੁਮਾਰੀ ਵਿਭਾਗ ਉਹ ਹਰ ਇੱਕ ਵਿਅਕਤੀ ਦੀ ਗਿਣਤੀ ਕਰਦਾ ਹੈ ਜੋ ਅਮਰੀਕਾ ਦਾ ਵਸਨੀਕ ਹੈ। ਇਹ ਗਿਣਤੀ ਦਾ ਅਸਰ ਸਕੂਲ, ਸੜਕਾਂ, ਹਸਪਤਾਲ, ਬੱਚਿਆਂ ਦੀ ਦੇਖ ਭਾਲ਼ ਅਤੇ ਹੋਰ ਕਈ ਸਰਕਾਰੀ ਯੋਜਨਾਵਾਂ ਉੱਪਰ ਪੈਂਦਾ ਹੈ। ਮਰਦਮਸ਼ੁਮਾਰੀ ਦੀ ਗਿਣਤੀ ਰਾਹੀਂ ਅਮਰੀਕਾ ਦੀ ਸਰਕਾਰ ਆਪਣਾ ਨੁਮਾਇੰਦਾ ਵੀ ਚੁਣਦੀ ਹੈ। ਇਸ ਲਈ ਬਹੁਤ ਜ਼ਰੂਰੀ ਹੈ ਕਿ ਇਹ ਗਿਣਤੀ ਸਹੀ ਤਰੀਕੇ ਨਾਲ ਕੀਤੀ ਜਾਵੇ।

ਤੁਹਾਡੇ ਦਿੱਤੇ ਹੋਏ ਜਵਾਬ ਗੁਪਤ ਰੱਖੇ ਜਾਣਗੇ। ਮਰਦਮਸ਼ੁਮਾਰੀ ਵਿੱਚ ਤੁਹਾਡੇ ਦਿੱਤੇ ਹੋਏ ਜਵਾਬ ਤੁਹਾਡੇ ਖਿਲਾਫ਼ ਨਹੀਂ ਵਰਤੇ ਜਾਣਗੇ।

ਆਪਣਾ ਫ਼ਰਜ ਬਣਦਾ ਹੈ ਕਿ ਮਰਦਮਸ਼ੁਮਾਰੀ ਵਿੱਚ ਹਿੱਸਾ ਲਈਏ ਤਾਂ ਜੋ ਆਪਣੇ ਭਾਈਚਾਰੇ ਨੂੰ ਲੋੜੀਂਦੀਆਂ ਸਹੂਲਤਾਂ ਮਿਲ ਸਕਣ।

ਤੁਸੀਂ ਇਸ ਮਰਦਮਸ਼ੁਮਾਰੀ ਦੇ ਫ਼ਾਰਮ ਨੂੰ ਔਣਲਾਈਨ, ਫ਼ੋਨ ਜਾਂ ਫ਼ਿਰ ਡਾਕ ਦੇ ਰਾਹੀਂ ਭਰ ਸਕਦੇ ਹੋ।

ਹੋਰ ਜਾਣਕਾਰੀ ਲਈ: KernCounts.org

#KernCounts

# ਅੱਚਲ ਬਟਾਲਾ ਤੇ ਗੁਰੂ ਬਾਬਾ ਨਾਨਕ ਦੀ ਵਿਰਾਸਤ

**- ਡਾ. ਮਿਹਰਬਾਨ ਸਿੰਘ**



ਪੰਜਾਬ ਦੇ ਗੁਰਦਾਸਪੁਰ ਜ਼ਿਲੇ ਦੇ ਨਗਰ ਬਟਾਲਾ ਤੋਂ 6 ਕਿਲੋਮੀਟਰ ਦੂਰ ਜਲੰਧਰ ਆਉਂਦੀ ਸੜਕ ‘ਤੇ ਇਕ ਪਿੰਡ ਹੈ ਸਲੋਂ ਚਾਹਲ। ਉਥੇ ਇਕ ਪੁਰਾਤਨ ਸ਼ਿਵ ਮੰਦਰ ਹੈ ਅਚਲੇਸ਼ਵਰ ਧਾਮ। ਇਸ ਸਬੰਧੀ ਮਸ਼ਹੂਰ ਗਾਥਾ ਹੈ ਕਿ ਜਦੋਂ ਸ਼ੰਕਰ ਭਗਵਾਨ ਜੀ ਨੇ ਆਪਣੇ ਦੋਨਾਂ ਪੁਤਰਾਂ ਨੂੰ ਬੁਲਾ ਕੇ ਕਿਹਾ ਕਿ ਜਿਹੜਾ ਮਾਤਲੋਕ ਦੀ ਪਹਿਲਾਂ ਪ੍ਰਦੱਖਣਾ ਕਰ ਕੇ ਆਵੇਗਾ, ਉਸ ਨੂੰ ਰਾਜ ਤਿਲਕ ਦਿੱਤਾ ਜਾਵੇਗਾ। ਫਿਰ ਕਾਰਤਿਕ ਸਵਾਮੀ ਮਾਤਲੋਕ ਦੀ ਪ੍ਰਦਖਣਾ ਕਰਦੇ-ਕਰਦੇ ਅਚਲੇਸ਼ਵਰ ਤੀਰਥ ‘ਤੇ ਆਏ। ਇਤਨੀ ਦੇਰ ਨੂੰ ਨਾਰਦ ਜੀ ਆਏ ਤਾਂ ਕਾਰਤਿਕ ਜੀ ਨੇ ਨਾਰਦ ਨੂੰ ਕਿਹਾ, ਨਾਰਦ ਜੀ, ਕੈਲਾਸ਼ ਦਾ ਕੀ ਸਮਾਚਾਰ ਹੈ ਤਾਂ ਨਾਰਦ ਜੀ ਨੇ ਕਿਹਾ, ਮਹਾਰਾਜ ਰਾਜ ਤਿਲਕ ਤਾਂ ਗਣੇਸ਼ ਜੀ ਨੂੰ ਮਿਲ ਗਿਆ ਹੈ, ਤਾਂ ਕਾਰਤਿਕ ਜੀ ਨੇ ਕਿਹਾ ਕਿ ਮੈਂ ਅਚਲੇਸ਼ਵਰ ‘ਤੇ ਹੀ ਅਚੱਲ ਹੋ ਕੇ ਰਹਾਂਗਾ। ਨਾਰਦ ਜੀ ਨੇ ਕੈਲਾਸ਼ ਜਾ ਕੇ ਭਗਵਾਨ ਸ਼ੰਕਰ ਤੇ ਮਾਤਾ ਪਾਰਵਤੀ ਨੂੰ ਦੱਸਿਆ ਕਿ ਮਹਾਰਾਜਾ ਕਾਰਤਿਕ ਜੀ ਅਚਲੇਸ਼ਵਰ ‘ਤੇ ਨਾਰਾਜ਼ ਹੋ ਕੇ ਬੈਠ ਗਿਆ ਹੈ ਤੇ ਕਹਿੰਦਾ ਹੈ ਕਿ ਮੈਂ ਅਚਲੇਸ਼ਵਰ ‘ਤੇ ਹੀ ਅਚੱਲ ਹੋ ਕੇ ਰਹਾਂਗਾ। ਨਾਰਦ ਦੀ ਗੱਲ ਸੁਣ ਕੇ ਸ਼ੰਕਰ ਭਗਵਾਨ, ਮਾਤਾ ਪਾਰਵਤੀ ਅਤੇ 33 ਕਰੋੜ ਦੇਵਤੇ ਕਾਰਤਿਕ ਸਵਾਮੀ ਜੀ ਨੂੰ ਮਨਾਉਣ ਲਈ ਇਸ ਤੀਰਥ ਅਸਥਾਨ ‘ਤੇ ਆਏ।

ਪਰ ਕਾਰਤਿਕ ਜੀ ਨੇ ਕਿਹਾ ਕਿ ਮੈਂ ਅਚੱਲ ਹੋ ਕੇ ਰਹਾਂਗਾ। ਤਾਂ ਸ਼ੰਕਰ ਜੀ ਨੇ ਕਾਰਤਿਕ ਜੀ ਨੂੰ ਵਰ ਦਿੱਤਾ ਕਿ ਤੇਰੇ ਅਚਲੇਸ਼ਵਰ ਸਥਾਨ ‘ਤੇ ਨੌਵੀਂ ਦਸਵੀਂ ਪਰਵ ਮਨਾਇਆ ਜਾਵੇਗਾ, ਜਿਸ ਵਿੱਚ 33 ਕਰੋੜ ਦੇਵੀ ਦੇਵਤੇ ਹਾਜ਼ਰ ਹੋਣਗੇ, ਤੂੰ ਕਿਸੇ ਕੋਲ ਚੱਲ ਕੇ ਨਹੀਂ ਜਾਵੇਂਗਾ। ਉਦੋਂ ਤੋਂ ਦਿਵਾਲੀ ਤੋਂ 8 ਦਿਨ ਬਾਅਦ ਇਥੇ ਨੌਵੀਂ ਦਸਵੀਂ ਦਾ ਮੇਲਾ ਲੱਗਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸਥਾਨ ‘ਤੇ ਫੱਗਣ ਸੰਮਤ 1583 ਨੂੰ ਸ਼ਿਵਰਾਤਰੀ ਦੇ ਮੇਲੇ ‘ਤੇ ਜੋਗੀਆਂ ਨਾਲ ਸਿੱਧ ਗੋਸ਼ਟ ਦੀ ਚਰਚਾ ਕੀਤੀ। ਭਾਈ ਗੁਰਦਾਸ ਜੀ ਨੇ ਬਾਬਾ ਗੁਰੂ ਨਾਨਕ ਦੀ ਇਸ ਫੇਰੀ ਦਾ ਇਉਂ ਜ਼ਿਕਰ ਕੀਤਾ ਹੈ-

ਮੇਲਾ ਸੁਣਿ ਸਵਿਰਾਤਿ ਦਾ ਬਾਬਾ ਅਚਲ ਵਟਾਲੇ ਆਈ।

ਜੋਗੀਆਂ ਦੇ ਆਗੂ ਭੰਗਰ ਨਾਥ ਨਾਲ ਜੋ ਵਾਰਤਾਲਾਪ ਹੋਈ ਉਸ ਦਾ ਹਵਾਲਾ ਵੀ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿੱਚ ਇਸ ਤਰਾਂ ਕਰਦੇ ਹਨ,

ਜੋਗੀ ਭੰਗਰ ਨਾਥ ਨੇ ਗੁਰੂ ਜੀ ਨੂੰ ਪੁੱਛਿਆ-

ਭੇਖ ਉਤਾਰਿ ਉਦਾਸਿ ਦਾ ਵਤਿ<br>
ਕਿਉ ਸੰਸਾਰੀ ਰੀਤਿ ਚਲਾਈ।

ਤਾਂ ਗੁਰੂ ਨਾਨਕ ਦੇਵ ਜੀ ਨੇ ਆਖਿਆ-

ਹੋਇ ਅਤੀਤੁ ਗ੍ਰਿਹਸਤਿ ਤਜਿ<br>
ਫਿਰਿ ਉਨਹੁ ਕੇ ਘਰਿ ਮੰਗਣਿ ਜਾਈ।

ਇੱਥੇ ਹੀ ਬਾਬੇ ਨਾਨਕ ਨੇ ਸਿੱਧਾਂ-ਯੋਗੀਆਂ ਦੀਆਂ ਕਰਾਮਾਤਾਂ ਅਤੇ ਕਰਮ ਕਾਂਡ ਦਾ ਖੰਡਨ ਕੀਤਾ ਅਤੇ ਸਮਝਾਇਆ ਕਿ ਗ੍ਰਹਿਸਤ ਤਿਆਗ ਕੇ ਉਪਰਾਮਤਾ ਵਾਲਾ ਜੀਵਨ ਜਿਉਣ ਦਾ ਕੋਈ ਫਾਇਦਾ ਨਹੀਂ। ਇਤਿਹਾਸਕਾਰਾਂ ਅਨੁਸਾਰ ਗੁਰੂ ਨਾਨਕ ਦੇਵ ਜੀ 1526 ਈਸਵੀ ਨੂੰ ਇੱਥੇ ਮੇਲੇ ਵਿੱਚ ਆਏ ਸਨ ਅਤੇ ਯੋਗੀਆਂ ਨਾਲ ਗੋਸ਼ਟੀ ਕਰਕੇ ਉਨਾਂ ਦੇ ਭੁਲੇਖੇ ਦੂਰ ਕੀਤੇ ਸਨ। ਜਦੋਂ ਗੁਰੂ ਸਾਹਿਬ ਕਾਰਿਤਕ ਰਿਸ਼ੀ ਦੇ ਮੰਦਰ ਵਿੱਚ ਲਗਦੇ ਸ਼ਿਵਰਾਤਰੀ ਦੇ ਮੇਲੇ ਵਿੱਚ ਆਏ ਤਾਂ ਲੋਕਾਂ ਵਿੱਚ ਉਨਾਂ ਪ੍ਰਤੀ ਬਹੁਤ ਖਿੱਚ ਸੀ ਅਤੇ ਵੱਡੀ ਗਿਣਤੀ ਵਿੱਚ ਲੋਕ ਉਨਾਂ ਦੇ ਪ੍ਰਵਚਨ ਸੁਣਨ ਆਏ ਤੇ ਯੋਗੀਆਂ ਵਾਲੇ ਪਾਸੇ ਭੀੜ ਬਹੁਤ ਘੱਟ ਹੋ ਗਈ, ਜਿਸ ਕਰ ਕੇ ਯੋਗੀ ਗੁਰੂ ਜੀ ਨਾਲ ਈਰਖਾ ਕਰਨ ਲੱਗ ਪਏ। ਗੁਰੂ ਸਾਹਿਬ ਜਿੱਥੇ ਬੈਠੇ ਸਨ, ਉੱਥੇ ਨੇੜੇ ਹੀ ਰਾਸਧਾਰੀਏ ਰਾਸ ਪਾ ਰਹੇ ਸਨ, ਜਿਨਾਂ ਪੈਸੇ ਇਕੱਠੇ ਕਰਨ ਲਈ ਉੱਥੇ ਇੱਕ ਲੋਟਾ ਰੱਖਿਆ ਹੋਇਆ ਸੀ, ਜੋ ਯੋਗੀਆਂ ਨੇ ਆਪਣੀ ਕਰਾਮਾਤੀ ਸ਼ਕਤੀ ਨਾਲ ਲੁਕਾ ਦਿੱਤਾ। ਗੁਰੂ ਸਾਹਿਬ ਰਾਸਧਾਰੀਆਂ ਦਾ ਇਹ ਨਿਰਾਦਰ ਸਹਿਣ ਨਾ ਕਰ ਸਕੇ ਅਤੇ ਉਨਾਂ ਰਾਸਧਾਰੀਆਂ ਨੂੰ ਉਨਾਂ ਦਾ ਲੋਟਾ ਲੱਭ ਕੇ ਵਾਪਸ ਦੇ ਦਿੱਤਾ, ਜਿਸ ਤੋਂ ਬਾਅਦ ਯੋਗੀਆਂ ਦੇ ਮਨਾਂ ਵਿੱਚ ਗੁਰੂ ਜੀ ਪ੍ਰਤੀ ਈਰਖਾ ਹੋਰ ਵਧ ਗਈ ਅਤੇ ਉਹ ਗੁਰੂ ਜੀ ਨਾਲ ਬਹਿਸ ਕਰਨ ਲੱਗ ਪਏ। ਗੁਰੂ ਜੀ ਨੇ ਯੋਗੀਆਂ ਨੂੰ ਸਮਝਾਇਆ ਕਿ ਪ੍ਰਮਾਤਮਾ ਦੇ ਸੇਵਕ ਨੂੰ ਆਪਣੇ ਹੰਕਾਰ, ਖੁਦਗਰਜ਼ੀ ਅਤੇ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਕਦੇ ਕਰਾਮਾਤ ਨਹੀਂ ਵਿਖਾਉਣੀ ਚਾਹੀਦੀ। ਯੋਗੀਆਂ ਨੂੰ ਭਰੋਸਾ ਹੋ ਗਿਆ ਕਿ ਗੁਰੂ ਜੀ ਨੂੰ ਵਿਚਾਰ-ਗੋਸ਼ਟੀ ਵਿੱਚ ਹਰਾਉਣਾ ਸੰਭਵ ਨਹੀਂ। ਇਸ ਤਰਾਂ ਗੁਰੂ ਜੀ ਨੇ ਅੰਮ੍ਰਿਤ ਬਚਨਾਂ ਨਾਲ ਯੋਗੀਆਂ ਦੇ ਤਪਦੇ ਹਿਰਦਿਆਂ ਨੂੰ ਸ਼ਾਂਤ ਕੀਤਾ, ਭੁੱਲੇ-ਭਟਕਿਆਂ ਨੂੰ ਸਿੱਧੇ ਰਾਹੇ ਪਾ ਕੇ ਇੱਕ ਪ੍ਰਮਾਤਮਾ ਨਾਲ ਜੋੜਿਆ। ਮੌਖਿਕ ਪ੍ਰੰਪਰਾ ਅਨੁਸਾਰ ਉਸੇ ਸਮੇਂ ਗੁਰੂ ਜੀ ਨੇ ਖੁਸ਼ੀ ਵਿੱਚ ਆ ਕੇ ਇੱਥੇ ਕਿੱਕਰ ਦੀ ਦਾਤਣ ਲਾ ਦਿੱਤੀ ਤਾਂ ਸੰਗਤ ਨੇ ਬੇਨਤੀ ਕੀਤੀ ਕਿ ਗੁਰੂ ਜੀ ਇਹ ਤਾਂ ਕੰਡਿਆਂ ਵਾਲਾ ਰੁੱਖ ਲੱਗ ਗਿਆ ਹੈ, ਇੱਥੇ ਤਾਂ ਕੋਈ ਫਲ਼ ਵਾਲਾ ਰੁੱਖ ਚਾਹੀਦਾ ਹੈ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਅਕਾਲ ਪੁਰਖ ਦਾ ਭਾਣਾ ਸੀ ਉਹ ਹੋ ਗਿਆ ਹੈ ਅਤੇ ਹੁਣ ਇਸ ਕਿੱਕਰ ਤੋਂ ਬੇਰੀ ਬਣੇਗੀ ਅਤੇ ਉਸ ਨੂੰ 12 ਮਹੀਨੇ ਬੇਰ ਲੱਗਿਆ ਕਰਨਗੇ। ਅੱਜ ਵੀ ਇਹ ਪੁਰਾਤਨ ਬੇਰੀ ਗੁਰਦੁਆਰਾ ਸਾਹਿਬ ਦੀ ਪਰਿਕ੍ਰਮਾ ਵਿੱਚ ਸਥਿਰ ਹੈ।

ਇਹ ਅਸਥਾਨ ਛੇਵੀਂ ਪਾਤਸ਼ਾਹੀ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਚਰਨ ਛੋਹ ਪ੍ਰਾਪਤ ਵੀ ਹੈ। ਜਦ ਉਹ ਵੈਸਾਖ 1625 ਈ. ਨੂੰ ਨਗਰ ਬਟਾਲਾ ਵਿਖੇ ਆਪਣੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਵਿਆਹੁਣ ਆਏ ਤਾਂ ਇਥੇ ਆਏ ਸਨ ਤਾਂ ਉਨਾਂ ਅੱਠ ਭੁਜੀ ਵੀ ਬਣਵਾਈ ਜੋ ਹੁਣ ਗੁਰਦੁਆਰੇ ਸਾਹਿਬ ਦੇ ਪ੍ਰਵੇਸ਼ ਦੁਆਰ ਦੇ ਸਾਹਮਣੇ ਬਾਹਰਲੇ ਪਾਸੇ ਮੌਜੂਦ ਹੈ। ਬਾਬਾ ਗੁਰੂ ਨਾਨਕ ਜੀ ਦੇ ਮੇਲੇ ‘ਤੇ ਆਉਣ ਮਗਰੋਂ ਅੱਜ ਵੀ ਉਨਾਂ ਦੀ ਯਾਦ ਵਿਚ ਕੱਤਕ ਮੱਸਿਆ ਤੋਂ ਨੌਵੀਂ-ਦਸਵੀਂ ਨੂੰ ਭਾਰੀ ਜੋੜ ਮੇਲਾ ਲੱਗਦਾ ਹੈ ਤੇ ਸੰਗਤਾਂ ਗੁਰਦੁਆਰਾ ਅਚੱਲ ਸਾਹਿਬ ਤੇ ਅਚਲੇਸ਼ਵਰ ਧਾਮ ਦੇ ਦਰਸ਼ਨ ਕਰਦੀਆਂ ਹਨ।

# ਆਜ਼ਾਦੀ ਸੰਘਰਸ਼ ਵਿੱਚ ਬੀਬੀ ਗੁਲਾਬ ਕੌਰ ਦੀ ਭੂਮਿਕਾ

**- ਉਜਾਗਰ ਸਿੰਘ**

ਆਜ਼ਾਦੀ ਦੇ ਸੰਗਰਾਮ ਵਿੱਚ ਇਸਤਰੀਆਂ ਦਾ ਵਿਲੱਖਣ ਯੋਗਦਾਨ ਰਿਹਾ ਹੈ। ਇਨਾਂ ਇਸਤਰੀਆਂ ਵਿੱਚ ਬੀਬੀ ਗੁਲਾਬ ਕੌਰ ਬਖ਼ਸ਼ੀਵਾਲਾ ਦਾ ਨਾਂ ਵਰਨਣਯੋਗ ਹੈ। ਗ਼ਦਰ ਲਹਿਰ ਵਿੱਚ ਬੀਬੀ ਗੁਲਾਬ ਕੌਰ ਬਖ਼ਸ਼ੀਵਾਲਾ ਦਾ ਨਾਂ ਸੁਨਹਿਰੀ ਅੱਖ਼ਰਾਂ ਵਿੱਚ ਲਿਖਿਆ ਹੋਇਆ ਹੈ। ਉਨਾਂ ਦਾ ਜਨਮ ਸੰਗਰੂਰ ਜ਼ਿਲੇ ਦੇ ਪਿੰਡ ਬਖ਼ਸ਼ੀਵਾਲਾ ਵਿਖੇ 1890 ਦੇ ਨੇੜੇ ਗ਼ਰੀਬ ਕਿਸਾਨ ਦੇ ਘਰ ਹੋਇਆ ਦੱਸਿਆ ਜਾਂਦਾ ਹੈ। ਉਨਾਂ ਦੇ ਜਨਮ ਦੀ ਅਸਲੀ ਤਾਰੀਕ ਬਾਰੇ ਸਹੀ ਜਾਣਕਾਰੀ ਉਪਲਬਧ ਨਹੀਂ। ਬੀਬੀ ਗੁਲਾਬ ਕੌਰ ਦੇ ਮਾਤਾ ਪਿਤਾ ਦੇ ਨਾਂ ਦਾ ਵੀ ਸਹੀ ਪਤਾ ਨਹੀਂ ਕਿਉਂਕਿ ਉਨਾਂ ਨੇ ਮਾਪਿਆਂ ਨੂੰ ਪੁਲੀਸ ਵੱਲੋਂ ਤੰਗ ਕਰਨ ਦੇ ਖ਼ਦਸ਼ੇ ਕਰਕੇ ਸਹੀ ਜਾਣਕਾਰੀ ਨਹੀਂ ਸੀ ਦਿੱਤੀ।

ਉਨਾਂ ਦਾ ਪੇਕਾ ਪਰਿਵਾਰ ਧਾਰਮਿਕ ਵਿਚਾਰਾਂ ਦਾ ਸੀ। ਬੀਬੀ ਗੁਲਾਬ ਕੌਰ ਨੂੰ ਪੰਜਾਬੀ ਪੜਨ ਅਤੇ ਸਿਖਣ ਲਈ ਪਿੰਡ ਦੇ ਡੇਰੇ ਦੇ ਮਹੰਤ ਕੋਲ ਲਾਇਆ ਗਿਆ ਜਿੱਥੋਂ ਉਨਾਂ ਨੇ ਪੰਜਾਬੀ ਲਿਖਣੀ ਤੇ ਪੜਨੀ ਸਿੱਖ ਲਈ। ਉਨਾਂ ਦਾ ਵਿਆਹ ਜਖੇਪਲ ਪਿੰਡ ਦੇ ਮਾਨ ਸਿੰਘ ਨਾਲ ਹੋਇਆ। ਪਤੀ ਦੇ ਨਾਂ ਬਾਰੇ ਵੀ ਵਖਰੇਵਾਂ ਹੈ, ਕਈ ਵਿਦਵਾਨ ਬਚਿੱਤਰ ਸਿੰਘ ਅਤੇ ਕਈ ਵਿਸਾਖਾ ਲਿਖਦੇ ਹਨ। ਜ਼ਮੀਨ ਥੋੜੀ ਹੋਣ ਕਰਕੇ ਘਰ ਦਾ ਗੁਜ਼ਾਰਾ ਮੁਸ਼ਕਲ ਨਾਲ ਹੋ ਰਿਹਾ ਸੀ। ਇਸ ਕਰਕੇ ਉਨਾਂ ਨੇ ਜ਼ਮੀਨ ਵੇਚ ਕੇ ਅਮਰੀਕਾ ਜਾਣ ਦਾ ਫ਼ੈਸਲਾ ਕਰ ਲਿਆ। ਉਹ ਦੋਵੇਂ ਪਤੀ-ਪਤਨੀ ਫਿਲਪੀਨ ਦੀ ਰਾਜਧਾਨੀ ਮਨੀਲਾ ਪਹੁੰਚ ਗਏ। ਫਿਲਪੀਨ ਦੇ ਕਾਨੂੰਨ ਅਨੁਸਾਰ ਜੇ ਕੋਈ ਵਿਦੇਸ਼ੀ ਉੱਥੇ ਛੇ ਮਹੀਨੇ ਰਹਿੰਦਾ ਸੀ ਤਾਂ ਉਸ ਨੂੰ ਉੱਥੋਂ ਦੀ ਨਾਗਰਿਕਤਾ ਮਿਲ ਜਾਂਦੀ ਸੀ। ਇਸ ਆਸ ਨਾਲ ਉਹ ਉੱਥੇ ਰਹਿ ਰਹੇ ਹੋਰ ਭਾਰਤੀਆਂ ਨਾਲ ਰਹਿਣ ਲੱਗੇ। ਉਨਾਂ ਨਾਲ ਪਿੰਡ ਦੌਲੇ ਸਿੰਘ ਵਾਲਾ ਦਾ ਜੀਵਨ ਸਿੰਘ ਵੀ ਮਨੀਲਾ ਵਿੱਚ ਰਹਿ ਰਿਹਾ ਸੀ।

ਉੱਧਰ, ਕੈਨੇਡਾ ਵਿੱਚ ਗ਼ਦਰ ਲਹਿਰ ਦਾ ਮੁੱਢ ਬੱਝ ਚੁੱਕਾ ਸੀ। ਗ਼ਦਰੀਆਂ ਨੇ ਭਾਰਤ ਵਾਪਸ ਜਾਣ ਦਾ ਫ਼ੈਸਲਾ ਕਰ ਲਿਆ। ਸਨਫਰਾਂਸਿਸਕੋ ਤੋਂ ਐਸ.ਐਸ. ਕੋਰੀਆ ਨਾਂ ਦਾ ਸਮੁੰਦਰੀ ਜਹਾਜ਼ 29 ਅਗਸਤ 1914 ਨੂੰ 70 ਗ਼ਦਰੀਆਂ ਨੂੰ ਲੈ ਕੇ ਚੱਲ ਪਿਆ। ਉਹ ਜਹਾਜ਼ ਫਿਲਪੀਨ ਦੀ ਰਾਜਧਾਨੀ ਮਨੀਲਾ ਰੁਕ ਗਿਆ। ਮਨੀਲਾ ਵਿਖੇ ਗੁਰਦੁਆਰਾ ਸਾਹਿਬ ਵਿੱਚ ਗ਼ਦਰੀਆਂ ਦੀ ਇੱਕ ਮੀਟਿੰਗ ਹੋਈ ਜਿਸ ਵਿੱਚ ਫ਼ੈਸਲਾ ਕੀਤਾ ਗਿਆ ਸਾਰੇ ਭਾਰਤੀ ਆਜ਼ਾਦੀ ਦੀ ਲੜਾਈ ਵਿੱਚ ਹਿੱਸਾ ਲੈਣ ਲਈ ਵਾਪਸ ਭਾਰਤ ਪਰਤਣਗੇ। ਇਸ ਮੀਟਿੰਗ ਵਿੱਚ ਬੀਬੀ ਗੁਲਾਬ ਕੌਰ ਤੇ ਉਨਾਂ ਦੇ ਪਤੀ ਤੋਂ ਇਲਾਵਾ ਮਨੀਲਾ ਫਸੇ ਹੋਏ ਹੋਰ ਵਿਅਕਤੀ ਵੀ ਸ਼ਾਮਲ ਹੋਏ। ਉਨਾਂ ਸਭ ਨੇ ਵਾਪਸ ਜਾਣ ਦੇ ਫ਼ੈਸਲੇ ਨੂੰ ਪ੍ਰਵਾਨਗੀ ਦੇ ਦਿੱਤੀ ਅਤੇ ਜਹਾਜ਼ ਚੜਨ ਲਈ ਆਪਣੇ ਨਾਂ ਲਿਖਵਾ ਦਿੱਤੇ। ਅਗਲੇ ਦਿਨ ਜਹਾਜ਼ ਚੜਨ ਸਮੇਂ ਉਨਾਂ ਦੇ ਪਤੀ ਮਾਨ ਸਿੰਘ ਦਾ ਮਨ ਬਦਲ ਗਿਆ। ਉਸ ਨੇ ਵਾਪਸ ਭਾਰਤ ਜਾਣ ਤੋਂ ਜਵਾਬ ਦੇ ਦਿੱਤਾ, ਪਰ ਬੀਬੀ ਗੁਲਾਬ ਕੌਰ ਪਤੀ ਦੇ ਰੋਕਣ ਦੇ ਬਾਵਜੂਦ ਵਾਪਸ ਜਹਾਜ਼ ਵਿੱਚ ਸਵਾਰ ਹੋ ਗਈ। ਜਹਾਜ਼ ‘ਚ 179 ਸਵਾਰੀਆਂ ਵਿੱਚ ਇੱਕੋ ਇੱਕ ਇਸਤਰੀ ਬੀਬੀ ਗੁਲਾਬ ਕੌਰ ਸੀ। ਜਹਾਜ਼ ਵਿੱਚ ਹੋਣ ਵਾਲੀ ਬਹਿਸ ਵਿੱਚ ਵੀ ਉਹ ਹਿੱਸਾ ਲੈਂਦੀ ਰਹੀ। ਹਾਂਗਕਾਂਗ ਵਿਖੇ ਜਹਾਜ਼ ਦੀ ਤਲਾਸ਼ੀ ਹੋਈ ਤੇ ਸਾਰੀਆਂ ਸਵਾਰੀਆਂ ਗੁਰਦੁਆਰਾ ਸਾਹਿਬ ਵਿੱਚ ਚਲੀਆਂ ਗਈਆਂ। ਉੱਥੇ ਬੀਬੀ ਗੁਲਾਬ ਕੌਰ ਨੇ ਦੇਸ਼ ਦੀ ਆਜ਼ਾਦੀ ਸਬੰਧੀ ਜ਼ੋਸ਼ੀਲਾ ਭਾਸ਼ਣ ਦਿੱਤਾ। ਇਸ ਤੋਂ ਇਲਾਵਾ ਸਿੰਘਾਪੁਰ, ਪੀਨਾਂਗ, ਰੰਗੂਨ ਵਿਖੇ ਉਨਾਂ ਭਾਸ਼ਣ ਦਿੱਤੇ ਅਤੇ ਦੇਸ਼ ਭਗਤੀ ਦੀਆਂ ਕਵਿਤਾਵਾਂ ਪੜੀਆਂ।



28 ਅਕਤੂਬਰ 1914 ਨੂੰ ਜਹਾਜ਼ ਕਲਕੱਤੇ ਪਹੁੰਚ ਗਿਆ। ਪੁਲੀਸ ਗੁਲਾਬ ਕੌਰ ਨੂੰ ਰੇਲ ਗੱਡੀ ਰਾਹੀਂ ਪੰਜਾਬ ਛੱਡ ਗਈ। ਉਹ ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਕੋਟਲਾ ਨੌਧ ਸਿੰਘ ਵਿਖੇ ਗ਼ਦਰੀ ਅਮਰ ਸਿੰਘ ਕੋਲ ਰਹੀ। ਕਰਤਾਰ ਸਿੰਘ ਸਰਾਭਾ ਉਨਾਂ ਨੂੰ ਅੰਮ੍ਰਿਤਸਰ ਵਿਖੇ ਸੰਤ ਗੁਲਾਬ ਸਿੰਘ ਦੇ ਡੇਰੇ ਛੱਡ ਆਇਆ। ਅੰਮ੍ਰਿਤਸਰ ਅਤੇ ਲਾਹੌਰ ਵਿਖੇ ਗ਼ਦਰੀਆਂ ਦੇ ਦਫ਼ਤਰ ਦੀ ਬੀਬੀ ਗੁਲਾਬ ਕੌਰ ਇੰਚਾਰਜ ਰਹੀ। ਕੋਈ ਗ਼ਦਰੀ ਸਭ ਤੋਂ ਪਹਿਲਾਂ ਬੀਬੀ ਗੁਲਾਬ ਕੌਰ ਨੂੰ ਮਿਲਦਾ ਸੀ, ਜੇ ਬੀਬੀ ਨੂੰ ਤਸੱਲੀ ਹੋ ਜਾਂਦੀ ਸੀ ਤਾਂ ਹੀ ਉਸ ਨੂੰ ਗ਼ਦਰੀ ਸਰਗਰਮੀਆਂ ਵਿੱਚ ਸ਼ਾਮਲ ਕੀਤਾ ਜਾਂਦਾ ਸੀ। ਗ਼ਦਰੀਆਂ ਦੇ ਦਫ਼ਤਰਾਂ ਅਤੇ ਗੁਪਤ ਟਿਕਾਣਿਆਂ ਦੀ ਪੂਰੀ ਜਾਣਕਾਰੀ ਸਿਰਫ਼ ਬੀਬੀ ਗੁਲਾਬ ਕੌਰ ਕੋਲ ਹੀ ਹੁੰਦੀ ਸੀ। ਇੱਥੇ ਹੀ ਬੀਬੀ ਧਿਆਨ ਸਿੰਘ ਚੁੱਘਾ ਨੂੰ ਮਿਲੀ। ਗ਼ਦਰੀ ਕਾਰਵਾਈਆਂ ਲਈ ਕਮਰਿਆਂ ਦੀ ਲੋੜ ਸੀ, ਅਣਵਿਆਹਿਆਂ ਨੂੰ ਕਿਰਾਏ ‘ਤੇ ਕਮਰੇ ਨਹੀਂ ਸਨ ਦਿੱਤੇ ਜਾਂਦੇ। ਕਰਤਾਰ ਸਿੰਘ ਸਰਾਭਾ ਨੇ ਉਨਾਂ ਨੂੰ ਅਤੇ ਜੀਵਨ ਸਿੰਘ ਨਾਲ ਫ਼ਰਜ਼ੀ ਵਿਆਹੁਤਾ ਦਿਖਾ ਕੇ ਮੂਲ ਚੰਦ ਸਰਾਏ ਲਾਹੌਰ ਵਿੱਚ ਕਮਰਾ ਲੈ ਕੇ ਦਿੱਤਾ। ਇਸ ਕਮਰੇ ਵਿੱਚੋਂ ਹੀ ਗ਼ਦਰੀ ਸਾਹਿਤ ਪ੍ਰਕਾਸ਼ਿਤ ਕੀਤਾ ਜਾਂਦਾ ਸੀ। ਜਦੋਂ ਇੱਕ ਹੋਰ ਕਮਰੇ ਦੀ ਲੋੜ ਪਈ ਤਾਂ ਇੰਦਰ ਸਿੰਘ ਭਸੀਨ ਦੀ ਫ਼ਰਜ਼ੀ ਪਤਨੀ ਬਣ ਕੇ ਬੀਬੀ ਗੁਲਾਬ ਕੌਰ ਨੇ ਮੋਚੀ ਗੇਟ ਲਾਹੌਰ ਵਿਖੇ ਕਮਰਾ ਕਿਰਾਏ ‘ਤੇ ਲੈ ਲਿਆ। ਉਹ ਆਪ ਕਪੜੇ ਸਿਊਣ ਵਾਲੀ ਮਸ਼ੀਨ ਚਲਾ ਕੇ ਗ਼ਦਰੀ ਝੰਡੇ ਬਣਾਉਂਦੀ ਰਹੀ। ਬੀਬੀ ਗੁਲਾਬ ਕੌਰ ਵੱਖ ਵੱਖ ਭੇਸਾਂ ਵਿੱਚ ਗ਼ਦਰੀਆਂ ਦੇ ਸੁਨੇਹੇ, ਅਸਲਾ ਅਤੇ ਸਾਹਿਤ ਰੇਲ ਗੱਡੀ, ਬੱਸਾਂ ਅਤੇ ਪੈਦਲ ਚਲਕੇ ਪਹੁੰਚਾਉਂਦੀ ਰਹੀ। ਜਦੋਂ ਪੁਲੀਸ ਨੂੰ ਸ਼ੱਕ ਹੋ ਗਿਆ ਤਾਂ ਉਹ ਰੂਪੋਸ਼ ਹੋ ਗਈ। ਕਰਤਾਰ ਸਿੰਘ ਸਰਾਭੇ ਦੀ ਗ੍ਰਿਫ਼ਤਾਰੀ ਦੀ ਖ਼ਬਰ ਦੇਣ ਲਈ ਉਹ ਭੇਸ ਬਦਲ ਕੇ ਅੰਗਰੇਜ਼ਾਂ ਦੇ ਪਿਠੂ ਸੁਖਦੇਵ ਸਿੰਘ ਸੋਢੀ ਦੇ ਘਰ ਉਸ ਦੀ ਲੜਕੀ ਬੀਰੀ ਨੂੰ ਦੱਸਣ ਲਈ ਪਹੁੰਚ ਗਈ। ਅਖ਼ੀਰ ਬੇਲਾ ਸਿੰਘ ਜਿਉਣ ਦੀ ਮੁਖ਼ਬਰੀ ਕਰਕੇ ਉਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨਾਂ ਨੂੰ ਅਨੇਕਾਂ ਤਸੀਹੇ ਦਿੱਤੇ ਗਏ ਪਰ ਉਨਾਂ ਕੋਈ ਵੀ ਜ਼ੁਰਮ ਕਬੂਲ ਨਾ ਕੀਤਾ ਅਤੇ ਨਾ ਹੀ ਕੋਈ ਗੁਪਤ ਜਾਣਕਾਰੀ ਪੁਲੀਸ ਨੂੰ ਦੱਸੀ। 1931 ਵਿੱਚ ਜਦੋਂ ਸਰਕਾਰ ਕੋਈ ਸਬੂਤ ਪੇਸ਼ ਨਾ ਕਰ ਸਕੀ ਤਾਂ ਉਨਾਂ ਨੂੰ ਰਿਹਾਅ ਕਰ ਦਿੱਤਾ ਗਿਆ। ਰਿਹਾਅ ਹੋਣ ਤੋਂ ਬਾਅਦ ਉਹ ਅਮਰ ਸਿੰਘ ਦੇ ਚੁਬਾਰੇ ਵਿੱਚ ਕੋਟ ਨੌਧ ਸਿੰਘ ਵਿਖੇ ਹੀ ਰਹੀ। ਉੱਥੇ ਹੀ 1941 ਵਿੱਚ ਬੀਬੀ ਗੁਲਾਬ ਕੌਰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਈ।

# ਪੰਜਾਬ ਵਿੱਚ ਪਰਵਾਸੀ, ਪੰਜਾਬ ਵਾਸੀ ਅਤੇ ਕਰੌਨਾ ਵਾਇਰਸ

- ਪ੍ਰੋ ਸ਼ਿੰਗਾਰਾ ਸਿੰਘ ਢਿੱਲੋਂ

ਨਵਾਂਸ਼ਹਿਰ ਦੇ ਪਿੰਡ ਪਠਲਾਵੇ ਦੇ ਪਰਵਾਸੀ ਬਲਦੇਵ ਸਿੰਘ ਦੀ ਕਰੌਨਾ ਦੀ ਬੀਮਾਰੀ ਨਾਲ ਹੋਈ ਮੌਤ ਕਾਰਨ, ਉਸ ਇਲਾਕੇ ਵਿੱਚ ਜਿੱਥੇ ਕਰੌਨਾ ਦੀ ਬੀਮਾਰੀ ਨੂੰ ਲੈ ਕੇ ਘਰ ਘਰ ਚ ਡਰ ਤੇ ਸਹਿਮ ਦਾ ਮਾਹੌਲ ਬਣਿਆਂ ਹੋਇਆ ਹੈ, ਉੱਥੇ ਪਰਵਾਸੀਆਂ ਦੇ ਬਾਰੇ ਵੀ ਲੋਕਾਂ ਅਤੇ ਸਰਕਾਰ ਦਾ ਬਦਲਿਆ ਹੋਇਆ ਨਜ਼ਰੀਆ ਸਾਹਮਣੇ ਆ ਰਿਹਾ ਹੈ। ਲੋਕ ਪਰਵਾਸੀਆਂ ਨੂੰ ਗਾਲੀ ਗਲੋਚ ਹੋ ਰਹੇ ਹਨ, ਸ਼ੋਸ਼ਲ ਮੀਡੀਏ ਉੱਤੇ ਪਰਵਾਸੀਆਂ ਵਾਸਤੇ ਇਖਲਾਖੋਂ ਗਿਰੀ ਭਾਸ਼ਾ ਵਰਤੀ ਜਾ ਰਹੀ ਹੈ ਤੇ ਦੂਜੇ ਪਾਸੇ ਪੰਜਾਬ ਤੇ ਭਾਰਤ ਸਰਕਾਰ ਉਹਨਾਂ 90 ਹਜ਼ਾਰ ਪਰਵਾਸੀਆਂ ਦੀ ਲਿਸਟ ਜਾਰੀ ਕਰ ਰਹੀ ਹੈ, ਜੋ ਪਿਛਲੇ ਕੁਝ ਸਮੇਂ ਦੌਰਾਨ ਭਾਰਤ ਤੇ ਪੰਜਾਬ ਵਿੱਚ ਪਹੁੰਚੇ। ਪੰਜਾਬ ਵਿਚ ਪਹੁੰਚੇ ਪਰਵਾਸੀਆਂ ਨੂੰ ਪੁਲਿਸ ਦੁਆਰਾ ਲੱਭਿਆ ਜਾ ਰਿਹਾ ਹੈ ਤੇ ਕਈਆ ਨੂੰ ਤਾਂ ਜ਼ਬਰਦਸਤੀ ਚੁੱਕ ਕੇ ਆਈਸੋਲੇਸ਼ਨ ਸੈਂਟਰਾਂ ਵਿਚ ਭਰਤੀ ਵੀ ਕਰ ਦਿੱਤਾ ਗਿਆ ਹੈ।

ਇਸ ਵਿੱਚ ਕੋਈ ਦੂਸਰੀ ਰਾਇ ਨਹੀਂ ਕਿ ਕਰੌਨਾ ਦਾ ਕਹਿਰ ਹੁਣ ਵਿਸ਼ਵ ਵਿਆਪੀ ਹੈ, ਸਮੁੱਚਾ ਵਿਸ਼ਵ ਇਸ ਦੀ ਮਾਰ ਹੇਠ ਹੈ, ਬਹੁਤ ਵੱਡਾ ਜਾਨੀ ਨੁਕਸਾਨ ਹੁਣ ਤੱਕ ਹੋ ਚੁੱਕਾ ਹੈ ਤੇ ਅਜੇ ਆਉਣ ਵਾਲੇ ਸਮੇਂ ਚ ਹੋਰ ਕਿੰਨਾ ਕੁ ਹੋਣਾ ਹੈ, ਇਸ ਬਾਰੇ ਕਿਸੇ ਵੀ ਤਰਾਂ ਦਾ ਕੋਈ ਅੰਦਾਜ਼ਾ ਲਗਾਉਣਾ ਸਮੇਂ ਤੋਂ ਪਹਿਲਾਂ ਦੀ ਗੱਲ ਹੈ। ਮੁਲਕਾਂ ਦੀਆ ਸਰਕਾਰਾਂ ਆਪੋ ਆਪਣੇ ਪੱਧਰ 'ਤੇ ਇਸ ਬੀਮਾਰੀ ਦੀ ਰੋਕਥਾਮ ਵਾਸਤੇ ਪੂਰੀ ਤਰਾਂ ਯਤਨਸ਼ੀਲ ਹਨ।

ਜਿਵੇਂ ਕਿ ਪਹਿਲਾ ਹੀ ਜ਼ਿਕਰ ਕਰ ਦਿੱਤਾ ਗਿਆ ਹੈ ਕਿ ਇਹ ਇਕ ਵਿਸ਼ਵ ਵਿਆਪੀ ਮਹਾਂਮਾਰੀ ਹੈ, ਕੀਹਨੇ ਕਿਸ ਸਮੇਂ ਇਸ ਬੀਮਾਰੀ ਦੀ ਲਪੇਟ ਚ ਆ ਜਾਣਾ ਹੈ, ਇਸ ਬਾਰੇ ਕਿਸੇ ਨੂੰ ਵੀ ਕੋਈ ਪਤਾ ਨਹੀਂ ਤੇ ਇਹੀ ਇਕ ਕਾਰਨ ਹੈ ਕਿ ਸਰਕਾਰਾਂ ਲੋਕਾਂ ਨੂੰ ਘਰਾਂ ਅੰਦਰ ਹੀ ਰਹਿਣ ਵਾਸਤੇ ਪ੍ਰੇਰਿਤ ਕਰ ਕਰ ਰਹੀਆਂ ਹਨ। ਦੁਨੀਆ ਦੇ ਵੱਖ ਵੱਖ ਮੁਲਕਾਂ ਵਿੱਚ ਦੂਸਰੇ ਦੇਸ਼ਾਂ ਦੇ ਸ਼ਹਿਰੀ ਵਸਦੇ ਵੀ ਹਨ ਤੇ ਜਾਂਦੇ ਆਉਂਦੇ ਵੀ ਰਹਿੰਦੇ ਹਨ, ਪਰ ਜਦੋਂ ਤੋਂ ਇਹ ਸਮੱਸਿਆ ਵਾਇਰੈਲ ਹੋਈ ਹੈ, ਉਦੋਂ ਤੋਂ ਲੈ ਕੇ ਹੁਣ ਤੱਕ ਇਸ ਦੀ ਰੋਕਥਾਮ ਕਰਨ ਤੋਂ ਬਿਨਾਂ, ਸਿਵਾਏ ਭਾਰਤ ਅਤੇ ਪੰਜਾਬ ਤੋਂ ਕਿਸੇ ਵੀ ਦੂਸਰੇ ਦੇਸ਼ ਨੇ, ਇਸ ਸਮੱਸਿਆ ਵਾਸਤੇ ਇਕ ਦੂਸਰੇ ਦੇਸ਼ ਦੇ ਪਰਵਾਸੀਆਂ ਨੂੰ ਨਾ ਹੀ ਦੋਸ਼ੀ ਠਹਿਰਾਇਆ ਹੈ ਤੇ ਇਸ ਸੰਬੰਧੀ ਕੋਈ ਦੂਸ਼ਣਬਾਜੀ ਕੀਤੀ ਹੈ।

ਪੰਜਾਬ ਨੇ ਤਾਂ ਇਸ ਮਾਮਲੇ ਚ ਹੱਦ ਹੀ ਕਰ ਦਿੱਤੀ। ਇਕ ਪਾਸੇ ਸਾਰਾ ਪੰਜਾਬ ਪਰਵਾਸੀ ਹੋਣ ਵਾਸਤੇ ਪੱਬਾਂ-ਭਾਰ ਹੈ ਤੇ ਦੂਸਰੇ ਪਾਸੇ ਪਰਵਾਸੀ ਪੰਜਾਬੀਆਂ ਨੂੰ ਗਾਲੀ ਗਲੋਚ ਕੀਤੀ ਜਾ ਰਹੀ ਹੈ।

ਬਲਦੇਵ ਸਿੰਘ ਦੀ ਜਾਨ ਚਲੀ ਗਈ, ਪਰ ਦੱਸੋ ਉਹ ਕਿਹੜਾ ਹੈ ਜਿਸ ਦਾ ਬੀਮਾਰੀ ਨਾਲ ਮਰਨ ਨੂੰ ਦਿਲ ਕਰਦਾ ਹੈ! ਜੇਕਰ ਮਰਨ ਵਾਲੇ ਨੂੰ ਇਹ ਪੱਕਾ ਹੋਵੇ ਕਿ ਉਸ ਨੂੰ ਕੋਈ ਬੀਮਾਰੀ ਹੈ ਤਾਂ ਉਹ ਇਲਾਜ ਵਾਸਤੇ ਯਤਨ ਕਰੇਗਾ ਤੇ ਜੇਕਰ ਇਹ ਵੀ ਪਤਾ ਹੋਵੇ ਕਿ ਕਿਸੇ ਛੂਆ ਛੂਤ ਦੀ ਬੀਮਾਰੀ ਨਾਲ ਉਸ ਦੀ ਆਪਣੀ ਤੇ ਆਸ ਪਾਸ ਦੇ ਲੋਕਾਂ ਦੀ ਜਾਨ ਨੂੰ ਵੀ ਖਤਰਾ ਹੈ ਤਾਂ ਮੈਂ ਨਹੀਂ ਸਮਝਦਾ ਕਿ ਪੀੜਤ ਵਿਅਕਤੀ ਸਾਵਧਾਨੀ ਨਹੀਂ ਵਰਤੇਗਾ। ਹਾਂ! ਜੋ ਕਰੌਨਾ ਨਾਮ ਦੀ ਮਹਾਂਮਾਰੀ ਅੱਜ ਕੱਲ ਚੱਲ ਰਹੀ ਹੈ, ਇਕ ਵਾਰ ਕਿਸੇ ਨੂੰ ਲੱਗਣ ਤੋਂ ਬਾਦ ਇਸਦੇ ਤੱਤਫਟ ਲੱਛਣ ਸਾਹਮਣੇ ਹੀ ਨਹੀਂ ਆਉਂਦੇ। ਇਸ ਬਿਮਾਰੀ ਦੇ ਲੱਛਣ ਕੋਈ ਹਫ਼ਤੇ ਦਸ ਦਿਨਾਂ ਬਾਦ ਹੀ ਪਤਾ ਲੱਗਦੇ ਹਨ ਤੇ ਜਦ ਤੱਕ ਇਹ ਬੀਮਾਰੀ ਪੀੜਤ ਨੂੰ ਵੀ ਪੂਰੀ ਤਰਾਂ ਜਕੜ ਲੈਂਦੀ ਹੈ ਤੇ ਉਸ ਤੋਂ ਅਗੇ ਉਸ ਦੇ ਸੰਪਰਕ ਵਿੱਚ ਆਉਣ ਵਾਲੇ ਹੋਰ ਬਹੁਤ ਸਾਰੇ ਲੋਕਾਂ ਤੱਕ ਵੀ ਫੈਲ ਚੁੱਕੀ ਹੁੰਦੀ ਹੈ। ਏਹੀ ਕਾਰਨ ਹੈ ਕਿ ਹਰ ਵਿਅਕਤੀ ਨੂੰ ਇਕ ਦੂਸਰੇ ਤੋਂ ਦੋ ਮੀਟਰ ਦੀ ਦੂਰੀ ਰੱਖਣ ਦੀ ਅਪੀਲ ਕੀਤੀ ਜਾ ਰਹੀ ਤੇ ਘਰਾਂ ਚ ਬੰਦ ਰਹਿਣ ਵਾਸਤੇ ਪ੍ਰੇਰਿਆ ਜਾ ਰਿਹਾ ਹੈ।

ਪਰਵਾਸੀਆਂ ਨੇ ਅੱਜ ਤੱਕ ਆਪਣੀ ਮਾਤ ਭੂਮੀ ਤੋਂ ਦੂਰ ਵਸਦਿਆਂ ਜਿੱਥੇ ਪਰਵਾਸੀ ਹੋਣ ਦਾ ਵਿਗੋਚਾ ਤੇ ਸੰਤਾਪ ਹੰਢਾਇਆ ਹੈ, ਉੱਥੇ ਆਪਣੀ ਜ਼ਿੰਦਗੀ ਨੂੰ ਲੀਹੇ ਪਾਉਣ ਦੇ ਨਾਲ ਪੰਜਾਬ ਵਿੱਚ ਬੈਠੇ ਆਪਣੇ ਸਕੇ ਸੰਬੰਧੀਆਂ ਦੀ ਉਂਗਲ ਵੀ ਫੜੀ ਹੈ, ਉਹਨਾਂ ਨੂੰ ਹਮੇਸ਼ਾ ਸਹਾਰਾ ਦਿੱਤਾ ਹੈ, ਪੰਜਾਬ ਦਾ ਭਲਾ ਲੋੜਿਆ ਹੈ ਤੇ ਹਰ ਪੱਖੋਂ ਪੰਜਾਬ ਦੀ ਤਰੱਕੀ ਵਿੱਚ ਹਿੱਸਾ ਪਾਇਆ ਹੈ, ਪਰ ਅੱਜ ਪੰਜਾਬ ਗਏ ਪਰਵਾਸੀਆਂ ਦੀ ਉੱਥੋਂ ਦੀ ਸਰਕਾਰ ਤੇ ਲੋਕਾਂ ਦੁਆਰਾ ਜੋ ਦੁਰਦਸ਼ਾ ਤੇ ਗਤ ਕੀਤੀ ਜਾ ਰਹੀ ਹੈ, ਉਹ ਜਿੱਥੇ ਪੰਜਾਬ ਵਾਸੀਆਂ ਵਾਸਤੇ ਬਹੁਤ ਹੀ ਸ਼ਰਮ ਤੇ ਨਮੋਸ਼ੀ ਵਾਲੀ ਗੱਲ ਹੈ ਉੱਥੇ ਪੰਜਾਬੀਆਂ ਦੀ ਇਸ ਅਤਿ ਦੀ ਘਟੀਆ ਹਰਕਤ ਨਾਲ ਪੂਰੇ ਸੰਸਾਰ ਵਿੱਚ ਇਸ ਵੇਲੇ ਵਸ ਵਿਚਰ ਰਹੇ ਕਰੀਬ 50 ਕੁ ਲੱਖ ਪਰਵਾਸੀ ਪੰਜਾਬੀ ਵੀ ਬਹੁਤ ਦੁਖੀ ਹੋਏ ਹਨ, ਉਹਨਾਂ ਦੇ ਮਨ ਨੀ ਭਾਰੀ ਠੇਸ ਪਹੁੰਚੀ ਹੈ ਜਿਸ ਦਾ ਅਸਰ ਭਵਿੱਖ ਚ ਪੰਜਾਬ ਦੀ ਆਰਥਿਕਤਾ ਉੱਤੇ ਵੀ ਤੇ ਆਈਲਟਾਂ ਕਰਕੇ ਵਿਦੇਸ਼ ਜਾਣ ਵਾਲਿਆਂ 'ਤੇ ਵੀ ਪੈ ਸਕਦਾ ਹੈ। ਇਸ ਸੰਬੰਧੀ ਪੰਜਾਬ ਦੀ ਐਨ ਆਰ ਆਈ ਸਭਾ ਵੀ ਸਵਾਲਾਂ ਦੇ ਘੇਰੇ ਚ ਆਏਗੀ ਜਿਸ ਦੀ ਪ੍ਰਧਾਨਗੀ ਹਥਿਆਉਣ ਵਾਸਤੇ ਨਿੱਤ ਹੀ ਕੁਕੜਖੋਹੀ ਚਲਦੀ ਰਹਿੰਦੀ ਹੈ ਕੇ ਸਵਾਲ ਪੰਜਾਬ ਦੇ ਐਨ ਆਰ ਆਈ ਮਾਮਲਿਆਂ ਦੇ ਮੰਤਰੀ ਅਤੇ ਕਮਿਸ਼ਨ ਉੱਤੇ ਵੀ ਚੁੱਕੇ ਜਾਣਗੇ। ਇਸ ਦੇ ਨਾਲ ਹੀ ਪੰਜਾਬ ਸਰਕਾਰ ਦੀਆ ਉਹਨਾ ਅਪੀਲਾਂ ਉੱਤੇ ਕਿ, ਪਰਵਾਸੀ ਵੱਧ ਤੋਂ ਵੱਧ ਪੰਜਾਬ ਵਿੱਚ ਨਿਵੇਸ਼ ਕਰਨ, ਉਹਨਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦਿੱਤੀਆਂ ਜਾਣਗੀਆਂ, 'ਤੇ ਵੀ ਸਵਾਲੀਆ ਚਿੰਨ ਲੱਗ ਗਿਆ ਹੈ।

ਵਰਲਡ ਬੈਂਕ ਵੱਲੋਂ ਜਾਰੀ ਕੀਤੀ ਗਈ ਇਕ ਰਿਪੋਰਟ ਅਨੁਸਾਰ ਵਿਦੇਸ਼ੀਂ ਜਾ ਕੇ ਕੰਮ ਕਰਨ ਵਾਲਿਆਂ 'ਚੋਂ ਸਭ ਤੋਂ ਵੱਧ ਪੈਸਾ ਭਾਰਤੀ ਮੂਲ ਦੇ ਲੋਕਾਂ ਨੇ ਆਪਣੇ ਦੇਸ਼ ਵਿੱਚ ਭੇਜਿਆ। ਅੰਕੜਿਆਂ ਮੁਤਾਬਿਕ 2009 ਵਿੱਚ ਪਰਵਾਸੀ ਭਾਰਤੀਆ ਨੇ 49.6 ਬਿਲੀਅਨ ਡਾਲਰ ਭੇਜੇ ਜਦ ਕਿ 2010 ਵਿੱਚ ਉਕਤ ਅੰਕੜਾ 55 ਬਿਲੀਅਨ ਡਾਲਰ ਨੂੰ ਪਾਰ ਕਰ ਗਿਆ ਤੇ ਉਸ ਤੋਂ ਬਾਦ ਗ੍ਰਾਫ ਲਗਾਤਾਰ ਉੱਪਰ ਹੀ ਗਿਆ ਹੈ ਜੋ 2019 ਤੱਕ 100 ਬਿੱਲੀਆਂ ਡਾਲਰ ਤੋਂ ਉੱਪਰ ਟੱਪ ਚੁੱਕਾ ਹੈ। ਮੈਕਸੀਕੋ ਤੋਂ ਬਾਅਦ ਭਾਰਤ ਦੁਨੀਆ ਚ ਦੂਜੇ ਨੰਬਰ 'ਤੇ ਹੈ ਜਿਸ ਦੇ ਵਾਸੀ ਆਪਣੇ ਮੁਲਕ ਤੋਂ ਬਾਹਰ ਜਾ ਕੇ ਸਭ ਤੋਂ ਵੱਧ ਗਿਣਤੀ ਵਿੱਚ ਕੰਮ ਕਰਦੇ ਹਨ ਤੇ ਆਪਣੀ ਰੋਜੀ ਰੋਟੀ ਕਮਾਉਂਦੇ ਹਨ।

ਇਸ ਵੇਲੇ ਕੁਲ 2.7 ਕਰੋੜ ਭਾਰਤੀ ਦੁਨੀਆ ਦੇ ਲਗਭਗ 160 ਦੇਸ਼ਾਂ ਵਿੱਚ ਵੱਸ ਵਿਚਰ ਰਹੇ ਹਨ, ਜਿਹਨਾ ਵਿੱਚੋਂ ਪੰਜਾਬੀਆਂ ਦੀ ਸੰਖਿਆ ਤਕਰੀਬਨ 50 ਕੁ ਲੱਖ ਹੈ। ਜੇਕਰ ਦੇਖਿਆ ਜਾਵੇ ਤਾਂ ਇਹ ਪਰਵਾਸੀ ਹੀ ਹਨ ਜਿਹਨਾ ਨੇ ਭਾਰਤ ਨੂੰ ਵਿਦੇਸ਼ੀ ਕਰੰਸੀ ਦੇ ਮਾਮਲੇ ਵਿੱਚ ਦੁਨੀਆ ਵਿੱਚ ਪਹਿਲੇ ਨੰਬਰ 'ਤੇ ਲਿਆਂਦਾ ਜਦ ਇਸ ਮਾਮਲੇ ਚ ਚੀਨ ਸਭ ਤੋਂ ਅੱਗੇ ਸੀ ਜੋ ਇਸ ਵੇਲੇ ਦੂਸਰੇ ਨੰਬਰ 'ਤੇ ਹੈ। ਹੁਣ ਗੱਲ ਕਰਦੇ ਹਾ ਪਰਵਾਸੀ ਪੰਜਾਬੀਆਂ ਦੀ ਜਿਹਨਾ ਨੂੰ ਅੱਜ ਛੁੱਟੀ ਕੱਟਣ ਗਿਆ ਨੂੰ ਪੰਜਾਬ ਵਿੱਚ ਖ਼ਤਰਨਾਕ ਮੁਜਰਮ ਸਮਝਿਆਂ ਜਾ ਰਿਹਾ ਹੈ ਤੇ ਚੋਰ ਡਾਕੂ ਸਮਝ ਕੇ ਟੋਲਿਆ ਭਾਲਿਆਂ ਜਾ ਰਿਹਾ ਹੈ। ਪਰਵਾਸੀਆਂ ਨੇ ਹਮੇਸ਼ਾ ਹੀ ਪੰਜਾਬ ਦੇ ਵਿਕਾਸ ਵਿੱਚ ਵੱਧ ਚੜਕੇ ਯੋਗਦਾਨ ਪਾਇਆ ਹੈ। ਉਹਨਾ ਨੇ ਆਪਣੇ ਦਸਾਂ ਨਹੁਆ ਦੀ ਕਿਰਤ ਵਿੱਚੋਂ ਦਸਵੰਦ ਕੱਢਕੇ ਹਮੇਸ਼ਾ ਹੀ ਪੰਜਾਬ ਦੇ ਭਲੇ ਹਿਤ ਲਾਈ ਹੈ। ਆਪਣੇ ਸਕੇ ਸੰਬੰਧੀਆਂ ਨੂੰ ਆਰਥਿਕ ਮੱਦਦ ਦਿੱਤੀ, ਸਮਾਜਿਕ, ਧਾਰਮਿਕ, ਖੇਡ ਤੇ ਸੱਭਿਆਚਾਰਕ ਕਾਰਜਾਂ ਉੱਤੇ ਖੁੱਲਾ ਖਰਚ ਕਰਨ ਦੇ ਨਾਲ ਨਾਲ ਹੀ ਸਿਹਤ ਸੰਬੰਧੀ ਸਹੂਲਤਾਂ ਦੇ ਸੁਧਾਰ ਵਿੱਚ ਵੀ ਦਿਲ ਖੋਹਲ ਕੇ ਮੱਦਦ ਕੀਤੀ। ਟੂਰਨਾਮੈਂਟਾਂ, ਸੱਭਿਆਚਾਰਕ ਮੇਲਿਆ, ਅੱਖਾਂ ਤੇ ਕੈਂਸਰ ਦੇ ਇਲਾਜ ਵਾਸਤੇ ਕੈਂਪਾਂ ਦੇ ਨਿਰੰਤਰ ਆਯੋਜਿਨਾਂ ਦੇ ਨਾਲ ਨਾਲ ਹੀ ਚੈਰਿਟੀ ਹਸਪਤਾਲਾਂ ਤੇ ਸੰਕਟ-ਕਾਲੀਨ ਸੇਵਾਵਾਂ ਵਿਚ ਵੱਡਾ ਯੋਗਦਾਨ ਪਾਇਆ।

ਪਿੰਡਾਂ ਦੀ ਹਾਲਤ ਸੁਧਾਰਨ ਵਾਸਤੇ, ਗੰਦੇ ਪਾਣੀ ਦੇ ਨਿਕਾਸ ਤੇ ਸਾਫ ਪਾਣੀ ਦੀ ਸਪਲਾਈ ਤੋਂ ਲੈ ਕੇ ਗੁਰਦੁਆਰਿਆ, ਸ਼ਮਸ਼ਾਨ ਘਾਟਾਂ, ਜੰਞਘਰਾਂ ਅਤੇ ਗਲ਼ੀਆਂ ਨਾਲੀਆਂ ਪੱਕੀਆਂ ਕਰਨ ਕਰਾਉਣ ਵਿੱਚ ਵੱਧ ਚੜਕੇ ਮੱਦਦ ਕੀਤੀ, ਸਰਕਾਰੀ ਸਕੂਲਾਂ ਦੀ ਹਾਲਤ ਨੂੰ ਸੁਧਾਰਨ ਤੇ ਖੇਡ ਅਕਾਦਮੀਆਂ ਸਮੇਤ ਨਵੇਂ ਵਿੱਦਿਅਕ ਅਦਾਰੇ ਤੇ ਨੌਜਵਾਨ ਕਲੱਬਾਂ ਬਣਾ ਕੇ ਨੌਜਵਾਨਾਂ ਨੂੰ ਨਸ਼ਿਆ ਵੱਲੋਂ ਮੋੜਕੇ ਚੰਗੀ ਦਿਸ਼ਾ ਦਿੱਤੀ। ਪਰਵਾਸੀਆਂ ਅੰਦਰ ਪੰਜਾਬ ਦਾ ਦਰਦ ਹੈ, ਉਹ ਪੰਜਾਬ ਵਿੱਚ ਨਸ਼ਿਆ ਅਤੇ ਬੀਮਾਰੀਆਂ ਦੀ ਮਹਾਮਾਰੀ ਤੋਂ ਦੁਖੀ ਹਨ ਤੇ ਇਹਨਾ ਦੋਵੇਂ ਅਲਾਮਤਾਂ ਦੀ ਰੋਕਥਾਮ ਵਾਸਤੇ ਹਮੇਸ਼ਾ ਹੀ ਯਤਨਸ਼ੀਲ ਰਹੇ ਹਨ। ਪਿੰਡ ਪਿੰਡ ਬਿਰਧ ਆਸ਼ਰਮ ਤੇ ਵਿਰਾਸਤੀ ਪਾਰਕਾਂ ਦੀ ਉਸਾਰੀ ਵੀ ਕਰਵਾ ਰਹੇ ਹਨ।

ਪਰਵਾਸੀ ਭਾਰਤੀ ਸਭਾ ਦੇ ਮੈਂਬਰ ਸਤਨਾਮ ਸਿੰਘ ਚਾਨਾ ਦੁਆਰਾ ਕੀਤੇ ਗਏ ਇਕ ਸਰਵੇ ਮੁਤਾਬਿਕ ਸੰਨ 2002 ਵਿੱਚ ਪੰਜਾਬ ਦੇ 477 ਪਿੰਡਾਂ ਦੇ ਵਿਕਾਸ ਵਿਚ ਪਰਵਾਸੀ ਪੰਜਾਬੀਆਂ ਨੇ 200 ਕਰੋੜ ਰੁਪਇਆ ਪੇਂਡੂ ਵਿਕਾਸ ਕਾਰਜਾਂ ਉੱਤੇ ਖ਼ਰਚਿਆ, ਜਿਸ ਦਾ ਸਿੱਧਾ ਅਰਥ ਬਣਦਾ ਹੈ ਕਿ ਔਸਤਨ ਇਕ ਪਿੰਡ ਦੇ ਵਿਕਾਸ ਵਿੱਚ ਸਿੱਧੇ ਤੌਰ 'ਤੇ 40 ਲੱਖ ਰੁਪਏ ਦਾ ਯੋਗਦਾਨ। ਉਕਤ ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਉਸ ਸਾਲ ਪੰਜਾਬ ਦੇ ਇਕੱਲੇ ਦੁਆਬਾ ਰੀਜਨ ਵਿੱਚ ਹੀ ਪਰਵਾਸੀ ਪੰਜਾਬੀਆਂ ਨੇ 1600 ਕਰੋੜ ਰੁਪਏ ਵਿਕਾਸ ਕਾਰਜਾਂ ਉੱਤੇ ਖ਼ਰਚੇ ਸਨ ਜਿਹਨਾ ਵਿੱਚੋਂ ਔੜ ਬਲਾਕ ਨਾਲ ਸੰਬੰਧਿਤ 74 ਪਿੰਡਾਂ ਦੇ ਵਿਕਾਸ ਵਿੱਚ ਸਭ ਤੋਂ ਵੱਧ 84 ਕਰੋੜ ਰੁਪਏ ਖ਼ਰਚੇ ਗਏ ਸਨ।

ਇਹ ਪਰਵਾਸੀਆਂ ਦੀ ਮਿਹਰਬਾਨੀ ਸਦਕਾ ਹੀ ਹੈ ਕਿ ਅੱਜ ਪੰਜਾਬ ਦੇ ਦਿਆਲਪੁਰ, ਜਿਆਣ, ਮੁਕੰਦਪੁਰ, ਹਕੀਮਪੁਰ, ਮੁੱਲਾਂਪੁਰ, ਨੌਰੰਗਾਬਾਦ, ਲਿੱਧੜ ਕਲਾਂ, ਸਰੀਂਹ, ਸ਼ੰਕਰ, ਲਿੱਤਰਾਂ, ਪਾਸਲਾ ਤੇ ਬਿਲਗਾ ਆਦਿ ਪਿੰਡ ਪੰਜਾਬ ਦੇ ਹੀ ਨਹੀਂ ਬਲਕਿ ਪੂਰੇ ਭਾਰਤ ਦੇ ਮਾਡਲ ਪਿੰਡ ਹੋਣ ਦਾ ਮਾਣ ਪ੍ਰਾਪਤ ਕਰ ਚੁੱਕੇ ਹਨ।

ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿੱਚ ਪਰਵਾਸੀਆਂ ਦੀ ਕਿਰਪਾ ਨਾਲ ਆਹਲਾ ਦਰਜੇ ਦੇ ਹਸਪਤਾਲ, ਡਿਸਪੈਂਸਰੀਆਂ ਤੇ ਵਿੱਦਿਅਕ ਅਦਾਰੇ ਚੱਲ ਰਹੇ ਹਨ, ਜਿਹਨਾ ਵਿੱਚੋਂ ਪਿੰਡ ਬਿਲਗਾ ਦਾ ਚੈਰੀਟੇਬਲ ਹਸਪਤਾਲ, ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ, ਅਮਰਦੀਪ ਸ਼ੇਰਗਿੱਲ ਮੈਮੋਰੀਅਲ ਕਾਲੇਜ (ਇਸ ਵੇਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਸੈਮੀ ਕੈਂਪ ਬਣ ਚੁੱਕਾ ਹੈ), ਮੁਕੰਦਪੁਰ, ਸੰਤ ਨੇਕੀ ਵਾਲੇ ਯਾਦਗਾਰੀ ਕਾਲੇਜ, ਚੇਲਾ ਮਕਸੂਸ ਪੁਰ, ਬਾਹਰਾ ਬਰਦਰਜ਼ ਫ੍ਰੀ ਐਂਬੂਲੈਂਸ ਸਰਵਿਸ (ਚੰਡੀਗੜ ਤੇ ਹੁਸ਼ਿਆਰਪੁਰ ਦਰਮਿਆਨ) ਆਦਿ ਕੁੱਝ ਕੁ ਉਦਾਹਰਣਾਂ ਹਨ ਜਦ ਕਿ ਪਰਵਾਸੀਆਂ ਨੇ ਪੰਜਾਬ ਵਿੱਚ ਲੋਕ ਸੇਵੀ ਕਾਰਜ ਏਨੇ ਕੁ ਕੀਤੇ ਹੋਏ ਹਨ ਜਿਹਨਾ ਦੀ ਲਿਸਟ ਬਹੁਤ ਲੰਮੀ ਹੈ। ਪਰਾਗ ਪੁਰ ਦੇ ਅਮਰੀਕਾ ਵੱਸੇ ਟੁੱਟ ਭਰਾਵਾਂ ਨੇ ਮਿਲੀਅਨ ਪੌਂਡ ਦੀ ਲਾਗਤ ਨਾਲ ਹਰਿਮੰਦਰ ਸਾਹਿਬ ਵਿਖੇ ਸਰੋਵਰ ਦਾ ਪਾਣੀ ਸਾਫ ਰੱਖਣ ਵਾਸਤੇ ਪਲਾਂਟ ਦੀ ਸੇਵਾ ਕੀਤੀ, ਐਸ਼ ਪੀ ਸਿੰਘ ਓਬਰਾਏ ਨੇ ਕਿੰਨੇ ਭਲੇ ਕਾਰਜ ਕੀਤੇ ਕਿਸੇ ਨੂੰ ਦੱਸਣ ਦੀ ਲੋੜ ਨਹੀਂ, ਪਿੰਡ ਰੁੜਕਾ ਕਲਾਂ ਦਾ ਭਾਈ ਸਾਧੂ ਸਿੰਘ ਚੈਰੀਟੇਬਲ, ਬੁੰਡਾਲਾ ਦਾ ਮਿਹਰ ਸਿੰਘ ਸੂਰਾ ਹਸਪਤਾਲ, ਪਿੰਡ ਦਿਆਲਪੁਰ ਦਾ ਬਾਬਾ ਏ ਪੰਜ ਪੀਰ ਯਾਦਗਾਰੀ ਅੰਤਰਰਾਸ਼ਟਰੀ ਖੇਡ ਮੇਲਾ, ਹਕੀਮ ਪੁਰ ਤੇ ਮੁਲਾਂਪੁਰ ਦੇ ਪਰਵਾਸੀ ਖੇਡ ਮੇਲੇ ਆਦਿ ਅਨੇਕਾਂ ਹੀ ਹੋਰ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ।

ਕਹਿਣ ਦਾ ਭਾਵ ਸਿਰਫ ਇਹ ਹੈ ਕਿ ਬਹੁਤੇ ਪਰਵਾਸੀ ਪੰਜਾਬੀਆਂ ਦੇ ਪਰਿਵਾਰ ਵਿਦੇਸ਼ਾਂ ਵਿੱਚ ਪੂਰੀ ਤਰਾਂ ਵੱਸ ਚੁੱਕੇ ਹਨ। ਉਹਨਾ ਦੇ ਵਾਪਸ ਮੁੜਕੇ ਪੰਜਾਬ ਜਾ ਵਸਣ ਦੀ ਸੰਭਾਵਨਾ ਬਹੁਤ ਘੱਟ ਹੈ ਤੇ ਨਾ ਹੀ ਉਹਨਾ ਦੇ ਬੱਚਿਆ ਨੇ ਪੰਜਾਬ ਜਾ ਕੇ ਵੱਸਣਾ ਹੈ, ਪਰ ਫਿਰ ਵੀ ਉਹ ਪੰਜਾਬ ਬਾਰੇ ਏਨੇ ਚਿੰਤਤ ਹਨ ਕਿ ਹਰ ਵਕਤ ਪੰਜਾਬ ਦੀਆਂ ਸੱਤੇ ਖ਼ੈਰਾਂ ਲੋੜਦੇ ਹਨ ਜਦ ਕਿ ਸੈਰ ਸਪਾਟੇ ਵਾਸਤੇ ਪੂਰੀ ਦੁਨੀਆ ਉਹਨਾਂ ਵਾਸਤੇ ਖੁਲੀ ਹੈ, ਪਰ ਫਿਰ ਆਪਣੇ ਫੁਰਸਤ ਦੇ ਪਲ ਪੰਜਾਬ ਵਿੱਚ ਬਿਤਾਉਣ ਨੂੰ ਪਹਿਲ ਦੇਂਦੇ ਰਨ, ਪੰਜਾਬ ਵਿੱਚ ਕੁਝ ਚੰਗਾ ਕਰਕੇ ਸਕੂਨ ਮਹਿਸੂਸ ਕਰਦੇ ਹਨ। ਪੰਜਾਬ ਸਰਕਾਰ ਤੇ ਪੰਜਾਬ ਦੇ ਲੋਕਾਂ ਵੱਲੋਂ ਉਹਨਾਂ ਦੀ ਇਸ ਨੇਕ ਭਾਵਨਾ ਨੂੰ ਕਦੇ ਵੀ ਸਮਝਣ ਦੀ ਕੋਸ਼ਿਸ਼ ਨਹੀ ਕੀਤੀ ਗਈ, ਉਲਟਾ ਉਹਨਾਂ ਨੂੰ ਕਦੇ ਹਵਾਈ ਅੱਡਿਆ 'ਤੇ ਖੱਜਲ ਖ਼ਰਾਬ ਕੀਤਾ ਗਿਆ, ਕਦੇ ਉਹਨਾਂ ਦੀਆ ਜੱਦੀ ਪੁਸ਼ਤੀ ਜਾਇਦਾਦਾਂ ਤੇ ਨਾਜਾਇਜ਼ ਕਬਜ਼ੇ ਕੀਤੇ ਗਏ, ਕਦੀ ਝੂਠੇ ਮੁਕੱਦਮਿਆ ਵਿੱਚ ਫਸਾਇਆ ਗਿਆ ਤੇ ਹੁਣ ਉਹਨਾ ਨੂੰ ਪੰਜਾਬ ਵਿੱਚ ਕਰੌਨਾ ਵਾਇਰਸ ਫੈਲਾਉਣ ਦੇ ਖ਼ਤਰਨਾਕ ਮੁਜਰਮ ਸਮਝਕੇ ਬਿਨਾ ਵਜਾ ਪਰੇਸ਼ਾਨ ਕੀਤਾ ਜੀ ਰਿਹਾ ਹੈ।

ਦਰਅਸਲ ਪੰਜਾਬ ਸਰਕਾਰ ਤੇ ਪੰਜਾਬ ਦੇ ਲੋਕ ਪਰਵਾਸੀ ਪੰਜਾਬੀਆਂ ਪ੍ਰਤੀ ਅਕਿਰਤਘਣ ਸੋਚ ਦੇ ਮਾਲਿਕ ਹੀ ਰਹੇ ਹਨ। ਸੱਚੀ ਗੱਲ ਕਹਿਣ ਵਾਸਤੇ ਮੁਆਫੀ ਚਾਹਾਂਗਾ ਕਿ ਪੰਜਾਬ ਦੇ ਬਹੁਤੇ ਲੋਕ ਤੇ ਸਰਕਾਰ ਮਤਲਬੀ ਹਨ ਜਿਹਨਾ ਦੀ ਨਜ਼ਰ ਹਮੇਸ਼ਾ ਪਰਵਾਸੀ ਪੰਜਾਬੀਆਂ ਦੀਆ ਜੇਬਾਂ 'ਤੇ ਹੀ ਟਿਕੀ ਰਹਿੰਦੀ ਹੈ ਤੇ ਜੇਬਾਂ ਮੁਨਣ ਤੋਂ ਬਾਅਦ ਤੂੰ ਕੌਣ ਤੇ ਮੈਂ ਕੌਣ ਕਰ ਦਿੱਤੀ ਜਾਂਦੀ ਹੈ।

ਹੁਣ ਪਰਵਾਸੀ ਪੰਜਾਬੀਆਂ ਨੂੰ ਸੋਚਣਾ ਪਵੇਗਾ ਕਿ ਉਹਨਾਂ ਨੇ ਭਵਿੱਖ ਵਿੱਚ ਵੀ ਇਸੇ ਤਰਾਂ ਦੇ ਤਿਰਸਕਾਰ ਦੇ ਪਾਤਰ ਬਣਨਾ ਹੈ ਤੇ ਆਪਣੀ ਲੁੱਟ ਖਸੁੱਟ ਕਰਾਉਂਦੇ ਰਹਿਣਾ ਹੈ, ਜਲੀਲ ਹੁੰਦੇ ਰਹਿਣਾ ਹੈ ਜਾਂ ਫੇਰ ਪੰਜਾਬ ਪ੍ਰਤੀ ਆਪਣੀ ਸੋਚ ਬਦਲਕੇ ਚੱਲਣਾ ਹੈ। ਇਸ ਦਾ ਫੈਸਲਾ ਪਰਵਾਸੀ ਪੰਜਾਬੀ ਉੱਤੇ ਛੱਡਦਾ ਹੋਇਆ ਆਪਣੀ ਚਰਚਾ ਨੂੰ ਇੱਥੇ ਹੀ ਵਿਰਾਮ ਲਗਾਂਉਦਾ ਹਾਂ ਤੇ ਆਸ ਵੀ ਕਰਦਾ ਹਾਂ ਤੇ ਕਾਮਨਾ ਵੀ ਕਰਦਾ ਹਾਂ ਕਿ ਜੇਕਰ ਪੰਜਾਬ ਸਰਕਾਰ ਤੇ ਪੰਜਾਬ ਦੇ ਲੋਕ ਪਰਵਾਸੀ ਪੰਜਾਬੀਆਂ ਪ੍ਰਤੀ ਆਪਣਾ ਵਿਵਹਾਰ ਨਹੀ ਬਦਲਦੇ ਤਾਂ ਫੇਰ ਪਰਵਾਸੀ ਪੰਜਾਬੀ, ਪੰਜਾਬ ਪ੍ਰਤੀ ਅਪਣਾਈ ਗਈ ਆਪਣੀ ਪਰੰਪਰਾਗਤ ਸੋਚ 'ਤੇ ਪੁਨਰ ਵਿਚਾਰ ਜ਼ਰੂਰ ਕਰਨਗੇ।

## ਕਰੋਨਾ ਵਾਇਰਸ ਮਨੋਰੰਜਨ ਦਾ ਨਾਮ ਨਹੀਂ!



ਇਕਵਾਕ ਸਿੰਘ ਪੱਟੀ

ਕਰੋਨਾ ਵਾਇਰਸ ਦੇ ਖੌਫ ਨੇ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਰੱਬ ਨੂੰ ਨਾ ਮੰਨਣ ਵਾਲੇ (ਜਿਨਾਂ ਲਈ ਰੱਬ ਨਾਂ ਦੀ ਕੋਈ ਚੀਜ਼ ਹੀ ਨਹੀਂ ਹੈ) ਵੀ ਰੱਬ ਨੂੰ ਤਾਹਨੇ ਮਿਹਣੇ ਮਾਰ ਰਹੇ ਨੇ। ਪਰ ਰੱਬ ਨੂੰ ਮੰਨਣ ਵਾਲੇ ਸਰਬੱਤ ਦਾ ਭਲਾ ਮੰਗਦੇ ਨਹੀਂ ਥੱਕ ਰਹੇ। ਸੱਭ ਦੀਆਂ ਸੱਤੇ ਪਹਿਰਾਂ ਖੈਰਾਂ ਮੰਗਦੇ ਦੇਖੇ ਜਾ ਸਕਦੇ ਨੇ। ਸੱਭ ਧਾਰਮਿਕ ਸਥਾਨਾਂ ਵਿੱਚੋਂ 'ਗੁਰਦੁਆਰਾ ਸਾਹਿਬਾਨਾਂ' ਦੇ ਦਰ ਖੁੱਲੇ ਹਨ ਅਤੇ ਅੰਦਰ ਰੋਜ਼ਾਨਾ ਦਾ ਮਰਿਯਾਦਾ ਅਨੁਸਾਰ ਨਿਰਵਿਘਨ ਪ੍ਰਮਾਤਮਾ ਦੀ ਉਸਤਤ ਦੇ ਸੋਹਿਲੇ ਪੜੇ ਜਾ ਰਹੇ ਹਨ। ਲੋਕ ਘਰਾਂ ਵਿੱਚ ਬੈਠੇ ਹਨ। ਜਿਨਾਂ ਕੋਲ ਸਮਾਂ ਨਹੀਂ ਸੀ, ਆਪਣੇ ਮਾਤਾ-ਪਿਤਾ ਲਈ, ਆਪਣੇ ਬੱਚਿਆਂ ਲਈ, ਆਪਣੇ ਪਰਿਵਾਰ ਜਾਂ ਆਪਣੇ ਆਪ ਲਈ। ਅੱਜ ਆਪਣੇ ਪਰਿਵਾਰਾਂ ਨਾਲ ਬੈਠੇ ਹਨ। ਕੁੱਝ ਡਰ ਕੇ ਬੈਠੇ ਹਨ, ਕੁੱਝ ਆਪਣਾ ਫਰਜ਼ ਸਮਝ ਕੇ। ਜਾਨ ਹੈ ਤਾਂ ਜਹਾਨ ਹੈ ਦੀ ਕਹਾਵਤ ਨੂੰ ਮੰਨਣ ਵਾਲੇ ਸਰਕਾਰੀ ਅਤੇ ਸਿਹਤ ਵਿਭਾਗ ਦੀ ਹਦਾਇਤਾਂ ਦੀ ਇੰਨ-ਬਿੰਨ ਪਾਲਨਾ ਕਰ ਰਹੇ ਹਨ। ਕੁੱਝ ਤਮਾਸ਼ਬੀਨ ਘੜੀ ਘੜੀ ਆਪਣਾ ਸਕੂਟਰ/ਸਕੂਟਰੀ ਲੈ ਕੇ ਬਾਜ਼ਾਰ ਨੂੰ 'ਕੇਵਲ ਮਾਹੌਲ ਦੇਖਣ ਲਈ' ਤੁਰ ਪੈਂਦੇ ਹਨ ਜਦ ਪੁਲਿਸ ਪ੍ਰਸ਼ਾਸ਼ਨ ਸਖਤੀ ਨਾਲ ਡਾਂਗ ਫੇਰਦਾ ਹੈ ਫਿਰ ਤਮਾਸ਼ਬੀਨੀਆਂ ਦਾ ਤਮਾਸ਼ਾ, ਘਰ ਬੈਠਿਆਂ ਦਾ ਮਨੋਰੰਜਨ ਕਰਦਾ ਹੈ।

ਯਾਦ ਰੱਖਣਯੋਗ ਗੱਲ ਹੈ ਕਿ ਇਹ ਕਰਫਿਊ, ਸਖਤੀ ਸਾਡੇ ਭਲੇ ਲਈ ਹੈ, ਕੁੱਝ ਵੀ ਤਾਂ ਨਹੀਂ ਹੈ ਸਾਡੇ ਖਿਲਾਫ ਤਾਂ ਕਿਉਂ ਆਪਣੀ ਜਾਨ ਦੇ ਆਪ ਦੁਸ਼ਮਣ ਬਣ ਕੇ ਬਜ਼ਾਰਾਂ ਵੱਲ ਨੂੰ ਹੋ ਤੁਰਦੇ ਹਾਂ। ਪਾਈਆ ਕੁ ਦੁੱਧ ਦਾ ਪੈਕਿਟ ਫੜ ਕੇ ਸੜਕਾਂ 'ਤੇ ਘੁੰਮ ਰਹੇ ਹਾਂ ਕਿ ਜੇ ਕੋਈ ਪੁੱਛੇ ਤਾਂ ਕਹਿ ਦਿੰਦੇ ਹਾਂ, ਘਰ ਬੱਚੇ ਲਈ ਦੁੱਧ ਲੈਣ ਆਏ ਸੀ। ਜਿੰਨੇ ਕੁ ਚੱਕਰ ਪਾਈਆਂ ਦੁੱਧ ਹੱਥ ਵਿੱਚ ਫੜ ਕੇ ਅਸੀਂ ਸੜਕ ਤੇ ਮਾਰ ਰਹੇ ਹਾਂ ਉਨੇ ਚਿਰ ਤਾਂ ਦੁੱਧ ਵੈਸੇ ਵੀ ਫੱਟ ਜਾਵੇ। ਸ਼ਰਮ ਕਰਨ ਦੀ ਲੋੜ ਹੈ। ਬੇਸ਼ਰਮ ਨਾ ਬਣੀਏ। ਸੜਕਾਂ ਤੇ ਕਿਹੜਾਂ ਮਨੋਰੰਜਨ ਹੋ ਰਿਹਾ ਹੈ ਜਾਂ ਸਰਕਸ ਲੱਗੀ ਹੈ। ਆਓ! ਰਲਮਿਲ ਮਨੁੱਖਤਾ ਲਈ ਅਰਦਾਸ ਕਰੀਏ! ਆਪਣਾ, ਆਪਣੇ ਪਰਿਵਾਰ ਦਾ ਆਪਣੇ ਲੋਕਾਂ ਦਾ ਖਿਆਲ ਰੱਖੀਏ। ਸਾਵਧਾਨੀ ਵਰਤੀਏ। ਸੁਖੀ ਰਹੀਏ।

ਲਗਾਤਾਰ ਕਰੋਨਾ ਵਾਇਰਸ ਪੀੜਿਤਾਂ ਦੀ ਵੱਧਦੀ ਗਿਣਤੀ ਅਤੇ ਹੋਰ ਰਹੀਆਂ ਮੌਤਾਂ ਦਾ ਵੱਧ ਰਿਹਾ ਅੰਕੜਾ, ਇਹ ਦੱਸਦਾ ਹੈ ਕਿ ਕਰੋਨਾ ਵਾਇਰਸ ਕੋਈ ਮਨੋਰੰਜਨ ਨਹੀਂ ਹੈ। ਸੋ ਆਓ! ਸਰਕਾਰੀ ਅਤੇ ਸਿਹਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਇਹ ਜੰਗ ਜਿੱਤਣ ਦੀ ਕੋਸ਼ਿਸ਼ ਕਰੀਏ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਪਾਤਸ਼ਾਹ ਦੇ ਉਪਦੇਸ਼ ਅਤੇ ਅੱਜ ਅਸੀਂ

**- ਗੁਰਸ਼ਰਨ ਸਿੰਘ ਕਸੇਲ**

ਗੁਰੂ ਨਾਨਕ ਪਾਤਸ਼ਾਹ ਜੀ ਦਾ ਇਸ ਦੁਨੀਆਂ ਤੇ ਆਗਮਨ ਵਿਸਾਖ ਪਹਿਲੀ ਸੰਮਤ 1526 ਬਿਕਰਮੀ, ਜੋ ਅੱਜ ਨਾਨਕਸ਼ਾਹੀ ਕੈਲੰਡਰ ਮੁਤਾਬਕ ਇੱਕ ਵਿਸਾਖੀ 14 ਅਪਰੈਲ ਬਣਦਾ ਹੈ; ਪਰ ਸਰੋਮਣੀ ਗੁ:ਪ੍ਰ. ਕਮੇਟੀ ਦੀ ਸਾਈਟ 'ਤੇ ਅਪਰੈਲ 15, 1469 ਈਸਵੀ ਹੈ। ਪਰ ਪਤਾ ਨਹੀਂ ਕਿਸ ਕਾਰਨ ਕਰਕੇ ਉਹਨਾਂ ਦਾ ਪ੍ਰਕਾਸ਼ ਦਿਹਾੜਾ ਕੱਤਕ ਮਹੀਨੇ ਨੂੰ ਮਨਾਇਆਂ ਜਾਂਦਾ ਹੈ। ਦੱਸਿਆਂ ਜਾਂਦਾ ਹੈ ਕਿ ਉਸ ਸਮੇਂ ਹਿੰਦੂ, ਮੁਸਲਮਾਨ ਅਤੇ ਜੋਗੀ ਪੁਜਾਰੀਆਂ ਦੀ ਬਹੁਗਿਣਤੀ ਵਿੱਚ ਅਜਿਹੇ ਪੁਜਾਰੀ ਸਨ, ਜਿੰਨਾਂ ਨੇ ਲੋਕਾਈ ਨੂੰ ਮਾਨਸਿਕ ਤੌਰ ਤੇ ਜਾਗਰੂਕ ਕਰਨ ਦੀ ਬਜਾਏ ਸਗੋਂ ਉਹਨਾਂ ਨੂੰ ਆਪਣੇ ਮੁਫਾਦ ਲਈ ਵਰਤਨ ਖਾਤਰ ਕਰਾਮਾਤਾਂ, ਅੰਧਵਿਸ਼ਵਾਸਾਂ, ਕਰਮਕਾਂਡਾਂ ਅਤੇ ਬਹੁਤ ਸਾਰੇ ਵਹਿਮਾਂ ਭਰਮਾਂ ਦੀ ਦਲਦਲ ਵਿੱਚ ਫਸਾਇਆ ਹੋਇਆ ਸੀ। ਜਿਸ ਦੀ ਗਵਾਹੀ ਭਾਈ ਗੁਰਦਾਸ ਜੀ ਵੀ ਆਪਣੀ ਵਾਰ ਵਿੱਚ ਦੇਂਦੇ ਹਨ।

ਗੁਰੂ ਜੀ ਨੇ ਪਹਿਲਾਂ ਤੋਂ ਚੱਲੀਆਂ ਆ ਰਹੀਆਂ ਧਾਰਮਿਕ ਪਰੰਪਰਾਵਾਂ ਨੂੰ ਤਰਕ ਨਾਲ ਵਿਚਾਰਿਆ ਅਤੇ ਉਸ ਸਮੇਂ ਦੇ ਪੁਜਾਰੀਆਂ ਨਾਲ ਦਲੀਲ ਨਾਲ ਗੱਲਬਾਤ ਕੀਤੀ। ਉਹਨਾਂ ਨੇ ਜਨੇਊ ਪਾਉਣਾ, ਇੱਕ ਅਕਾਲ ਪੁਰਖ ਤੋਂ ਸਵਾਏ ਉਸਦੀ ਕ੍ਰਿਤ ਨੂੰ ਪੂਜਣਾ, ਸੂਰਜ ਨੂੰ ਪਾਣੀ ਦੇਣਾ, ਸੂਤਕ ਪਾਤਕ, ਮੌਕੇ ਦੀ ਹਕੂਮਤ ਵੱਲੋਂ ਹੋ ਰਹੇ ਜੁਲਮ ਦੇ ਖਿਲਾਫ ਅਵਾਜ਼ ਉਠਾਉਣੀ, ਔਰਤ ਨੂੰ ਬਰਾਬਰ ਅਧਿਕਾਰ ਦੇਣਾ ਆਦਿਕ ਕਈ ਵਿਸ਼ੇ ਸਨ। ਗੁਰੂ ਜੀ ਨੇ ਭਾਰਤੀ ਸਮਾਜ ਵਿੱਚ ਸੱਦੀਆਂ ਤੋਂ ਚੱਲੀ ਆ ਰਹੀ ਮਨੁੱਖਾਂ ਦੇ ਸਰੀਰਾਂ ਜਾਂ ਪੱਥਰਾਂ ਦੀਆਂ ਮੂਰਤੀਆਂ ਨੂੰ ਗੁਰੂ ਮੰਨਣ ਵਾਲੀ ਪਰੰਪਰਾ ਦੀ ਥਾਂ ਸੱਚ ਦੇ ਗਿਆਨ ਨੂੰ ਮੰਨਣ ਦਾ ਉਪਦੇਸ਼ ਦਿੱਤਾ। ਉਹਨਾਂ ਨੇ ਦੱਸਿਆ ਕਿ ਮੇਰੀ ਸੋਚ ਅਨੁਸਾਰ ਅਕਾਲ ਪੁਰਖ ਦਾ ਇਹ ਰੂਪ ਹੈ :

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

**ਅਰਥ:** ਅਕਾਲ ਪੁਰਖ ਇੱਕ ਹੈ, ਜਿਸ ਦਾ ਨਾਮ 'ਹੋਂਦ ਵਾਲਾ' ਹੈ ਜੋ ਸ੍ਰਿਸ਼ਟੀ ਦਾ ਰਚਣਹਾਰ ਹੈ, ਜੋ ਸਭ ਵਿਚ ਵਿਆਪਕ ਹੈ, ਭੈ ਤੋਂ ਰਹਿਤ ਹੈ, ਵੈਰ ਰਹਿਤ ਹੈ, ਜਿਸ ਦਾ ਸਰੂਪ ਕਾਲ ਤੋਂ ਪਰੇ ਹੈ, (ਭਾਵ, ਜਿਸ ਦਾ ਸਰੀਰ ਨਾਸ-ਰਹਿਤ ਹੈ), ਜੋ ਜੂਨਾਂ ਵਿਚ ਨਹੀਂ ਆਉਂਦਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ਅਤੇ ਜੋ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

ਉਹਨਾਂ ਨੇ ਉਪਰ ਦੱਸੇ ਇਕ ਅਕਾਲ ਪੁਰਖ ੴ ਬਾਰੇ ਲੋਕਾਈ ਨੂੰ ਹੋਰ ਵਿਸਥਾਰ ਨਾਲ ਦੱਸਿਆ, ਕਿ ਅਕਾਲ ਪੁਰਖ ਹਰੇਕ ਜਗਾ ਹਰੇਕ ਇਨਸਾਨ ਦੇ ਵੀ ਵਿੱਚ ਹੈ, ਨਾਂ ਉਸਦਾ ਕੋਈ ਮਾਈ ਬਾਪ ਹੈ ਅਤੇ ਨਾਂ ਹੀ ਉਹ ਜੂਨਾਂ ਵਿੱਚ ਆਉਂਦਾ ਹੈ :

**ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ॥ ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥੧॥ ਸਾਚੇ ਸਚਿਆਰ ਵਿਟਹੁ ਕੁਰਬਾਣੁ ॥ ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ ॥ ਰਹਾਉ ॥ ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥ ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥੨॥ ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥ ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥**

(ਪੰਨਾ 597)

ਜਦੋਂ ਜੋਗੀਆਂ ਨੇ ਗੁਰੂ ਜੀ ਤੋਂ ਉਹਨਾਂ ਦੇ ਗੁਰੂ ਬਾਰੇ ਪੁੱਛਿਆ ਕਿ ਤੁਹਾਡਾ ਗੁਰੂ ਕੌਣ ਹੈ ਤਾਂ ਗੁਰੂ ਜੀ ਨੇ ਕਿਹਾ :

**ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥**

(ਪੰਨਾ 942)

ਵਿਚਾਰਨ ਵਾਲੀ ਗੱਲ ਹੈ, ਕੀ ਅੱਜ ਅਸੀਂ ਸ਼ਬਦ ਨੂੰ ਗੁਰੂ ਅਤੇ ਸੁਰਤ ਨੂੰ ਚੇਲਾ (ਗਿਆਨ ਅਤੇ ਸੁਰਤ)ਦੇ ਸਿਧਾਂਤ ਨੂੰ ਮੰਨਦੇ ਹਾਂ, ਕਿ ਸਿਰਫ 'ਦੇਹ' ਵਾਂਙੂ ਇਸ ਦੀ ਪੂਜਾ ਕਰਦੇ ਹਾਂ ? ਜਦੋਂ ਗੁਰੂ ਜੀ ਨੂੰ ਹਿੰਦੂ ਧਰਮ ਦੀ ਰੀਤ ਅਨੁਸਾਰ ਜਨੇਊ ਪਾਉਣ ਲੱਗੇ ਤਾਂ ਗੁਰੂ ਜੀ ਨੇ ਉਸ ਹਰੇਕ ਬਾਹਰੀ ਵਸਤੂ ਨੂੰ ਧਰਮ ਦੇ ਨਾਂਅ ਤੇ ਪਾਉਣ ਤੋਂ ਇਨਕਾਰ ਕਰ ਦਿੱਤਾ, ਜਿਸ ਨਾਲ ਸਰੀਰ ਕੋਈ ਸੁਖ ਜਾਂ ਆਤਮਾ ਨੂੰ ਚੰਗਾ ਆਚਰਨ ਬਣਾਉਣ ਵਿਚ ਮਦਦ ਨਾ ਮਿਲੇ। ਜੋ ਸਿਰਫ ਲੋਕ ਵਿਖਾਵੇ ਲਈ ਹੀ ਹੋਵੇ। ਗੁਰੂ ਜੀ ਨੇ ਉਹਨਾਂ ਪੁਜਾਰੀਆਂ ਨੂੰ (ਤਰਕ) ਦਲੀਲ ਨਾਲ ਆਖਿਆ:-

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥**

(ਪੰਨਾ 471)

ਜਦ ਜੋਗੀਆਂ ਨੇ ਗੁਰੂ ਜੀ ਨੂੰ ਕਰਾਮਾਤ ਬਾਰੇ ਪੁੱਛਿਆ ਤਾਂ ਗੁਰੂ ਜੀ ਨੇ ਕਿਹਾ ਕਿ ਗੁਰੂ ਦੇ ਦੱਸੇ ਰਾਹ 'ਤੇ ਤੁਰਨਾ ਹੀ ਅੱਠੇ ਕਰਾਮਾਤਾਂ ਦੀਆਂ ਤਾਕਤਾਂ ਹਨ। ਗੁਰੂ ਦੀ ਮੱਤ ਲੈ ਕੇ ਮਨੁੱਖ ਚੰਗੇ ਮਾੜੇ ਦੀ ਪਛਾਣ ਕਰਨ ਯੋਗ ਹੋ ਜਾਂਦਾ ਹੈ:

**ਗੁਰਮੁਖਿ ਅਸਟ ਸਿਧੀ ਸਭਿ ਬੁਧੀ ॥ ਗੁਰਮੁਖਿ ਭਵਜਲੁ ਤਰੀਐ ਸਚ ਸੁਧੀ ॥ ਗੁਰਮੁਖਿ ਸਰ ਅਪਸਰ ਬਿਧਿ ਜਾਣੈ ॥ ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ ॥ ਗੁਰਮੁਖਿ ਤਾਰੇ ਪਾਰਿ ਉਤਾਰੇ ॥ ਨਾਨਕ ਗੁਰਮੁਖਿ ਸਬਦਿ ਨਿਸਤਾਰੇ ॥**(ਪੰਨਾ 941)

ਗੁਰੂ ਜੀ ਨੇ ਲੋਕਾਈ ਨੂੰ ਸੱਚਾ ਜੀਵਨ ਜੀਉਣ ਨੂੰ ਸਭ ਤੋਂ ਉੱਪਰ ਕਰਮ ਆਖਿਆ ਹੈ :

**ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥ ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥**

(ਪੰਨਾ 62)

ਉਹਨਾਂ ਨੇ ਮਿੱਠਾ (ਪਿਆਰ ਨਾਲ) ਬੋਲਣ ਅਤੇ ਹਲੀਮੀ ਨੂੰ ਜੀਵਨ ਦੇ ਵੱਡੇ ਗੁਣ ਦੱਸੇ ਹਨ:

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥ ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥**

(ਪੰਨਾ 470)

ਉਹਨਾਂ ਨੇ ਇਸ ਤਰਾਂ ਦੇ ਮਨੁੱਖਾਂ ਤੇ ਵੀ ਚੋਟ ਕੀਤੀ ਜਿਹੜੇ ਵੇਖਣ ਨੂੰ ਤਾਂ ਅਮੀਰ ਹੋਣ ਪਰ ਘਰ ਆਏ ਕਿਸੇ ਗਰੀਬ ਲੋੜਵੰਦ ਦੀ ਮਦਦ ਨਾ ਕਰਨ। ਇਥੇ ਗੁਰੂ ਜੀ ਨੇ ਅਜਿਹੇ ਲੋਕਾਂ ਦਾ ਕਿਰਦਾਰ ਸਿੰਮਲ (ਸਿੰਬਲ) ਦੇ ਉਸ ਰੁੱਖ ਨਾਲ ਕੀਤਾ। ਜਿਹੜਾ ਦਿਸਣ ਨੂੰ ਤਾਂ ਬਹੁਤ ਵੱਡਾ ਹੈ, ਪਰ ਉਸ ਤੋਂ ਕਿਸੇ ਪੰਛੀ ਨੂੰ ਖਾਣ ਲਈ ਕੁਝ ਨਹੀਂ ਮਿਲਦਾ:

**ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਹਿ ॥ ਸੇ ਫਲ ਕੰਮਿ ਨ ਆਵਨੀ ਤੇ ਗੁਣ ਮੈ ਤਨਿ ਹੰਨਿਹਿ ॥**

(ਪੰਨਾ 729)

ਉਹਨਾਂ ਲੋਕਾਈ ਨੂੰ ਅਜਿਹੇ ਧਾਰਮਿਕ ਭੇਖੀਆਂ ਤੋਂ ਵੀ ਸੁਚੇਤ ਕੀਤਾ, ਜੋ ਧਾਰਮਿਕ ਦਿੱਖ ਦਿਸਣ ਵਾਲਾ ਪਹਿਰਾਵਾ ਪਾ ਕੇ ਠੱਗੀਆਂ ਮਾਰਦੇ ਸਨ। ਭਾਂਵੇਂ ਇੰਜ਼ ਕਹਿ ਲਵੋ ਕਿ ਜੋ ਵੇਖਣ ਨੂੰ ਹੋਰ ਤੇ ਅੰਦਰੋਂ ਹੋਰ ਹੁੰਦੇ ਹਨ। ਜਾਨੀ ਕਿ ਵੇਖਣ ਨੂੰ ਤਾਂ ਬਗਲਿਆਂ ਵਾਂਗੂ ਚਿੱਟੇ ਹੁੰਦੇ ਹਨ:

**ੴ ਸਤਿਗੁਰ ਪ੍ਰਸਾਦਿ ॥ ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥ ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥ ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ ॥ ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ ਰਹਾਉ ॥ ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ॥ ਢਠੀਆ ਕੰਮਿ ਨ ਆਵਨੀ ਵਿਚਹੁ ਸਖਣੀਆਹਾ ॥੨॥ ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿਹ ॥ ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿਹ ॥**

(ਪੰਨਾ 729)

ਗੁਰੂ ਜੀ ਨੇ ਲੋਕਾਈ ਨੂੰ ਉਹਨਾਂ ਪੁਜਾਰੀਆਂ ਤੋਂ ਵੀ ਸੁਚੇਤ ਕੀਤਾ, ਜਿਹੜੇ ਇਕ ਅਕਾਲ ਪੁਰਖ ਦੇ ਉਪਾਸ਼ਕ ਬਣਾਉਣ ਦੀ ਬਜਾਏ ਉਸਦੀ ਕ੍ਰਿਤ ਸੂਰਜ, ਚੰਦ (ਥਿੱਤ ਵਾਰ, ਸੰਗਰਾਂਦ, ਮਸਿਆ, ਪੂਰਨਮਾਸ਼ੀ ਆਦਿਕ ) ਦੇ ਪੁਜਾਰੀ ਬਣਾ ਰਹੇ ਸਨ:-

**ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥ ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ ॥ ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ ॥ ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ ॥ ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ ॥ ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ ॥**

(ਪੰਨਾ 1109)

ਉਸ ਸਮੇਂ ਦੇ ਬਣੇ ਧਰਮੀ ਲੋਕ ਜਿਹੜੇ ਆਪਣੇ ਆਪ ਨੂੰ ਬਹੁਤ ਸੱਚੇ ਸੁੱਚੇ ਸਮਝਦੇ ਸਨ, ਪਰ ਸਮੇਂ ਦੇ ਹਾਕਮਾਂ ਨਾਲ ਵੀ ਰਲੇ ਹੋਏ ਸਨ। ਜਨਤਾ ਦੇ ਹੱਕ ਸੱਚ ਦੀ ਗੱਲ ਕਰਨ ਦੀ ਥਾਂ ਰਿਸ਼ਵਤ ਲੈਂਦੇ ਸਨ। ਗੁਰੂ ਜੀ ਨੇ ਅਜਿਹੇ ਪਾਖੰਡੀਆਂ ਦਾ ਵੀ ਪਾਜ਼ ਖੋਲਿਆ। ਗੁਰੂ ਜੀ ਨੇ ਉਹਨਾਂ ਕਾਜ਼ੀਆਂ, ਪੰਡਤਾਂ ਤੇ ਜੋਗੀਆਂ ਦੀ ਅਸਲੀਅਤ ਬਾਰੇ ਲੋਕਾਈ ਨੂੰ ਦੱਸਿਆਂ :

**ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥ ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥ ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ ॥ ਲੋਕ ਮੁਹਾਵਹਿ ਚਾੜੀ ਖਾਹਿ ॥ ਚਉਕਾ ਦੇ ਕੈ ਸੁਚਾ ਹੋਇ ॥ ਐਸਾ ਹਿੰਦੂ ਵੇਖਹੁ ਕੋਇ ॥ ਜੋਗੀ ਗਿਰਹੀ ਜਟਾ ਬਿਭੂਤ ॥ ਆਗੈ ਪਾਛੈ ਰੋਵਹਿ ਪੂਤ ॥ ਜੋਗੁ ਨ ਪਾਇਆ ਜੁਗਤਿ ਗਵਾਈ ॥ ਕਿਤੁ ਕਾਰਣਿ ਸਿਰਿ ਛਾਈ ਪਾਈ ॥ ਨਾਨਕ ਕਲਿ ਕਾ ਏਹੁ ਪਰਵਾਣੁ ॥ ਆਪੇ ਆਖਣੁ ਆਪੇ ਜਾਣੁ ॥**

(ਪੰਨਾ 951)

ਗੁਰੂ ਜੀ ਨੇ ਸਿਰਫ ਸਰੀਰਕ ਤਲ ਤੇ ਧਰਮੀ ਦਿਸਣ ਵਾਲਿਆਂ ਵੱਲੋਂ ਗਲਤ ਪ੍ਰਚਾਰੀਆਂ ਗੱਲਾਂ ਬਾਰੇ ਵੀ ਸਮਝਾਇਆ ਕਿ ਪਾਣੀ ਨਾਲ ਨਹਾਉਣ ਕਰਕੇ ਕੋਈ ਸੁੱਚਾ, ਪਵਿੱਤਰ ਨਹੀਂ ਹੋ ਜਾਂਦਾ। ਇੰਞ ਹੀ ਚੁੱਪ ਕਰਕੇ ਸਮਾਧੀ ਲਾਉਣ ਨਾਲ ਮਨ ਦੀ ਸ਼ਾਂਤੀ ਨਹੀਂ ਹੋ ਸਕਦੀ :

**ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥**

(ਪੰਨਾ 1 )

**ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥**

(ਪੰਨਾ 472)

ਗੁਰੂ ਜੀ ਨੇ ਕੀ ਖਾਣਾ, ਕੀ ਪਹਿਨਣਾ ਅਤੇ ਕਿਸ ਤਰਾਂ ਦੀ ਸਵਾਰੀ ਵਰਤਨੀ ਹੈ। ਲੋਕਾਈ ਨੂੰ ਇਸ ਵਿਵਾਦ ਵਿੱਚੋਂ ਕੱਢਣ ਲਈ ਉਹਨਾਂ ਜਨਤਾ ਨੂੰ ਸੰਦੇਸ਼ ਦਿਤਾ ਕਿ ਜਿਸ ਖਾਣ ਨਾਲ, ਪਹਿਨਣ ਨਾਲ ਤੁਹਾਡਾ ਸਰੀਰ ਦੁੱਖੀ ਹੋਵੇ, ਮਨ ਵਿੱਚ ਮਾੜੇ ਵਿਚਾਰ (ਜੋ ਸਮਾਜ ਵਿੱਚ ਨਾ ਪ੍ਰਵਾਨ ਹੋਣ ) ਆਉਣ ਉਹ ਖਾਣਾ ਨਾ ਖਾਵੋ, ਨਾ ਹੀ ਅਜਿਹੇ ਕਪੜੇ ਪਾਵੋ ਅਤੇ ਨਾਂ ਹੀ ਕੋਈ ਅਜਿਹੀ ਸਵਾਰੀ ਵਰਤੋ:

**ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥ ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥ ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥ ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥**

(ਪੰਨਾ 16)

ਜਿਹੜੇ ਲੋਕ ਤੀਰਥਾਂ ਦੇ ਚੱਕਰਾਂ ਵਿੱਚ ਪਏ ਰਹਿੰਦੇ ਹਨ, ਉਹਨਾਂ ਬਾਰੇ ਗੁਰੂ ਜੀ ਨੇ ਫ਼ਰਮਾਇਆ ਕਿ ਸੱਚੇ ਗੁਰੂ ਦੇ ਗਿਆਨ (ਚੰਗੇ ਗੁਣ ਧਾਰਨ ਕਰਨ) ਨਾਲੋਂ ਹੋਰ ਕੋਈ ਵੱਡਾ ਤੀਰਥ ਨਹੀਂ ਹੈ :

**ੴ ਸਤਿਗੁਰ ਪ੍ਰਸਾਦਿ ॥ ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥**

(ਪੰਨਾ 687)

**ਅਠਿਸਠਿ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ ॥ ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥ ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ॥**

(ਪੰਨਾ 147)

ਗੁਰੂ ਜੀ ਆਖਦੇ ਹਨ ਕਿ ਜਿਸ ਨਾਮ (ਗਿਆਨ) ਰਤਨ ਦੀ ਖਾਤਰ ਲੋਕ ਤੀਰਥਾਂ ਤੇ ਜਾਂਦੇ ਹਨ, ਉਹ ਤਾਂ ਮਨੁੱਖ ਦੇ ਅੰਦਰ ਹੀ ਹੈ:

**ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥**

(ਪੰਨਾ 152)

**ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥**

(ਪੰਨਾ 2)

ਗੁਰੂ ਸਾਹਿਬ ਨੇ ਧਰਮ ਦੇ ਨਾਂਅ ਤੇ ਪਾਖੰਡ ਕਰਨ ਵਾਲਿਆਂ ਬਾਰੇ ਆਖਿਆ ਹੈ, ਕਿ ਜਿਹੜੇ ਮਨੁੱਖ ਝੂਠੇ ਹਨ ਪਰ ਲੋਕ ਵਿਖਾਵਾ ਕਰਕੇ ਇੱਜ਼ਤ ਬਣਾਈ ਬੈਠੇ ਹਨ, ਉਹਨਾਂ ਦੀ ਇਸ਼ਨਾਨ ਕਰਨ ਨਾਲ ਕਪਟ ਪੁਣੇ ਦੀ ਮੈਲ ਨਹੀਂ ਲਹਿੰਦੀ:

**ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥ ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥**

(ਪੰਨਾ 473)

ਉਹਨਾਂ ਨੇ ਪੁਜਾਰੀ ਵੱਲੋਂ ਕਿਸੇ ਦੇ ਜਨਮ ਮਰਨ ਹੋਣ ਤੇ ਬਣਾਏ ਸੂਤਕ ਪਾਤਕ ਨਾਮੀ ਵਹਿਮ ਭਰਮ ਬਾਰੇ ਵੀ ਦੁਨੀਆਂ ਨੂੰ ਸਮਝਾਇਆ। ਉਹਨਾਂ ਕਿਹਾ ਜਨਮ ਮਰਨ ਕਾਰਨ ਕੋਈ ਸੂਤਕ ਪਾਤਕ ਨਹੀਂ ਹੁੰਦਾ। ਪਹਿਲਾਂ ਤਾਂ ਪਾਣੀ ਹੀ ਜੀਵ ਹੈ ਜਿਸ ਨਾਲ ਸਭ ਕੁਝ ਜਿੰਦ ਵਾਲਾ ਹੁੰਦਾ ਹੈ। ਉਹਨਾਂ ਕਿਹਾ ਇਹ ਗਿਆਨ ਦੀ ਰੋਸ਼ਨੀ ਨਾਲ ਹੀ ਸੂਤਕ ਪਾਤਕ ਦਾ ਵਹਿਮ ਭਰਮ ਦਾ ਖਾਤਮਾ ਹੋ ਸਕਦਾ ਹੈ:-

**ਸੂਤਕੁ ਅਗਨਿ ਭਖੈ ਜਗੁ ਖਾਇ ॥ ਸੂਤਕੁ ਜਲਿ ਥਲਿ ਸਭ ਹੀ ਥਾਇ ॥ ਨਾਨਕ ਸੂਤਕਿ ਜਨਮਿ ਮਰੀਜੈ ॥ ਗੁਰ ਪਰਸਾਦੀ ਹਰਿ ਰਸੁ ਪੀਜੈ ॥**(ਪੰਨਾ 413)

**ਸਲੋਕੁ ॥ ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥ ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥ ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥ ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥**(ਪੰਨਾ 472)

ਗੁਰੂ ਸਾਹਿਬ ਨੇ ਕਿਸੇ ਚੀਜ਼ ਦੀ ਲੋੜ ਅਨੁਸਾਰ ਵਰਤੋਂ ਕਰਨ ਤੋਂ ਨਹੀਂ ਵਰਜਿਆ; ਪਰ ਚਸਕੇ, ਜਾਂ ਸੁਆਦ ਵਿੱਚ ਪਏ ਲੋਕਾਂ ਨੂੰ ਇਸ ਪਾਸੇ ਤੋਂ ਸੁਚੇਤ ਕੀਤਾ ਹੈ। ਉਹਨਾਂ ਸੋਨਾ, ਚਾਂਦੀ, ਮਾਇਆ ਇਕੱਠੀ ਕਰਨੀ ਜਾਂ ਭਾਂਵੇਂ ਖਾਣ ਪੀਣ ਦਾ ਝੱਸ ਹੋਵੇ ਉਸਨੂੰ ਮਾੜਾ ਆਖਿਆ :

**ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥ ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥**

(ਪੰਨਾ15)

ਗੁਰੂ ਜੀ ਨੇ ਕਿਸੇ ਹੱਕ ਮਾਰਨ, ਝੂਠ ਬੋਲਣ ਲਾਲਚ ਕਰਨ ਵਾਲਿਆਂ ਨੂੰ (ਹੱਡੋ ਰੋੜੀ) ਮਰੇ ਹੋਏ ਡੰਗਰ ਨੂੰ ਖਾਣ ਦੇ ਬਰਾਬਰ ਅਤੇ ਕਰੋਧੀ ਆਦਮੀ ਨੂੰ ਚੰਡਾਲ ਆਖਿਆ :

**ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥ ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥**

(ਪੰਨਾ 15)

**ਸਲੋਕ ॥ ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥ ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥**

(ਪੰਨਾ 140)

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥ ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥**

(ਪੰਨਾ 141)

ਗੁਰੂ ਜੀ ਨੇ ਉਹਨਾਂ ਲੋਕਾਂ ਨੂੰ ਵੀ ਸੋਝੀ ਦਿੱਤੀ, ਜਿਹੜੇ ਮਾਸ ਖਾਣ ਜਾਂ ਨਾਂ ਖਾਣ ਬਾਰੇ ਆਪਸ ਵਿੱਚ ਝਗੜਾ ਕਰਦੇ ਸਨ :

**ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥ ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥**

(ਪੰਨਾ 1289)

ਗੁਰੂ ਜੀ ਨੇ ਉਸ ਸਮੇਂ ਦੇ ਹਾਕਮ ਜਿਹੜੇ ਜਨਤਾ ਉਤੇ ਅਨਿਆਂ ਕਰਦੇ ਸਨ, ਉਹਨਾਂ ਦੇ ਡਰ ਦੀ ਪ੍ਰਵਾਹ ਕੀਤੇ ਬਗੈਰ, ਉਹਨਾਂ ਦੇ ਵਿਰੁਧ ਅਵਾਜ਼ ਵੀ ਉਠਾਈ ਤੇ ਕਿਹਾ ਕਿ ਰਾਜੇ ਸ਼ੇਰ ਵਾਂਗਰ ਬਣੇ ਹਨ ਅਤੇ ਉਹਨਾਂ ਦੇ ਹੁਕਮ ਮੰਨਣ ਵਾਲਿਆਂ ਦੇ ਰਾਹੀਂ ਉਹ ਕੁੱਤਿਆਂ ਵਾਂਗੂ ਲੋਕਾਂ ਦਾ ਖੂਨ ਪੀਂਦੇ ਹਨ:

**ਹਰਣਾਂ ਬਾਜਾਂ ਤੈ ਸਿਕਦਾਰਾਂ ਏਨਾ ਪੜਿਆ ਨਾਉ ॥ ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥ ਸੋ ਪੜਿਆ ਸੋ ਪੰਡਿਤੁ ਬੀਨਾ ਜਿਨੀ ਕਮਾਣਾ ਨਾਉ ॥ ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ ॥ ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥ ਚਾਕਰ ਨਹਦਾ ਪਾਇਨਿ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥ ਜਿਥੈ ਜੀਆਂ ਹੋਸੀ ਸਾਰ ॥ ਨਕੀ ਵਢੀ ਲਾਇਤਬਾਰ ॥**

(ਪੰਨਾ 1288)

ਗੁਰੂ ਸਾਹਿਬ ਨੇ ਮੂਰਤੀਆਂ (ਫੋਟੋਆਂ) ਨੂੰ ਪੂਜਣ ਦਾ ਸਖਤ ਵਿਰੋਧ ਕੀਤਾ। ਅਜਿਹੇ ਲੋਕਾਂ ਨੂੰ ਉਹਨਾਂ ਨੇ ਸਮਝਾਇਆ ਕਿ ਜਿਸ ਪੱਥਰ ਦੀ ਮੂਰਤੀ ਨੂੰ ਤੁਸੀਂ ਪੂਜਦੇ ਹੋ ਇਹ ਤੁਹਾਨੂੰ ਕੁਝ ਨਹੀਂ ਦੇ ਸਕਦੀ। ਤੁਸੀਂ ਜਿਹਨਾਂ ਪੱਥਰ ਦੀਆਂ ਮੂਰਤੀਆਂ ਨੂੰ ਧੋਂਦੇ ਹੋ, ਉਹ ਤਾਂ ਆਪ ਹੀ ਪਾਣੀ ਵਿਚ ਡੁੱਬ ਜਾਂਦੀਆਂ ਹਨ, ਤੁਹਾਡਾ ਕੀ ਸਵਾਰਨਗੀਆਂ।

**ਬਾਕੀ ਸਫ਼ਾ 29 'ਤੇ**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਨਹੀਂ ਲੱਭਣੇ ਲਾਲ ਗੁਆਚੇ

ਕਾਂਡ 11

**- ਬਲਦੇਵ ਸਿੰਘ ਬੁੱਧ ਸਿੰਘ ਵਾਲਾ**

ਸਵੇਰ ਨੂੰ ਮੁਤ ਵਰਗੀ ਚਾਹ ਆ ਗਈ ਸਾਰਿਆਂ ਨੇ ਆਵਦੇ ਕੱਪਾਂ ਵਿੱਚ ਚਾਹ ਪੁਆਈ। ਕੇਵਲ ਦੇ ਨਹੁੰ ਛਿੱਲੇ ਦੇਖਕੇ ਸਾਰਿਆਂ ਨੂੰ ਰੋਣ ਆ ਰਿਹਾ ਸੀ। ਸਾਰਿਆਂ ਦਾ ਦਿਲ ਕੰਬ ਰਿਹਾ ਸੀ। ਸੋਚ ਰਹੇ ਸਨ ਅਗਲਾ ਨਿਸ਼ਾਨਾ ਕੌਣ ਹੈ? ਇਹਨਾਂ ਨਾਲ ਫ਼ਿਲਮ
"ਸਿੰਦ ਬਾਦ ਐਂਡ ਸੇਲਰ"
ਵਾਲੀ ਗੱਲ ਬਣੀ ਜਦੋਂ ਕਿ ਜਿੰਨ ਪੁੱਛ ਰਿਹਾ ਸੀ-
ਹੁ ਇਸ ਨਿਕਸ
ਫਰਕ ਇੰਨਾ ਸੀ ਕਿ ਇਹ ਆਪ ਸੋਚ ਰਹੇ ਸਨ ਕਿਉਂਕਿ ਜਿੰਨ / ਕੈਪਟਨ ਅਜੇ ਪੁੱਛਣ ਵਾਸਤੇ ਨਹੀਂ ਸੀ ਆਇਆ। ਯਾਰ ਕੇਵਲਾ ਤੂੰ ਉਸ ਕੰਜਰ ਬੁੱਚੜ ਕੈਪਟਨ ਦੀ ਮਿੰਨਤ ਸਪੈਂਦ ਕਰ ਲੈਂਦਾ ਤੇਰੀ ਏਹ ਹਾਲਤ ਤਾਂ ਹੁੰਦੀ ਕੇਵਲ ਦੇ ਨਹੁੰਆਂ ਤੇ ਫੂਕਾਂ ਮਾਰਦੇ ਹੋਏ ਮੀਕੇ ਨੇ ਕਿਹਾ।
ਸਾਲੇ ਮੇਰੇ ਨੇ ਮਿੰਨਤ ਦਾ ਮੌਕਾ ਕਦੋਂ ਦਿੱਤਾ ਕ੍ਹੈਂਦਾ ਤੂੰ ਭਿੰਡਰਾਂ ਵਾਲੇ ਤੋਂ ਪੈਸੇ ਖਾਧੇ ਆ, ਕਦੇ ਕ੍ਹੈਂਦਾ ਤੂੰ ਸਾਰਿਆਂ ਨੂੰ ਭੱਜਣ ਵਾਸਤੇ ਉਂਗਲ ਲਾਈ ਜਦੋਂ ਆਪਾਂ ਸਾਰਿਆਂ ਨੇ ਭਿੰਡਰਾਂ ਵਾਲਾ ਦੇਖਿਆ ਵੀ ਨੀ
ਏਹ ਅਫਸਰ ਕਿਸੇ ਦੇ ਨੀ ਹੁੰਦੇ ਸ਼ਿੰਗਾਰੇ ਨੇ ਕਿਹਾ।
ਹੁੰਦੇ ਕਿਉਂ ਨੀ ਆਪਣਾਂ ਕਰਨਲ ਕਿੰਨਾਂ ਚੰਗਾ ਸੀ, ਕਰਨਲ ਐਨਾ ਕੰਮਾਂ ਤੋਂ ਡਰਦਾ ਸੀ ਕਿ ਨਾ ਭੱਜੇ ਉਨ੍ਹੇ ਨਤੀਜੇ ਦਾ ਪਤਾ ਸੀ ਦਰਸ਼ਨ ਨੇ ਕਿਹਾ। ਉਦੋਂ ਨੂੰ ਜੀਪ ਰੁਕੀ ਵਿੱਚ ਕੱਲ ਵਾਲਾ ਸਰਦਾਰ ਕੈਪਟਨ ਉੱਤਰ ਆਇਆ ਉਸਦੇ ਨਾਲ ਇੱਕ ਸਿੱਖ ਕਰਨਲ ਵੀ ਸੀ। ਸਾਰੇ ਚੁੱਪ ਕਰ ਗਏ। ਹੌਲਦਾਰ ਨੇ ਸੀਟੀ ਮਾਰੀ ਸਾਰੇ ਗ੍ਰਾਊਂਡ ਵਿੱਚ ਇਕੱਠੇ ਹੋ ਗਏ। ਚਾਰ ਚੁਫੇਰੇ ਫੌਜੀਆਂ ਨੇ ਰਾਈਫਲਾਂ ਸੰਭਾਲ ਲਈਆਂ ਜਿਵੇਂ ਚੀਨ ਦੇ ਕੈਦੀ ਹੋਣ।
ਕਲਰਕ ਸਿੰਸਿੰਹ ਪਾਂਚ ਕਦਮ ਆਗੇ ਸ਼ਿੰਗਾਰਾ ਅੱਗੇ ਆ ਗਿਆ।
ਦਾਹਿਨੇ ਮੁੜ ਤੇਜ਼ ਚੱਲ ਸ਼ਿੰਗਾਰਾ ਸੱਜੇ ਪਾਸੇ ਮੁੜਕੇ ਤੁਰਨ ਲੱਗਾ ਉਸਨੂੰ ਵੀ ਟਾਰਚਰ ਰੂਮ ਵਿੱਚ ਲਿਜਾਇਆ ਗਿਆ ਜਿੱਥੇ ਕੇਵਲ ਨੂੰ ਲੈਕੇ ਗਏ ਸੀ। ਸਾਹਮਣੇ ਕੁਰਸੀ ਤੇ ਸਿੱਖ ਕਰਨਲ ਤੇ ਕੈਪਟਨ ਬੈਠੇ ਸਨ ਦੋ ਭਈਏ ਹੌਲਦਾਰ ਕੋਲ ਖੜੇ ਸਨ।
ਸ਼ਿੰਗਾਰਾ ਸਲੂਟ ਮਾਰਕੇ ਅਫਸਰਾਂ ਅੱਗੇ ਸਾਵਧਾਨ ਹੋ ਕੇ ਖੜ੍ਹਾ ਹੋ ਗਿਆ।
ਸਾਵਧਾਨ ਦੀ ਕੋਈ ਨੀ ਤੂੰ ਆਰਾਮ ਨਾਲ ਕੁਰਸੀ ਤੇ ਬੈਠ ਜਾ ਕਰਨਲ ਨੇ ਕਿਹਾ। ਸਿੰਨੇ ਸੋਚਿਆ ਰੱਬ ਭਲੀ ਕਰੂਗਾ ਨਰਮੀ ਨਾਲ ਬੋਲਿਆ।
ਨਈਂ ਜੀ ਬੱਸ ਠੀਕ ਆ ਸਿੰਨੇ ਕਿਹਾ।
ਚੱਲ ਵਈ ਤੇਰੀ ਮਰਜ਼ੀ ਹਾਂ ਦੱਸ ਵਈ ਬ੍ਰਗੇਡੀਅਰ ਨੂੰ ਕੀਨ੍ਹੇ ਮਾਰਿਆ
ਮੈਨੂੰ ਤਾਂ ਪਤਾ ਨੀ ਜੀ ਸ਼ਿੰਗਾਰੇ ਨੇ ਕੰਬਦੇ ਹੋਏ ਨੇ ਕਿਹਾ।
ਸਾਨੂੰ ਸੱਚ ਬੁਲਵਾਉਣਾਂ ਔਂਦਾ
'ਤਤਤ'
ਹਮ ਚਾਏ ਪੀਕਰ ਆਤੇ ਹੈ ਆਧੇ ਘੰਟੇ ਮੇਂ ਇਸਕੇ ਅੰਦਰ ਸੇ ਸੱਚ ਨਿਕਾਲੋ ਬ੍ਰਗੇਡੀਅਰ ਕੋ ਕਿਸਨੇ ਮਾਰਾ, ਔਰ ਬਗਾਵਤ ਕੇ ਲੀਏ ਕਿਸਨੇ ਉਕਸਾਇਆ ਔਰ ਭਿੰਡਰਾਂ ਵਾਲੇ ਸੇ ਕਿਤਨੇ ਪੈਸੇ ਲੀਏ ਹੈਂ ਕਰਨਲ ਨੇ ਹੌਲਦਾਰਾਂ ਨੂੰ ਕਿਹਾ ਤੇ ਦੋਨੋਂ ਚਲੇ ਗਏ। ਭਈਏ ਹੌਲਦਾਰ ਤਾਂ ਪਹਿਲਾਂ ਹੀ ਸਿੱਖਾਂ ਤੇ ਲਗਦੇ ਸਨ ਕਿਉਂਕਿ ਇਹਨਾਂ ਦੀ ਮਾਂ ਪ੍ਰਧਾਨ ਮੰਤਰੀ ਮਾਰ ਦਿੱਤੀ ਦੂਜਾ ਇਹ ਹੁਣ ਜਾੜ ਥੱਲੇ ਆਏ ਸਨ। ਫਸੇ ਸਨ ਹੁਣ ਇਹਨਾਂ ਤੋਂ ਗਿਣ-ਗਿਣ ਕੇ ਬਦਲੇ ਲੈਣੇ ਹਨ। ਇਹ ਸੈਂਟਰ ਸਰਕਾਰ ਨੇ ਉੱਤੋਂ ਆਡਰ ਕੀਤਾ ਸੀ! ਜੋ ਸਰਕਾਰ ਇੱਕ ਦਿਨ ਪਹਿਲਾਂ ਛੱਡਣ ਨੂੰ ਤਿਆਰ ਸੀ ਅੱਜ ਉਹੀ ਸਰਕਾਰ ਭਗੌੜੇ ਫੌਜੀਆਂ ਦੇ ਖੂਨ ਦੀ ਪਿਆਸੀ ਬਣੀ ਹੋਈ ਸੀ! ਕਿਉਂਕਿ ਇਹਨਾ ਦੀ ਮਾਂ ਮਾਰ ਦਿੱਤੀ ਸੀ।
ਚਲੋ ਬਾਂਧੋ ਸੀਖ ਕੇ ਹਾਥ ਪਾਂਵ ਔਰ ਕਰੋ ਗਰਮ ਇੱਕ ਕਾਲੇ ਜਿਹੇ ਭਈਏ ਨੇ ਬੀੜਾ ਬੁੱਲਾਂ ਵਿੱਚ ਰੱਖਕੇ ਸ਼ਿੰਗਾਰੇ ਵੱਲ ਦੇਖਕੇ ਥੁੱਕਦੇ ਹੋਏ ਨੇ ਕਿਹਾ। ਥੋੜਾ ਜਿਹਾ ਥੁੱਕ ਸ਼ਿੰਗਾਰੇ ਉੱਤੇ ਵੀ ਪੈ ਗਿਆ ਸ਼ਿੰਗਾਰੇ ਨੂੰ ਅੱਗ ਲੱਗ ਗਈ। ਸ਼ਿੰਗਾਰੇ ਨੂੰ ਉਸਦੇ ਕਾਲੇ ਦੰਦ ਦੇਖਕੇ ਕਚਿਆਂਣ ਆਈ ਪਰ ਕੀ ਕਰ ਸਕਦਾ ਸੀ? ਕੁਛ ਨਹੀਂ ਸੀ ਕਰ ਸਕਦਾ! ਹੌਲਦਾਰ ਨੇ ਸ਼ਿੰਗਾਰੇ ਦੇ ਦੋਨੋਂ ਹੱਥ ਛੱਤ ਤੇ ਲੱਗੇ ਬੀਮ ਨਾਲ ਰੱਸੀ ਨਾਲ ਬੰਨ ਦਿੱਤੇ। ਪਤਲੀ ਰੇਸ਼ਮੀ ਰੱਸੀ ਗੁੱਟ ਵਿੱਚ ਖੁੱਭ ਗਈ ਜਿਸ ਨਾਲ ਦਰਦ ਹੋਇਆ ਦੋਨੋਂ ਹੱਥ ਬੰਨ ਕੇ ਦੂਜਾ ਭਈਆ ਬਿਲਟ ਮੀਕੇ ਦੇ ਚਿੱਤੜਾਂ ਤੇ ਮਾਰਨ ਲੱਗ ਪਿਆ।
ਹਾਏ ਓਏ ਮਰਗਿਆ ਸ਼ਿੰਗਾਰਾ ਤੜਫਿਆ ਕਿਉਂਕਿ ਜਦੋਂ ਬਿਲਟ ਤੇ ਲੱਗਾ ਪਿੱਤਲ ਦਾ ਕੁੰਡਾ ਜ਼ੋਰ ਨਾਲ ਸਰੀਰ ਤੇ ਵੱਜਦਾ ਸੀ ਤਾਂ ਜਾਨ ਨਿਕਲ ਜਾਂਦੀ ਸੀ।
ਬੋਲ ਕਿਸੇ ਭਾਗਨੇ ਕੇ ਲੀਏ ਉਕਸਾਇਆ ਬੋਲ ਆਖਕੇ ਬਿਲਟ ਪੈਣ ਦੇ ਜਿੱਥੇ ਪੈਂਦੀ ਆ। ਇੱਕ ਭਈਆ ਕੁੱਟ ਕੁੱਟ ਕੇ ਥੱਕ ਗਿਆ ਤਾਂ ਦੂਜੇ ਭਈਏ ਨੇ ਗੇਨਤੀ ਦਾ ਦਸਤਾ ਚੱਕ ਲਿਆ! ਉਸਨੇ ਜਦੋਂ ਗੇਨਤੀ ਦਾ ਦਸਤਾ ਦੋ ਚਾਰ ਵਾਰ




ਢਿੱਡ ਤੇ ਮਾਰਿਆ ਤਾਂ ਸ਼ਿੰਗਾਰਾ ਬੇਹੋਸ਼ ਹੋ ਗਿਆ!
ਅਰੇ ਖੋਲੋ ਇਸਕੇ ਹਾਥ ਕਹੀਂ ਮਰ ਨਾ ਜਾਏ ਇੱਕ ਬਾਹਰੋਂ ਡੋਗਰੇ ਹੌਲਦਾਰ ਨੇ ਆਕੇ ਕਿਹਾ। ਕਿਉਂਕਿ ਉਹ ਨਰਮ ਦਿਲ ਦਾ ਬੰਦਾ ਸੀ ਸ਼ਿੰਗਾਰੇ ਦੀਆਂ ਚੀਕਾਂ ਉਸਤੋਂ ਝੱਲੀਆਂ ਨਹੀਂ ਸਨ ਜਾਂਦੀਆਂ ਫਿਰ ਵੀ ਪੰਜਾਬ ਨਾਲ ਸਬੰਧ ਰਖਦਾ ਸੀ ਤੇ ਪੰਜਾਬੀ ਸੀ।
ਮਰ ਗਿਆ ਤੋ ਕੌਨ ਸਾ ਪਹਾੜ ਗਿਰ ਜਾਏਗਾ ਤੁਮ ਬੀਚ ਮੇਂ ਮੱਤ ਆਓ ਭਈਏ ਨੇ ਆਕੜ ਕੇ ਕਿਹਾ।
ਅਰੇ ਯੇ ਭੀ ਕਿਸੀ ਮਾਂ ਕਾ ਪੂਤ ਔਰ ਬਹਿਨ ਕਾ ਭਾਈ ਹੈ ਅਗਰ ਤੁਮ ਇਸ ਕੀ ਜਗ੍ਹਾ ਪਰ ਹੋਤੇ ਤੋ? ਡੋਗਰੇ ਨੇ ਕਿਹਾ।
ਅਗਰ ਹਮ ਨਹੀਂ ਪੀਟੇਂਗੇ ਤੋ ਕਰਨਲ ਸਾਹਬ ਹਮੇਂ ਪੀਟੇਂਗੇ ਮਗਰ ਅਬ ਤੋ ਬੇਚਾਰਾ ਬੇਹੋਸ਼ ਹੋ ਗਯਾ ਅਬ ਕਿਆ ਕਰੋਗੇ? ਯੇ ਸਭ ਉਪਰ ਵਾਲੇ ਸੋਚੇਗੇ ਤੁਮ ਅਪਨਾ ਰਾਸਤਾ ਨਾਪੋ ਕਹੀਂ ਤੇਰੇ ਕੋ ਨਾ ਮਸਾਲਾ ਦੇਨਾ ਪੜੇ ਭਈਏ ਨੇ ਬੀੜਾ ਮਲਦੇ ਹੋਏ ਨੇ ਕਿਹਾ। ਡੋਗਰਾ ਚਲਾ ਗਿਆ ਕੈਪਟਨ ਤੇ ਕਰਨਲ ਦੋਨੋਂ ਆ ਗਏ।
ਹਾਂ ਭਈ ਪੜੀ ਮਿਹਨਤ ਪੱਲੇ ਕੈਪਟਨ ਨੇ ਹੌਲਦਾਰ ਨੂੰ ਪੁੱਛਿਆ ਜਿਵੇਂ ਚੀਨ ਦੀ ਚੌਕੀ ਤੇ ਕਬਜ਼ਾ ਕਰਨਾ ਹੋਵੇ।
ਸ਼ਾਹਬ ਪਤਾ ਨਈਂ ਯੇ ਸੀਖ ਕੈਸੀ ਮੱਟੀ ਕਾ ਬਨਾ ਹੂਆ ਹੈ ਟੱਸ ਸੇ ਮੱਸ ਨਹੀਂ ਹੂਆ ਭਈਏ ਨੇ ਕਿਹਾ।
ਅੱਛਾ ਤੁਮ ਜਾਓ ਔਰ ਹਾਸਪੀਟਲ ਕੇ ਲੀਏ ਗਾੜੀ ਭੇਜ ਦੋ ਕਰਨਲ ਨੇ ਕਿਹਾ। ਸ਼ਿੰਗਾਰਾ ਬੇਹੋਸ਼ ਸੀ, ਉਸਨੂੰ ਕਿਸੇ ਗੱਲ ਦਾ ਪਤਾ ਨਹੀਂ ਸੀ! ਉਸਦੇ ਕੇਸ ਖਿੰਡੇ ਪੁੰਡੇ ਪਏ ਸਨ। ਜਿਹਨਾਂ ਕੇਸਾਂ ਨੂੰ ਸ਼ਿੰਗਾਰਾ ਜਾਨ ਤੋਂ ਵੱਧ ਪਿਆਰੇ ਸਮਝਦਾ ਸੀ, ਅੱਜ ਉਸਦੇ ਖੁੱਲੇ ਵਾਲਾਂ ਉੱਤੇ ਪੈਰ ਰੱਖਕੇ ਭਈਏ ਜਾ ਰਹੇ ਸਨ! ਉਸਨੂੰ ਕੋਈ ਸੁੱਧ ਬੁੱਧ ਨਹੀਂ ਸੀ!
ਸਾਬ੍ਹ ਇਹ ਤਾਂ ਮੰਨੂੰਗਾ ਨਹੀਂ ਤੇ ਬ੍ਰਗੇਡੀਅਰ ਸਾਹਬ ਦਾ ਕਾਤਲ ਵੀ ਜੱਗ ਜਾਹਰ ਕਰਨਾ ਹੈ, ਕੀ ਕੀਤਾ ਜਾਵੇ? ਕੈਪਟਨ ਨੇ ਕਰਨਲ ਤੋਂ ਪੁੱਛਿਆ।
ਕਰਨਾ ਕੀਆ ਸ਼ਿੰਗਾਰੇ ਦਾ ਨਾਂ ਤੇ ਖ਼ਬਰ ਲਵਾ ਦੇਵੋ ਕੋਰਟ ਵਿੱਚ ਕੇਸ ਚੱਲੂਗਾ
ਚੱਲਣ ਦਿਓ ਆਪਾਂ ਈ ਜੱਜ ਤੇ ਆਪਾਂ ਈ ਵਕੀਲ ਕੋਈ ਗੱਲ ਨੂੰ ਕੱਲ ਨੂੰ ਚਾਰਜ ਸ਼ੀਟ ਤਿਆਰ ਕਰੋ
ਪਰ ਸਾਬ੍ਹ ਗਵਾਹ ਕੌਣ ਬਣੂੰ ਕੈਪਟਨ ਨੇ ਕਿਹਾ।
ਤੂੰ ਕਿਹੜੇ ਮਰਜ਼ ਦੀ ਦੁਆ ਗਵਾਹ ਤੂੰ ਬਣੇਗਾ
ਨਾ ਸਾਹਬ ਮੈਥੋਂ ਝੂਠ ਨੀ ਬੋਲਿਆ ਜਾਣਾਂ ਇਹ ਕੰਮ ਵਾਸਤੇ ਕੋਈ ਹੋਰ ਬੰਦਾ ਭਾਲੋ ਕੈਪਟਨ ਨੇ ਕੰਨਾ ਤੇ ਹੱਥ ਧਰਦੇ ਹੋਏ ਨੇ ਕਿਹਾ।
ਜੇ ਤੁਰੰਤ ਮੇਜਰ ਸਾਹਬ ਬਨਣਾ ਤਾਂ ਫਟਾ ਫਟ ਗਵਾਹ ਵਾਸਤੇ ਤਿਆਰ ਹੋ ਜਾ ਨਈਂ ਤਾਂ ਤੈਥੋਂ ਜੂਨੀਅਰ ਕੈਪਟਨ ਨੂੰ ਗਵਾਹ ਬਣਾ ਕੇ ਤਿੰਨ ਸ਼ਵਾਲਾ ਤਾਜ ਉਸਦੇ ਮੋਢੇ ਤੇ ਮਨਜ਼ੂਰ ਆ? ਕਰਨਲ ਨੇ ਲਾਲਚ ਦੇਣ ਦੀ ਕੋਸ਼ਿਸ਼ ਕੀਤੀ।
ਹਾਂ ਜੀ ਮਨਜ਼ੂਰ ਕੈਪਟਨ ਨੇ ਖੁਸ਼ੀ ਨਾਲ ਕਿਹਾ ਕਰਨਲ ਢਿੱਲਾ ਹੋ ਗਿਆ।
ਦੇਖ ਲਾ ਜੂਨੀਅਰ ਥੱਲੇ ਨੌਕਰੀ ਕਰਨੀ ਬ੍ਹੌਤ ਔਖੀ ਆ ਕਰਨਲ ਨੇ ਡਰਾਵਾ ਦਿੱਤਾ।
ਕੋਈ ਨੀ ਜੀ ਪਰ ਮੇਰੇ ਕੋਲੋਂ ਦਫਤਰਾਂ ਦੇ ਗੇੜੇ ਨੀ ਕੱਢੇ ਜਾਣੇ ਨਾਲੇ ਮੈਂ ਕਿਵੇਂ ਗੁਟਕਿਆਂ ਤੇ ਹੱਥ ਰੱਖੂੰਗਾ ਕੈਪਟਨ ਨੇ ਕਿਹਾ। ਉਦੋਂ ਨੂੰ ਐਂਬੂਲੈਂਸ ਆ ਗਈ ਦੋਨੋਂ ਚੁੱਪ ਹੋ ਗਏ। ਚਾਰ ਫ਼ੌਜੀਆਂ ਨੇ ਸ਼ਿੰਗਾਰੇ ਨੂੰ ਗੱਡੀ ਵਿੱਚ ਸਿੱਟ ਕੇ ਹੱਸਪਤਾਲ ਲੈ ਗਏ। ਉਥੇ ਦੁਆ ਦਾਰੂ ਕੀਤਾ ਸ਼ਿੰਗਾਰੇ ਨੂੰ ਹੋਸ਼ ਆ ਗਈ। ਉੱਧਰੋਂ ਕਰਨਲ ਵੀ ਸੋਟੀ ਘੁੰਮਾਂਉਂਦਾ ਕੋਲ ਆ ਗਿਆ।
ਕੈਸਾ ਹੈ ਜਵਾਨ ਕਰਨਲ ਨੇ ਕਿਹਾ।
ਠੀਕ ਹੂੰ ਸਾਬ੍ਹ ਸ਼ਿੰਗਾਰੇ ਨੇ ਬੈਠਣ ਦੀ ਕੋਸ਼ਿਸ ਕਰਦੇ ਹੋਏ ਨੇ ਕਿਹਾ ਪਰ ਬੈਠਿਆ ਨਹੀਂ ਸੀ ਜਾਂਦਾ। ਕੁੱਟਿਆ ਬਹੁਤ ਜ਼ਿਆਦਾ ਸੀ। ਬੱਸ ਇੰਨਾਂ ਕੁ ਹਾਲ ਚਾਲ ਪੁੱਛ ਕੇ ਚਲਾ ਗਿਆ। ਚੱਕਰ ਮਾਰਦਾ ਮਾਰਦਾ ਡਾਕਟਰ ਵੀ ਸ਼ਿੰਗਾਰੇ ਕੋਲ ਆ ਗਿਆ।
ਕਿਆ ਹਾਲ ਹੈ ਸ਼ਿੰਗਾਰਾ ਸਿੰਹ ਮੰਜੇ ਤੇ ਲੱਗੀ ਨੇਮ ਪਲੇਟ ਤੇ ਨਾ ਪੜਕੇ ਡਾਕਟਰ ਨੇ ਪੁੱਛਿਆ।
ਸਾਰਾ ਬਦਨ ਦਰਦ ਕਰ ਰਹਾ ਹੈ ਸਾਬ੍ਹ ਔਰ ਪੇਟ ਮੇਂ ਬਹੁਤ ਦਰਦ ਹੋ ਰਹਾ ਹੈ
ਅਰੇ ਜੋ ਯੇ ਲੋਗ ਕਹਿਤੇ ਹੈ ਮਾਨ ਜਾਓ ਵਰਨਾ ਬੇ-ਮੌਤ ਮਾਰੇ ਜਾਓਗੇ
ਸਾਬ੍ਹ ਝੂਠ ਕੈਸੇ ਬੋਲੇਂ ਬ੍ਰਗੇਡੀਅਰ ਕੋ ਮਾਰਨੇ ਵਾਲਾ ਇਨ ਲੋਗੋਂ ਨੇ ਮਾਰ ਦੀਆ ਔਰ ਅਬ ਕਹਿਤੇ ਹੈਂ ਉਸ ਕਾ ਕਤਲ ਅਪਨੇ ਜੁੰਮੇ ਲੋ ਮੈਂ ਕੈਸੇ ਮਾਨ ਲੂੰ ਕੈਸੇ ਝੂਠ ਬੋਲੂੰ
ਅਗਰ ਤੁਮ ਨਾ ਮਾਨੇ ਤੋ ਯੇ ਲੋਗ ਪੀਟ ਪੀਟ ਕਰ ਮਾਰ ਦੇਂਗੇ, ਇਸ ਸੇ ਅੱਛਾ ਮਾਨ ਜਾਓ ਔਰ ਜੋ ਸਜ਼ਾ ਮਿਲੇ ਕਬੂਲ ਕਰ ਲੋ
ਅਗਰ ਮੈਂ ਮਾਨ ਜਾਊਂ ਕਿ ਬ੍ਰਗੇਡੀਅਰ ਕਾ ਕਤਲ ਮੈਨੇ ਕੀਆ ਸਜ਼ਾ ਮੌਤ ਕੀ ਮਿਲੇਗੀ ਔਰ ਨਾ ਮਾਨਨੇ ਯੇ ਪੀਟ ਕਰ ਮਾਰ ਦੇਂਗੇ! ਮੇਰੇ ਕੋ ਤੋ ਮਰਨਾ ਹੈ ਹੀ ਫਿਰ ਮੈਂ ਝੂਠ ਕਿਓਂ ਬੋਲੂੰ?

ਯੇ ਤੋ ਹੈ, ਤੁਮਾਰੀ ਮਰਜ਼ੀ ਹੈ ਔਰ ਕਿਸੇ ਚੀਜ਼ ਕੀ ਜਰੂਰਤ ਨਹੀ ਸਾਬ੍ਹ ਸ਼ਿੰਗਾਰੇ ਨੇ ਕਿਹਾ ਡਾਕਟਰ ਚਲਾ ਗਿਆ। ਸਿੰਨੇ ਬਾਹਰ ਵੱਲ ਦੇਖਿਆ ਇੱਕ ਹੋਰ ਮਰੀਜ਼ ਵੀਲ ਚੇਅਰ ਤੇ ਹੋਰ ਆ ਰਹੇ ਸਨ। ਸ਼ਿੰਗਾਰੇ ਕੋਲ ਹੀ ਬਿੱਡ ਖਾਲੀ ਸੀ ਉਸ ਤੇ ਉਸਨੂੰ ਪਾਕੇ ਆਕਸੀਜ਼ਨ ਤੇ ਗੁਲੂਕੋਸ਼ ਲਾ ਦਿੱਤੇ। ਅੱਗੇ ਨੇਮ ਪਲੇਟ ਲਾ ਦਿੱਤੀ। ਜਦੋਂ ਉਸ ਮਰੀਜ਼ ਦਾ ਮੂੰਹ ਨੰਗਾ ਕੀਤਾ ਤਾਂ ਸ਼ਿੰਗਾਰੇ ਨੇ ਦੇਖਿਆ ਇਹ ਕੇਵਲ ਸੀ! ਸ਼ਿੰਗਾਰਾ ਗੱਲ ਕਰਨ ਲੱਗਾ ਤਾਂ ਕੇਵਲ ਨੇ ਆਵਦੇ ਬੁੱਲਾਂ ਤੇ ਉਂਗਲੀ ਰੱਖਕੇ ਚੁੱਪ ਕਰਵਾ ਦਿੱਤਾ। ਸ਼ਾਮ ਪੈ ਗਈ ਸੀ। ਹੱਸਪਤਾਲ ਦੀ ਸ਼ਿਫਟ ਬਦਲੀ ਹੋ ਗਈ। ਕੰਪਾਉਡਰਾਂ ਨੇ ਮਰੀਜ਼ਾ ਨੂੰ ਦੁਆ ਦਾਰੂ ਦਿੱਤੀ। ਉਸਤੋਂ ਬਾਅਦ ਰਾਤ ਦਾ ਖਾਣਾ ਆ ਗਿਆ ਸਾਰੇ ਖਾਣਾ ਖਾ ਰਹੇ ਸਨ, ਖਾਂਦੇ ਖਾਂਦੇ ਗੱਲਾਂ ਵੀ ਕਰ ਰਹੇ ਸਨ।
ਤੂੰ ਕੋਈ ਜੁਰਮ ਤਾਂ ਨੀ ਕਬੂਲ ਕੀਤਾ ਕੇਵਲ ਨੇ ਸ਼ਿੰਗਾਰੇ ਤੋਂ ਪੁੱਛਿਆ।
ਅਜੇ ਤੱਕ ਤਾਂ ਨਹੀਂ! ਪਰ ਝੂਠਾ ਮੂਠਾ ਕਰ ਵੀ ਲਿਆ ਤਾਂ ਪਿੱਛਾ ਤਾਂ ਆਪਣਾਂ ਫਿਰ ਵੀ ਨੀ ਛੁੱਟਣਾ ਕੀ ਕਰਨਾ ਤੇ ਕੀ ਨਹੀਂ ਕਰਨਾ ਸਮਝੋਂ ਬਾਹਰ ਆ ਹੁਣ ਤੂੰ ਦੱਸ?
ਦਿਲ ਤਾਂ ਮੇਰਾ ਵੀ ਕਰਦਾ ਸੀ ਕਿ ਸਾਰਾ ਕੁਝ ਹਾਂ ਚ ਕਹਿਕੇ ਪਿੱਛਾ ਛਡਾਈਏ
ਫਿਰ
ਅਸੀਂ ਸਾਰਿਆਂ ਨੇ ਰਾਏ ਵੀ ਕਰਲੀ ਸੀ ਕਿ ਕੁੱਟ ਨਾ ਖਾਓ ਸਭ ਕੁਛ ਮੰਨ ਕੇ ਪਿੱਛਾ ਛੁਡਾਓ
ਹੁਣ ਕੀ ਵਿਚਾਰ ਆ
ਵਿਚਾਰ ਕੀ ਹੋਣਾਂ ਜਦੋਂ ਅਸੀਂ ਸਾਰਾ ਕੁਛ ਮੰਨ ਜਾਣ ਦਾ ਵਿਚਾਰ ਬਣਾਇਆ ਤਾਂ ਇੱਕ ਹਿੰਦੂ ਮੇਜਰ ਆ ਗਿਆ
ਓਨ੍ਹੇ ਕੀ ਕਿਹਾ
ਲੈ ਸੁਣ ਉਹ ਸਾਡੇ ਕੋਲ ਆ ਬੈਠ ਗਿਆ ਤੇ ਬਾਹਰ ਵੱਲ ਵੀ ਦੇਖ ਰਿਹਾ ਸੀ ਕਿ ਉਸਨੂੰ ਕੋਈ ਦੇਖ ਤਾਂ ਨਹੀਂ ਰਿਹਾ ਉਹ ਕਹਿਣ ਲੱਗਾ
ਜਵਾਨੋ ਤੁਸੀਂ ਕਿਸੇ ਕੋਲ ਮੇਰਾ ਨਾਂ ਨੀ ਲੈਣਾ ਕਿ ਮੈਂ ਥੋਡੇ ਨਾਲ ਕੋਈ ਗੱਲ ਕੀਤੀ ਸੀ
ਠੀਕ ਆ ਜੀ
ਗੱਲ ਏਹ ਆ ਬਹਾਦਰ ਜਵਾਨੋ ਤੁਸੀਂ ਦਰਬਾਰ ਸਹਿਬ ਦੀ ਬੇਜ਼ਤੀ ਨਾ ਸਹਾਰਦੇ ਹੋਏ ਰੋਜ਼ੀ ਰੋਟੀ ਨੂੰ ਲੱਤ ਮਾਰ ਕੇ ਬੈਰਕਾਂ ਛੱਡ ਦਿੱਤੀਆਂ ਥੋਡੀ ਜਿੰਨੀ ਵੀ ਤਾਰੀਫ਼ ਕੀਤੀ ਜਾਵੇ ਥੋੜੀ ਏ। ਕਈ ਹਿੰਦੂ ਅਫ਼ਸਰ ਵੀ ਥੋਡੇ ਨਾਲ ਹਨ, ਪਰ ਡਰਦਾ ਕੋਈ ਮੂੰਹ ਨਹੀਂ ਖੋਲ੍ਹਦਾ। ਇਹ ਜੋ ਦੋ ਅਫਸਰ ਕਰਨਲ ਤੇ ਕੈਪਟਨ ਨੇ ਇਹ ਹੀ ਥੋਡੇ ਸਿੱਖਾਂ ਦੇ ਦੁਸ਼ਮਨ ਨੇ
ਕੀ ਗੱਲ ਜੀ ਏਹ ਤਾਂ ਪੂਰੇ ਸਿੱਖ ਆ ਸਾਬਤ ਸਰੂਪ ਮੈਂ ਕਿਹਾ।
ਏਹ ਸਭ ਦਿਖਾਵਾ ਏ ਸੱਜਨ ਠੱਗ ਵਾਂਗ ਨੇ ਇਹ ਦੋਨੋਂ ਨਿਰੰਕਾਰੀ ਆ ਸਿੱਖਾਂ ਦੇ ਦੁਸ਼ਮਨ ਏਹ ਤਾਂ ਦਰਬਾਰ ਸਹਿਬ ਤੇ ਹਮਲੇ ਤੇ ਖੁਸ਼ ਹੋਏ ਸੀ, ਸ਼ਰਾਬਾਂ ਪੀਤੀਆਂ ਸੀ, ਮਠਿਆਈਆਂ ਵੰਡੀਆਂ ਏਨ੍ਹਾ ਪਾਪੀਆਂ ਨੇ, ਹੁਣ ਵੀ ਬ੍ਰਗੇਡੀਅਰ ਦਾ ਕਤਲ ਕਿਸੇ ਦੇ ਨਾ ਮੜਨ ਨੂੰ ਫਿਰਦੇ ਆ ਤੁਸੀ ਮੰਨਣਾਂ ਨਹੀਂ ਸਮਝੇ?
ਓਹ ਤਾਂ ਠੀਕ ਸਾਬ੍ਹ ਪਰ ਕੁੱਟਦੇ ਤੇ ਬ੍ਹੌਤ ਆ ਜਲੀਲ ਕਰਦੇ ਆ ਇਕ ਦਿਨ ਤਾਂ ਮੰਨ ਕੇ ਜਾਂਨ ਬਚੌਣੀ ਪਊ ਕਿਉਂਕਿ ਕੁੱਟੀਦਾ-ਕੁੱਟੀਦਾ ਤਾਂ ਲੋਹਾ ਵੀ ਫਿੱਸ ਜਾਂਦਾ ਅਸੀਂ ਤਾਂ ਬੰਦੇ ਆਂ ਥੋਨੂੰ ਸਾਡੇ ਦਰਦ ਦਾ ਕੀ ਪਤਾ-
ਜਿਸ ਤਨ ਲਾਗੇ ਸੋ ਤਨ ਜਾਨੇ ਕੌਨ ਜਾਨੇ ਪੀੜ ਪਰਾਈ
ਮੈਂ ਰੋ ਕੇ ਕਿਹਾ।
ਮੈਨੂੰ ਪਤਾ ਪੁੱਤਰੋ ਪਤਾ! ਜੇ ਸਾਰੇ ਜੁਰਮਾਂ ਦਾ ਇਕਬਾਲ ਕਰਕੇ ਪਿੱਛਾ ਛੁੱਟਦਾ ਹੋਵੇ ਤਾਂ ਮੈਂ ਖੁਦ ਆਖ ਦੇਵਾਂ ਕਿ ਜੁਰਮ ਕਬੂਲ ਕਰਲੋ, ਕਿਉਂਕਿ ਏਹ ਨਿਰੰਕਾਰੀਏ ਤਾਂ ਦਰਬਾਰ ਸਹਿਬ ਦੇ ਅਟੈਕ ਤੇ ਖੁਸ਼ ਆ ਕਿਉਂਕਿ ਇੱਕ ਵਾਰ ਅੰਬਰਸਰ ਵਿੱਚ ਇਹਨਾਂ ਦੇ ਕਿਸੇ ਨਿਰੰਕਾਰੀ ਬਾਬੇ ਨਾਲ ਲੜਾਂ ਲੜਾਈ ਹੋਗੀ ਸੀ
ਜੀ ਇਸ ਵਿੱਚ ਸਾਡਾ ਕੀ ਕਸੂਰ
ਕਸੂਰ ਏਹ ਕਿ ਤੁਸੀਂ ਨਿਰੰਕਾਰੀ ਨਹੀਂ
ਹੁਣ ਫਿਰ
ਹੁਣ ਮੈਂ ਤਾਂ ਏਹ ਹੀ ਕੈਨੂੰ ਆਇਆ ਕਿ ਇ੍ਹਨਾਂ ਅੱਗੇ ਝੁਕਣਾ ਨਹੀਂ। ਜੇ ਝੁਕ ਵੀ ਗਏ ਛੱਡਣਾ ਏਨ੍ਹਾਂ ਨੇ ਥੋਨੂੰ ਫਿਰ ਵੀ ਨਈਂ ਕਿਓਂ ਨਾ ਸਿਰ ਉੱਚਾ ਕਰਕੇ ਬੋਲਿਆ ਜਾਵੇ ਤੇ ਸ਼ਾਂਨ

ਨਾਲ ਸੱਦਾਮ ਹੁਸੈਨ ਵਾਂਗ ਜਾਨ ਦਿੱਤੀ ਜਾਏ, ਮੈਂ ਸਾਰੀ ਜਾਣਕਾਰੀ ਲੈਕੇ ਆਇਆ ਹਾਂ ਤੇ ਥੋਨੂੰ ਹੌਸਲਾ ਦੇਣ

ਅਜੇ ਤੱਕ ਤਾਂ ਝੁਕੇ ਨੀ, ਤੇ ਝੁਕਾਂਗੇ ਵੀ ਨਈਂ ਥੋਡੀ ਮੇਰ੍ਹਬਾਨੀ ਸਾਬ੍ਹ ਸਾਨੂੰ ਗੱਲ ਬਾਤ ਦੱਸੀ, ਕਹਾਵਤ ਆ ਡੁੱਬਦੇ ਨੂੰ ਤਿਨਕੇ ਦਾ ਸਹਾਰਾ ਕੇਵਲ ਨੇ ਕਿਹਾ ਮੇਜਰ ਚਲਾ ਗਿਆ।

ਕੀ ਕਰੀਏ ਯਾਰ ਕਸੂਤੇ ਫਸਗੇ, ਜੇ ਹਾਂ ਕੈਂਨ੍ਹੇ ਆਂ ਫੇਰ ਵੀ ਮਰਦੇ ਆਂ ਜੇ ਨਾਂਹ ਕੈਂਦ੍ਹੇ ਆਂ ਫੇਰ ਵੀ ਮਰਦੇ ਆਂ' ਕੇਵਲ ਉਦਾਸ ਹੋਕੇ ਕਿਹਾ। ਆਪਾਂ ਦਸਵੇਂ ਪਿਤਾ ਦੀ ਲਾਦ ਆਂ ਉਦਾਸ ਨੀ ਹੋਣਾ ਦੁੱਖ ਹੱਸਦੇ ਹੋਏ ਕੱਟੀਏ ਜਿਵੇਂ ਬਾਜਾਂ ਵਾਲੇ ਨੇ ਨੰਗੇ ਪੈਰੀਂ ਆਕੇ ਮਾਛੀ ਵਾੜੇ ਦੇ ਜੰਗਲਾਂ ਚ ਡੇਰਾ ਲਾਇਆ ਸੀ ਸਭ ਕੁਝ ਲੁਟਾ ਕੇ ਵੀ ਚੜ੍ਹਦੀਆਂ ਕਲਾਂ ਚ ਰਹੇ

ਇਓਂ ਤਾਂ ਭਾਊ ਆਪਾਂ ਕੁਝ ਗੌਲਦੇ, ਤੂੰ ਹੱਸਪਤਾਲ ਕਿਵੇਂ ਆਇਆ ਸ਼ਿੰਗਾਰੇ ਨੇ ਪੁੱਛਿਆ।

ਏਹ ਵੀ ਸੁਣਲਾ ਅਸੀਂ ਸਾਰੇ ਬੈਠੇ ਸੀ, ਮੈਨੂੰ ਕਹਿਣ ਲੱਗੇ, ਤੂੰ ਇਓਂ ਕਰ ਹੱਸਪਤਾਲ ਜਾਕੇ ਸ਼ਿੰਗਾਰੇ ਨੂੰ ਸਾਰੀ ਗੱਲ ਦੱਸ ਗਿਆਨੀ ਨੇ ਕਿਹਾ।

ਹਾਂ ਮੈਂ ਜਾਕੇ ਦੱਸਾਂ ਘਰ ਦਾ ਰਾਜ ਆ ਐਥੋਂ ਤਾਂ ਜਦੋਂ ਬਾਰ੍ਹ ਪਿਸ਼ਾਬ ਵਾਸਤੇ ਜਾਈਦਾ ਦੋ ਨਾਲ ਰਫਲਾਂ ਆਲੇ ਹੁੰਦੇ ਤੇ ਹੱਸਪਤਾਲ ਜਾਕੇ ਦੱਸਣ ਦੀਆਂ ਗੱਲਾਂ ਕਰਦੇਂ ਮੈਂ ਕਿਹਾ।

ਮੈਨੂੰ ਪਤਾ ਤੂੰ ਹਾਏ ਹਾਏ ਕਰਨ ਲੱਗਜਾ ਆਪੇ ਹੱਸਪਤਾਲ ਲੈ ਜਾਂਣਗੇ ਕਿਉਂਕਿ ਤੇਰੇ ਨਹੁੰਆਂ ਚੋਂ ਲਹੂ ਸਿੰਮ ਰਿਹੈ

ਏਹ ਸਕੀਮ ਠੀਕ ਆ ਮੈਂ ਹਾਏ ਹਾਏ ਕਰਨ ਲੱਗ ਗਿਆ ਐਂਬੂਲੈਂਸ ਹੱਸਪਤਾਲ ਲੈ ਆਈ ਤਾਹੀਂ ਮੈ ਕਹਾਂ ਏਹ ਸਾਲਾ ਮੇਰਾ ਸਿੱਖ ਆ ਤੇ ਸਾਡੇ ਨਾਲ ਵਰਤਾਓ ਹਿੰਦੂਆਂ ਨਾਲੋਂ ਭੈੜਾ ਕਰਦਾ ਸਿੰਗਾਰੇ ਨੇ ਕਿਹਾ।

ਓ ਯਾਰਾ ਹਿੰਦੂ ਤਾਂ ਸਿੱਖਾਂ ਨਾਲੋਂ ਕਈ ਦਰਜੇ ਚੰਗੇ ਆ ਸਿਆਣੇ ਕੈਂਦੇ ਆ

"ਜੇ ਸਿੱਖ ਨੂੰ ਸਿੱਖ ਨਾਂ ਮਾਰੇ ਤਾਂ ਸਿੱਖ ਕਦੇ ਨਾ ਹਾਰੇ"

ਚਲੋ ਸਿਰ ਤੇ ਬਣੀ ਨਿਵੇੜੇ "ਮਰਦਾਂ ਤੇ ਘੋੜਿਆ ਕੰਮ ਪੈਣ ਅਵੱਲੇ" ਸਿੰਨੇ ਕਿਹਾ।

ਤੈਨੂੰ ਯਾਦ ਆ ਜਦੋਂ ਆਪਾਂ ਬੈਰਕਾਂ ਛੱਡੀਆਂ ਸੀ ਤਾਂ ਸੂਬੇਦਾਰ ਨੇ ਕਿਹਾ ਸੀ–

"ਕਿ ਮੈਦਾਨੇ ਜੰਗ ਵਿੱਚ ਲੜਕੇ ਮਰਨਾ ਵੀ ਇੱਕ ਯੋਧੇ ਦਾ ਕੰਮ ਆ ਹੁਣ ਹੱਸ ਹੱਸ ਹੱਸਕੇ ਜਾਨਾਂ ਵਾਰਨੀਆਂ ਕੇਵਲ ਨੇ ਕਿਹਾ।

ਨਾਲੇ ਝੱਖੜ ਝੋਲਿਆਂ ਦੇ ਦੇਸ਼ ਵਿੱਚ ਰੁੱਖਾਂ ਤੇ ਮਨੁੱਖਾਂ ਨੂੰ ਆਰਾਮ ਕਿੱਥੇ ਸ਼ਿੰਗਾਰੇ ਨੇ ਕਿਹਾ।

ਔਹ ਕੋਨੇ ਚ ਵੀ ਇੱਕ ਸਿੱਖ ਪਿਆ ਲਗਦਾ ਕੇਵਲ ਨੇ ਪੁੱਛਿਆ।

ਹਾਂ ਓ ਵੀ ਆਪਣੇ ਚੋਂ ਆ, ਏ੍ਹਦੇ ਨਾਲ ਭਾਣਾ ਹੋਰ ਵਰਤਿਆ ਦਰਸ਼ਨ ਨੇ ਅੱਖਾਂ ਚ ਪਾਣੀ ਭਰਕੇ ਕਿਹਾ।

ਕੀ ਗੱਲ ਹੋਗੀ ਉਨੂੰ ਆਪਣੇ ਨਾਲੋਂ ਵੀ ਜਾਦਾ ਕੁੱਟਿਆ

ਇਸਦਾ ਨਾ ਦੂਲਾ ਹੈ ਇਸਨੂੰ ਕੁੱਟਿਆ ਨੀ ਪਰ ਇਸ ਨੂੰ 8 ਦਿਨ ਤੇ ਅੱਠ ਰਾਤਾਂ ਲਗਾਤਾਰ ਗਰਮ ਪਾਣੀ ਚ ਖੜ੍ਹਾ ਰੱਖਕੇ ਇੱਕ ਦਿਨ ਦੀ ਰਿਸਟ ਦੇਕੇ ਫਿਰ 7 ਦਿਨ 7 ਰਾਤਾਂ ਪਾਣੀ ਚ ਖੜ੍ਹਾ ਰੱਖਿਆ ਦਰਸ਼ਨ ਨੇ ਕਿਹਾ।

ਏਹ ਸੁੱਤਾ ਕਿਵੇਂ? ਕਿਉਂਕਿ 4 ਦਿਨ 4 ਰਾਤਾਂ ਬੰਦਾ ਨਾਂ ਸੌਂ ਸਕੇ ਤਾਂ ਮਰ ਜਾਂਦਾ ਕੇਵਲ ਨੇ ਹੈਰਾਨ ਹੋ ਕੇ ਕਿਹਾ।

ਏਹ ਕੈਂਦ੍ਹਾ ਕਿ ਮੈਂ ਦਿਨ ਰਾਤ ਪਾਠ ਕਰਦਾ ਰਿਹਾ ਬੱਸ ਪਾਠ ਦੇ ਸਹਾਰੇ ਬਚ ਗਿਆ

ਏ੍ਹਦਾ ਤਾਂ ਫਿਰ ਮਾਸ ਗਲ ਗਿਆ ਹੋਊ

ਮਾਸ ਗਲਨਾ ਹੀ ਸੀ ਗਰਮੀ ਦਾ ਮ੍ਹੀਨਾ ਤੇ ਤੱਤਾ ਪਾਣੀ, ਹੁਣ ਸਾਰੇ ਪਿੰਡੇ ਤੇ ਛਾਲੇ ਹੋਏ ਪਏ ਆ, ਕਿਉਕਿ ਇਸਨੂੰ ਸੂਰਜ ਵੱਲ ਮੂੰਹ ਕਰਕੇ ਪਾਣੀ ਵਿੱਚ ਖੜ੍ਹਾ ਰੱਖਦੇ ਸੀ ਇੱਕ ਤਾਂ ਸੂਰਜ ਸਿੱਧਾ ਅੱਖਾਂ ਤੇ ਵਜਦਾ ਸੀ ਤੇ ਦੂਜੀ ਪਾਣੀ ਦੀ ਲਸਖਰੋਰ ਅੱਖਾਂ ਵਿੱਚ ਪੈਕੇ ਜਾਨ ਕੱਢ ਦਿੰਦੀ ਸੀ

ਫਿਰ ਇਸਦਾ ਪਿੱਛਾ ਕਿਵੇਂ ਛੁੱਟਿਆ?

ਪੰਦਰਵੇਂ ਦਿਨ ਬੰਗਾਲੀ ਡਾਕਟਰ ਨੇ ਪੁੱਛਿਆ ਕੈਸਾ ਹੈ ਜਵਾਨ ਤਾਂ ਦੂਲੇ ਨੇ ਗੁੱਸੇ ਚ ਆਕੇ ਕਿਹਾ " ਮੈਨੂੰ ਪੰਦਰਾਂ ਦਿਨ ਪਾਨੀ ਮੇਂ ਖੜ੍ਹੇ ਹੂਏ ਹੋ ਗਏ ਹੈਂ ਆਪ ਪਾਂਚ ਘੰਟੇ ਖੜ੍ਹਾ ਹੋ ਕੇ ਦਿਖਾਓ ਫਿਰ ਮੈਂ ਪੂਛੂਗਾਂ ਕਿਆ ਹਾਲ ਹੈ ਆਪਕਾ ਆਪਕੋ ਡਾਕਟਰ ਕਿਸਨੇ ਬਨਾਯਾ ਮੇਰੀ ਚਮੜੀ ਸੜ ਰਹੀ ਹੈ ਔਰ ਆਪ ਮੇਰੇ ਮੇਰੇ ਸੇ ਮੇਰਾ ਹਾਲ ਪੂਛ ਰਹੇ ਹੋ ਆਪਕੋ ਦਿਖਾਈ ਨਹੀਂ ਦੇਤਾ?

ਫਿਰ

ਫਿਰ ਕੀ ਬੰਗਾਲੀ ਡਾਕਟਰ ਨੇ ਐਨੀ ਸ਼ਰਮ ਮੰਨੀ ਕਿ ਓਸਨੇ ਲਿਖ ਦਿੱਤਾ ਕਿ ਇਸਨੂੰ ਕੁਝ ਨਾ ਪੁੱਛਿਆ ਜਾਵੇ, ਜੇ ਕੋਈ ਇਸਨੂੰ ਸਵਾਲ ਜਵਾਬ ਕਰੂਗਾ ਉਸਤੇ ਡਿਸਪਲਨਰੀ ਐਕਸ਼ਨ ਲਿਆ ਜਾਊਗਾ

ਫਿਰ ਹੁਣ ਇਸਨੂੰ ਕੋਈ ਨੀ ਬਲੌਂਦਾ

ਹੁਣ ਕਿਸੇ ਨੇ ਬੁਲਾ ਕੇ ਫਸਣਾ

ਏਹ ਕ੍ਹੇੜੇ ਲਾਕੇ ਦਾ ਕੇਵਲ ਨੇ ਪੁੱਛਿਆ।

ਏਹ ਬਾਘੇਵਾਲੇ ਕੋਲ ਦਾ ਮਲਵਈ ਆ

ਫੇਰ ਤਾਂ ਏਹ ਸਾਡੇ ਏਰੀਏ ਦਾ ਹੋਇਆ ਕੇਵਲ ਨੇ ਕਿਹਾ। ਦੋ ਤਿੰਨ ਅਫਸਰ ਆਉਂਦੇ ਦੇਖਕੇ ਦੋਨੋਂ ਚੁੱਪ ਹੋ ਗਏ, ਇਹ ਨਿਰੰਕਾਰੀ ਅਫਸਰ ਸਨ। ਉਹ ਆਕੇ ਸ਼ਿੰਗਾਰੇ ਕੋਲ ਰੁਕ ਗਏ। ਥੋਨੂੰ ਪਤਾ ਕਿ ਫੌਜ ਵਿੱਚ ਬਕਰਨ ਵਾਲੇ ਨੂੰ ਗੋਲੀ ਦਾ ਹੁਕਮ ਹੁੰਦਾ ਸਿੱਖ ਕੈਪਟਨ ਨੇ ਭਰੇ ਲਹਿਜੇ ਵਿੱਚ ਕਿਹਾ।

ਸਾਬ੍ਹ ਅਸੀਂ ਬਗਾਵਤ ਨੀ ਕੀਤੀ ਅਸੀਂ ਤਾਂ ਦਰਬਾਰ ਸਾਬ੍ਹ ਦੀ ਲਾਜ ਵਾਸਤੇ ਰੋਸ ਪ੍ਰਗਟ ਕੀਤਾ

ਹੂੰ ਵੱਡੇ ਆਗੇ ਲਾਜ ਰੱਖਣ ਵਾਲੇ ਹੁਣ ਕਹੋ ਦਰਬਾਰ ਸਾਹਬ ਨੂੰ ਥੋਡੀ ਲਾਜ ਰੱਖੇ, ਥੋਨੂੰ ਬਚਾਵੇ

ਇਓਂ ਨਾ ਕਹੁ ਸਾਬ ਦਰਬਾਰ ਸਾਬ੍ਹ ਤੇ ਹਮਲਾ ਕਰਨ ਵਾਲਾ ਬਚਿਆ ਨੀ ਜਿਵੇਂ ਅਹਿਮਦ ਸ਼ਸਬਦਾਲੀ, ਮੱਸਾ ਰੰਘੜ ਤੇ ਗੋਰਾ ਓਡਵਾਇਰ ਸ਼ਿੰਗਾਰੇ ਨੇ ਦਲੇਰੀ ਨਾਲ ਕਿਹਾ। ਓਹ ਵੇਲੇ ਲੰਘਗੇ, ਹੁਣ ਸਮਾਂ ਬਦਲ ਗਿਆ ਕਰਨਲ ਨੇ ਕਿਹਾ। ਸਿੰਗਾਰਾ ਕਹਿਣ ਲੱਗਾ ਸੀ ਕਿ ਬ੍ਰਾਮਣੀ ਖਲਾਰ ਦਿੱਤੀ ਖੱਖੜੀ ਵਾਂਗੂੰ ਕਿ ਨਹੀਂ? ਪਰ ਉਦੋਂ ਨੂੰ ਡਾਕਟਰ ਵੀ ਗਲ ਵਿੱਚ ਟੂਟੀ ਲਮਕਾਈ ਆ ਗਿਆ।

ਕੇ ਹਾਲ ਸੇ ਸਾਬ੍ਹ ਡਾਕਟਰ ਨੇ ਕਿਹਾ ਇਹ ਹਰਿਆਣੇ ਦਾ ਹਿੰਦੂ ਜਾਟ ਡਾਕਟਰ ਸੀ।

ਠੀਕ ਆ ਸਾਬ੍ਹ ਹਮਾਰੇ ਬਗਾਵਤੀਓਂ ਕਾ ਕਿਆ ਹਾਲ ਹੈ ਕੈਪਟਨ ਨੇ ਪੁੱਛਿਆ ਮਤਲਬ ਮੀਕੇ ਤੇ ਸ਼ਿੰਗਾਰੇ ਵਾਸਤੇ।

ਠੀਕ ਸੈ ਸਾਹਬ ਕੱਲ ਤੱਕ ਠੀਕ ਹੋ ਜਾਵੇਂਗੇ ਡਾਕਟਰ ਨੇ ਕਿਹਾ ਤੇ ਡਾਕਟਰ ਦੇ ਕਮਰੇ ਵਿੱਚ ਬੈਠ ਗਏ ਕਮਰੇ ਵਿੱਚ ਵੱਡਾ ਸਾਰਾ ਟੇਬਲ ਤੇ ਚਾਰ ਪੰਜ ਕੁਰਸੀਆਂ ਪਈਆਂ ਸਨ। ਕੁਛ ਦੁਆ ਦਾਰੂ ਦੀਆਂ ਸ਼ੀਸ਼ੀਆਂ ਤੇ ਕੈਪਸੂਲ ਪਏ ਸਨ। ਡਾਕਟਰ ਵੱਡੀ ਸਾਰੀ ਕੁਰਸੀ ਤੇ ਆਰਾਮ ਨਾਲ ਬੈਠ ਗਿਆ।

ਹਾਂ ਜੀ ਆਪ ਏਕ ਮੁਰਗਾ ਹਲਾਲ ਕਰਨੇ ਕੇ ਲੀਏ ਕਹਾ ਥਾ ਮਗਰ ਆਪ ਤੋ ਦੋ ਲੇ ਆਏ ਡਾਕਟਰ ਨੇ ਪੁੱਛਿਆ।

ਡਾਕਟਰ ਸਾਹਬ ਹਲਾਲ ਤੋ ਏਕ ਹੀ ਕਰਨਾ ਥਾ ਮਗਰ ਦੂਸਰਾ ਤੋ ਅਪਨੇ ਆਪ ਬੁੱਚੜਖਾਨੇ ਮੇਂ ਚਲਾ ਆਇਆ ਕਰਨਲ ਆਖਕੇ ਹੱਸ ਪਿਆ। ਹੱਸਪਤਾਲ ਨੂੰ ਹੱਸਤਪਾਲ ਕਹਿਣ ਦੀ ਬਜਾਏ ਕਰਨਲ ਨੇ ਬੁੱਚੜਖਾਨਾ ਆਖ ਦਿੱਤਾ ਤਾਂ ਡਾਕਟਰ ਨੂੰ ਥੋੜਾ ਗੁੱਸਾ ਆ ਗਿਆ ਕਹਿਣ ਲੱਗਾ।

ਸਾਹਬ ਕਮ ਸੇ ਕਮ ਮੇਰੀ ਰੋਜ਼ੀ ਕੋ ਬੁੱਚੜਖਾਨਾ ਤੋ ਨਾ ਕਹੋ ਡਾਕਟਰ ਦੀ ਗੱਲ ਸੁਣ ਕੇ ਕਰਨਲ ਨੂੰ ਗੁੱਸਾ ਆ ਗਿਆ ਕਿਉਂਕਿ ਡਾਕਟਰ ਮੇਜਰ ਰੈਂਕ ਦਾ ਸੀ ਕਰਨਲ ਤੋਂ ਜੂਨੀਅਰ ਸੀ। ਕਰਨਲ ਕੁਛ ਵੀ ਕਹਿ ਸਕਦਾ ਸੀ ਕਿਉਂਕਿ ਫੌਜਵਿੱਚ ਸੀਨੀਅਰ ਰੱਬ ਹੁੰਦਾ ਹੈ ਪਰ ਚੁੱਪ ਰਿਹਾ।

ਵੈਸੇ ਸਾਹਬ ਕਭੀ ਕਭੀ ਆਪ ਬੁੱਚੜੋਂ ਸੇ ਭੀ ਜ਼ਿਆਦਾ ਕਸਾਈ ਬਨ ਜਾਤੇ ਹੋ ਕਰਨਲ ਨੇ ਹੱਸ ਕੇ ਕਿਹਾ।

ਮੇਰੇ ਕੋ ਮਾਲੂਮ ਹੈ ਸਾਹਬ ਆਪਕਾ ਕੇ ਮਤਲਬ ਸੈ

ਚਲੋ ਛੋੜੋ ਸਾਹਬ ਬਤਾਓ ਕਿ ਸੁਬਾ ਤੱਕ ਕਾਮ ਹੋ ਜਾਏਗਾ ਕਰਨਲ ਨੇ ਮਤਲਬ ਦੀ ਗੱਲ ਕਰ ਦਿੱਤੀ।

ਕਿਓਂ ਨਹੀਂ ਆਪ ਜਾਈਏ ਔਰ ਮੈਸ ਮੇਂ ਜਾਕਰ ਵਿਸਕੀ ਪੀਏ ਮਗਰ ਕਾਮ ਏਕ ਕਰਨਾ ਹੈ ਕਿ ਦੋ?

ਏਕ ਕਾ ਜੋ ਸੀਨੀਅਰ ਹੈ

ਔਰ ਜੂਨੀਅਰ

ਵੋ ਰਿਜਰਵ ਮੇਂ ਹਾਹਾ ਹਾਹਾ ਹਾਹਾ ਆਖਕੇ ਕਰਨਲ ਹੱਸ ਪਿਆ।

ਓ ਕੇ ਅਬ ਆਪ ਜਾ ਸਕਤੇ ਹੈਂ ਡਾਕਟਰ ਨੇ ਜਾਣ ਵਾਸਤੇ ਕਿਹਾ ਦੋਨੋਂ ਖੁਸ਼ੀ ਖੁਸ਼ੀ ਵਾਪਸ ਚਲੇ ਗਏ। ਰਾਤ ਨੂੰ ਡਾਕਟਰ ਦੀ ਡਿਊਟੀ ਸਪੈਸ਼ਲ ਲੁਆਈ ਸੀ। ਕੇਵਲ ਤੇ ਸ਼ਿੰਗਾਰੇ ਦਾ ਬੈਡ ਅਲੱਗ ਅਲੱਗ ਵਾਰਡਾਂ ਵਿੱਚ ਲੁਆ ਦਿੱਤਾ। ਦੋਨੋਂ ਅਲੱਗ ਅਲੱਗ ਹੋ ਗਏ। ਰਾਤ ਨੂੰ ਸਾਰੇ ਮਰੀਜ਼ ਸੌਂ ਚੁੱਕੇ ਸਨ, ਬਾਰਾਂ ਕੁ ਵਜੇ ਡਾਕਟਰ ਤੇ ਚਾਰ ਕੰਪਾਊਡਰ ਚਿੱਟੀਆਂ ਵਰਦੀਆਂ ਵਿੱਚ ਆਏ ਡਾਕਟਰ ਅਗਵਾਈ ਕਰ ਰਿਹਾ ਸੀ। ਪੰਜੇ ਸ਼ਿੰਗਾਰੇ ਦੇ ਬਿੱਡ ਕੋਲ ਰੁਕ ਗਏ ਇੱਕ ਕੰਪਾਊਡਰ ਨੇ ਸ਼ਿੰਗਾਰੇ ਨੂੰ ਜਗਾਇਆ।

ਉੱਠੋ ਭਾਈ ਸਾਬ ਆਪਕਾ ਅਪਰੇਸ਼ਨ ਹੈ ਮਗਰ ਮੈਂ ਤੋ ਠੀਕ ਹੂੰ ਸ਼ਿੰਗਾਰੇ ਨੇ ਘਬਰਾ ਕੇ ਕਿਹਾ। ਉਸਨੂੰ ਆਲੇ ਦੁਆਲੇ ਖੜੇ ਕੰਪਾਊਡਰ ਜਮਦੂਤਾਂ ਵਾਂਗੂੰ ਲੱਗ ਰਹੇ ਸਨ ਤੇ ਡਾਕਟਰ ਚਿੱਟੇ ਕੋਟ ਵਿੱਚ ਜਲਾਦ ਲਗਦਾ ਸੀ।

ਇਸਕੋ ਸਟੇਚਰ ਪਰ ਲਿਟਾਓ ਡਾਕਟਰ ਨੇ ਹੁਕਮ ਦਿੱਤਾ। ਸ਼ਿੰਗਾਰਾ ਹੈਰਾਨ ਹੋ ਗਿਆ ਉਸਨੇ ਰੌਲਾ ਪਾਉਣਾ ਚਾਹਿਆ ਤਾ ਇੱਕ ਕੰਪਊਡਰ ਨੇ ਮੂੰਹ ਤੇ ਟੇਪ ਲਾ ਦਿੱਤੀ। ਆਵਾਜ਼ ਬੰਦ ਹੋ ਗਈ ਚਾਰਾ ਨੇ ਮੱਛੀ ਵਾਂਗੂੰ ਤੜਫਦੇ ਸ਼ਿੰਗਾਰੇ ਨੂੰ ਚੱਕਕੇ ਸਟੇਚਰ ਤੇ ਲੰਮਾਂ ਪਾਕੇ ਬਿਲਟਾਂ ਨਾਲ ਬੋਰੀ ਵਾਂਗੂੰ ਬੰਨ ਦਿੱਤਾ ਤੇ ਫਟਾ ਫਟ ਅਪ੍ਰੇਸ਼ਨ ਥੀਏਟਰ ਵਿੱਚ ਲੈ ਗਏ। ਡਾਕਟਰ ਨੇ ਇਸ਼ਾਰੇ ਨਾਲ ਸਾਰਿਆਂ ਨੂੰ ਜਾਣ ਵਾਸਤੇ ਕਿਹਾ। ਸ਼ਿੰਗਾਰੇ ਦੇ ਭਾਅ ਦੀ ਬਣ ਗਈ ਉਸਨੂੰ ਪਤਾ ਲੱਗ ਗਿਆ ਕਿ ਹੁਣ ਮੈਨੂੰ ਛੱਡਣਾਂ ਨਹੀਂ! ਜਾਂ ਮੇਰਾ ਦਿਮਾਗ ਖਰਾਬ ਕਰਕੇ ਬਾਹਰ ਸੜਕਾਂ ਤੇ ਛੱਡ ਦੇਣਗੇ! ਜਾਂ ਅੱਖਾਂ ਤੋਂ ਅੰਨਾਂ ਕਰ ਦੇਣਗੇ, ਜਾਂ ਮਾਰ ਦੇਣਗੇ ਜੋ ਕਿ ਬਗੈਰ ਕਿਸੇ ਬੀਮਾਰੀ ਤੋਂ ਅਪ੍ਰੇਸ਼ਨ ਵਾਸਤੇ ਲੈ ਆਏ ਹਨ। ਇਹਨਾ ਨੇ ਤਾਂ ਮੈਨੂੰ ਪੀੜ ਘੱਟ ਕਰਨ ਵਾਲੀ ਗੋਲੀ ਵੀ ਨਹੀਂ ਦਿੱਤੀ। ਅਪ੍ਰੇਸ਼ਨ ਕਿੱਥੋਂ! ਚਲੋ ਵੈਸੇ ਤਾਂ ਮਰਨਾ ਠੀਕ ਆ ਇਕ ਦਿਨ ਤਾਂ ਮਰਨਾਂ ਹੀ ਹੈ ਚਲੋ ਜਾਂਨ ਛੁੱਟੂ! ਪਰ ਇੱਹ ਐਨਾਂ ਪਾਪ ਕਰਨ ਵਾਲੇ ਭਰਨਗੇ ਕਿੱਥੇ ਜੇ ਮੈਂ ਭੱਜਿਆ ਹਾਂ ਤਾਂ ਮੇਰੇ ਤੇ ਮੁਕੱਦਮਾਂ ਚਲਾਉਣ। ਚੰਗਾ ਸੱਚੇ ਪਾਤਸ਼ਾਹ ਮੈਂ ਤਾ ਕਿਸੇ ਦਾ ਮਾੜਾ ਨਹੀਂ ਕੀਤਾ। ਸ਼ਾਇਦ ਮੇਰਾ ਅੰਤ ਸਮਾਂ ਨੇੜੇ ਆ ਗਿਆ ਹੈ। ਮੈਂ ਤਾਂ ਤੈਨੂੰ ਯਾਦ ਕਰ ਰਿਹਾ ਹਾਂ ਮੈਂ ਫਿਰ ਵੀ ਕਿਸ਼ਮਤ ਵਾਲਾ ਹਾਂ। ਮਰਨ ਲੱਗਾ ਜਾਂ ਪਾਗਲ ਹੋਣ ਤੋਂ ਪਹਿਲਾਂ ਤੈਨੂੰ ਯਾਦ ਕਰ ਰਿਹਾਂ ਹਾਂ। ਕਈਆਂ ਦੀ ਤਾਂ ਅਚਾਨਕ ਮੌਤ ਹੋ ਜਾਂਦੀ ਹੈ! ਉਹ ਤਾਂ ਆਖਰੀ ਮੌਕੇ ਤੈਨੂੰ ਯਾਦ ਵੀ ਨਹੀਂ ਸਕਦੇ! ਸੱਚੇ ਪਾਤਸ਼ਾਹ ਆਵਦੇ ਸਿੱਖ ਦੀ ਲਾਜ ਰੱਖੀਂ! ਸ਼ਿੰਗਾਰੇ ਨੇ ਆਖਰੀ ਗੱਲ ਪ੍ਰਮਾਤਮਾ ਨਾਲ ਕੀਤੀ ਉਦੋਂ ਹੀ ਡਾਕਟਰ ਨੇ ਗੈਸ ਛੱਡ ਦਿੱਤੀ ਸ਼ਿੰਗਾਰਾ ਬੇਹੋਸ਼ ਹੋ ਗਿਆ। ਬਾਅਦ ਵਿੱਚ ਡਾਕਟਰ ਨੇ ਜ਼ਹਿਰ ਦਾ ਟੀਕਾ ਭਰਿਆ ਤੇ ਭਰ ਕੇ ਸ਼ਿੰਗਾਰੇ ਦੇ ਡੌਲੇ ਵਿੱਚ ਘੁਸੋ ਦਿੱਤਾ! ਸ਼ਿੰਗਾਰਾ ਗੈਸ ਨਾਲ ਬੇਹੋਸ਼ ਹੋ ਚੁੱਕਾ ਸੀ। ਕੁਛ ਚਿਰ ਬਾਅਦ ਡਾਕਟਰ ਨੇ ਚੈਕ ਕੀਤਾ। ਸਿੰਦੇ ਪ੍ਰਾਣ ਪੰਖੇਰੂ ਹੋ ਚੁੱਕੇ ਸਨ! ਸਿੰਗਾਰਾ ਮਿੱਟੀ ਦੀ ਢੇਰੀ ਬਣਾ ਦਿੱਤਾ ਗਿਆ! ਜੋ ਕਿ ਕੁਛ ਚਿਰ ਪਹਿਲਾਂ ਨਿਰੰਕਾਰੀਆਂ ਨਾਲ ਬਹਿਸ ਰਿਹਾ ਸੀ। ਅੱਜ ਉਹ ਤੁਰ ਗਿਆ! ਭੈਣਾਂ ਦਾ ਵੀਰ ਗਿਆ, ਮਾਂ ਦਾ ਪੁੱਤ ਗਿਆ ਭਰਾਵਾਂ ਦਾ ਭਾਈ ਗਿਆ ਤੇ ਦਾਦੇ ਦਾ ਪੋਤਾ ਗਿਆ! ਪਿੱਛੇ ਸ਼ਿੰਗਾਰੇ ਦਾ ਪ੍ਰਵਾਰ ਰਾਹ ਤੱਕ ਰਿਹਾ ਸੀ, ਪਰ ਹੁਣ ਸਿੰਗਾਰਾ ਇਸ ਦੁਨੀਆਂ ਵਿੱਚ ਨਹੀਂ ਸੀ!

ਹੈਲੋ ਸਾਹਬ

ਹੈਲੋ ਕਰਨਲ ਨੇ ਫੂਨ ਚੱਕਕੇ ਜਵਾਬ ਦਿੱਤਾ। ਸਾਹਬ ਕਾਮ ਹੋ ਗਿਆ ਸੈ ਡਾਕਟਰ ਨੇ ਖੁਸ਼ੀ ਨਾਲ ਕਿਹਾ।

ਸੁਭਾ ਮੈਂ ਆਦਮੀ ਭੇਜ ਦੂੰਗਾ ਨੌਂ ਬਜੇ ਸੇ ਪਹਿਲੇ ਪਹਿਲੇ ਜਲਾ ਦੇਨਾ ਸਾਲੇ ਕੋ ਓ ਕੇ ਸਾਬ ਆਖ ਕੇ ਡਾਕਟਰ ਨੇ ਫੂਨ ਰੱਖ ਦਿੱਤਾ। ਦੂਜੇ ਦਿਨ ਸਿਵਿਆਂ ਵਿੱਚ ਲਿਜਾ ਕੇ ਜਲਾ ਦਿੱਤਾ ਅਖਬਾਰਾਂ ਵਿੱਚ ਖਬਰ ਦੇ ਦਿੱਤੀ ਕਿ ਆਪਦੇ ਆਪ ਖੁਦਕਸ਼ੀ ਕਰ ਲਈ। ਫ਼ੌਜੀ ਦੀ ਖੁਦਕਸ਼ੀ ਨੂੰ ਕਿਸਨੇ ਪੁੱਛਣਾਂ ਸੀ। ਨਾਲੇ ਹੁਕਮ ਵੀ ਜ਼ਿਆਦਾ ਤੋਂ ਜ਼ਿਆਦਾ ਸਿੱਖ ਮਾਰਨ ਦਾ ਸੀ। ਕੋਈ ਉਸਦੇ ਘਰ ਖ਼ਬਰ ਨਹੀਂ ਦਿੱਤੀ ਕਿ ਆਖਰੀ ਮੌਕੇ ਮੂੰਹ ਦੇਖ ਲਵੋ ਜਾ ਆਵਦੇ ਪਿੰਡ ਸੰਸਕਾਰ ਦੇਵੋ। ਸ਼ਿੰਗਾਰੇ ਦੀ ਮੌਤ ਦਾ ਕਿਸਨੂੰ ਪਤਾ ਲੱਗਣਾ ਸੀ? ਫਾਈਲੇ ਲਿਖ ਦਿੱਤਾ ਕਿ ਬ੍ਰਗੇਡੀਅਰ ਦੀ ਪੁੱਛ ਤਾਛ ਕਰਦੇ ਸਮੇਂ ਖੁਦਕਸ਼ੀ ਕਰ ਲਈ!

ਹੁਣ ਬ੍ਰਗੇਡੀਅਰ ਸਾਹਬ ਦੀ ਫਾਈਲ ਤੇ ਲਿਖ ਦੇਈਏ ਕਿ ਸ਼ਿੰਗਾਰੇ ਨੇ ਸਾਹਬ ਦਾ ਕਤਲ ਆਪਣੇ ਜੁੰਮੇ ਲੈ ਲਿਆ ਤੇ ਫਾਈਲ ਬੰਦ ਕਰ ਦੇਈਏ ਕੈਪਟਨ ਨੇ ਕਰਨਲ ਨੂੰ ਕਿਹਾ।

ਅਜੇ ਨੀ ਫਾਈਲ ਬੰਦ ਕਰਨੀ ਅਜੇ ਤਾਂ ਇੱਕ ਦੋ ਹੋਰ ਸਿੰਘ ਬ੍ਰਗੇਡੀਅਰ ਦੇ ਕਤਲ ਦੇ ਨਾਮ ਤੇ ਹੋਰ ਮਾਰਨੇ ਨੇ ਏਸ ਤਰ੍ਹਾਂ ਬ੍ਰਗੇਡੀਅਰ ਦੀ ਆਤਮਾਂ ਨੂੰ ਸ਼ਾਂਤੀ ਮਿਲੇਗੀ ਕਰਨਲ ਨੇ ਜਵਾਬ ਦਿੱਤਾ।

ਹੁਣ ਫੇਰ ਕੀਹਦਾ ਨੰਬਰ ਏ

ਹੁਣ ਕੇਵਲ ਦਾ, ਓਹ ਜ਼ਿਆਦਾ ਦਰਬਾਰ ਸੈਹਬ ਦਾ ਹਮਦਰਦ ਆ

ਠੀਕ ਆ ਸਾਹਬ ਫਿਰ ਡਾਕਟਰ ਨੂੰ ਫੂਨ ਕਰਾਂ ਅਜੇ ਨੀ ਅਜੇ ਸ਼ਿੰਗਾਰੇ ਦਾ ਸਿਵਾ ਠੰਢਾ ਨੀ ਹੋਇਆ ਦੋ ਹਫਤੇ ਰੁਕ ਕੇ

ਠੀਕ ਦੋਨੋਂ ਗੱਲਾਂ ਕਰਕੇ ਆਪੋ ਆਪਣੇ ਘਰ ਚਲੇ ਗਏ। ਡਾਕਟਰ ਸ਼ਿੰਗਾਰੇ ਬੇ-ਗੁਨਾਹ ਦਾ ਕਤਲ ਕਰਕੇ ਖੁਸ਼ੀ ਖੁਸ਼ੀ ਘਰ ਆ ਗਿਆ।

ਅੱਗੋਂ ਡਾਟਰਨੀ ਗੁੱਸੇ ਵਿੱਚ ਸੀ ਕਿ ਬਗੈਰ ਡਿਊਟੀ ਤੋਂ ਡਾਕਟਰ ਕਿੱਥੇ ਚਲਾ ਗਿਆ? ਰਾਤ ਡਿਊਟੀ ਪਰ ਗਯਾ ਥਾ? ਡਾਕਟਰ ਦੀ ਪਤਨੀ ਨੇ ਡਾਕਟਰ ਤੋਂ ਪੁੱਛਿਆ।

ਹਾ ਫੌਏ ਜਾਨਾ ਪੜਤਾ ਡਾਕਟਰ ਨੇ ਜਵਾਬ ਦਿੱਤਾ।

ਮਗਰ ਇਸ ਮਹੀਨੇ ਤੋ ਤੇਰੀ ਰਾਤ ਕੀ ਡਿਊਟੀ ਨਹੀਂ ਥੀ

ਐਮਰਜੰਸੀ ਮਰੀਜ਼ ਆ ਗਯਾ ਥਾ ਅਪ੍ਰੇਸ਼ਨ ਕਰਨਾ ਥਾ

ਔਰ ਭੀ ਡਾਕਟਰ ਹੈ ਤੇਰੇ ਸੇ ਜ਼ਿਆਦਾ ਸਪੇਸ਼ਲਿਸਟ ਉਨਕੋ ਕਿਓਂ ਨੀ ਬੁਲਾਇਆ ਮੈਂ ਹੀ ਸਭਸੇ ਜਿਆਦਾ ਕੁਅਲੀਫਾਈਡ ਹੂੰ ਡਾਕਟਰ ਨੇ ਕਿਹਾ।

ਤੇਰੇ ਕੋ ਆਤਾ ਕਿਆ ਹੈ? ਪਤਾ ਨਹੀਂ ਤੇਰੇ ਕੋ ਕੈਸੇ ਫੌਜ ਮੇਂ ਰੱਖ ਲੀਆ?

ਮੈਂ ਕਿਸੀ ਸੇ ਕੰਮ ਹੂੰ ਕਿਆ?

ਮੈਂ ਜਾਨਤੀ ਹੂੰ ਸਬ ਕੁਛ, ਤੇਰੇ ਜੈਸੇ ਡਾਕਟਰ ਤੋ ਕੋਈ ਡੰਗਰੋਂ ਕੇ ਹਸਪੀਟਲ ਮੇਂ ਨਾ ਰੱਖੇ ਵੋ ਤੋ ਅੱਛਾ ਹੂਆ 1971 ਮੇਂ ਐਮਰਜੰਸੀ ਮੇਂ ਤੇਰੇ ਕੋ ਭਰਤੀ ਕਰ ਲੀਆ ਵਰਨਾ ਗਾਓਂ ਮੇਂ ਫਿਰਤਾ ਥੈਲੇ ਮੇਂ ਟੀਕੇ ਡਾਲ ਕਰ ਜਾਂ ਹੋਨਾ ਥਾ ਡੰਗਰੋਂ ਕੇ ਹਾਸਪੀਟਲ ਮੇਂ

ਤੁਮ ਚਾਹਤੀ ਕਿਆ ਹੋ?

ਮੈਂ ਯੇ ਜਾਨਨਾ ਚਾਹਤੀ ਹੂੰ ਕਿ ਔਰ ਡਾਕਟਰ ਮਰ ਗਏ ਥੇ ਕਿਆ ਜੋ ਤੇਰੇ ਕੋ ਜਾਨਾ ਪੜਾ?

ਵੋ ਭੀ ਥੇ

ਸੱਚ ਸੱਚ ਬਾਤਓ ਕਹਾਂ ਗਯੇ ਥੇ ਰਾਤ ਭਰ ਘਰਵਾਲੀ ਦੀਆ ਗੱਲਾਂ ਸੁਣਕੇ ਡਾਕਟਰ ਨੂੰ ਪਸ਼ੀਨਾਂ ਆ ਰਿਹਾ ਸੀ। ਪਰ ਡਾਕਟਰਨੀ ਨੂੰ ਸ਼ੱਸੀ ਕਿ ਗੁੜਗਾਂਵਾਂ ਤੋਂ ਇੱਕ ਨਵੀਂ ਡਾਕਟਰਨੀ ਆਈ ਹੈ ਪਾਰਟੀ ਤੇ ਉਸ ਨਾਲ ਬਹੁਤ ਘੁਲ ਮਿਲ ਕੇ ਗੱਲਾਂ ਕਰ ਰਿਹਾ ਸੀ। ਜਿਸਤੇ ਇਸਨੂੰ ਗੁੱਸਾ ਆ ਰਿਹਾ ਸੀ। ਉਹ ਸੀ ਵੀ ਬਹੁਤ ਸੋਹਣੀ ਜਵਾਨ ਤੇ ਕੁਆਰੀ। ਡਾਕਟਰ ਦੇ ਘਰਵਾਲੀ ਸੋਚ ਰਹੀ ਸੀ ਕਿ ਕੱਲ ਰਾਤ ਜਰੂਰ ਡਿਊਟੀ ਦਾ ਬਹਾਨਾ ਬਣਾ ਕੇ ਗੁੜਗਾਂਵਾਂ ਵਾਲੀ ਨੂੰ ਮਿਲਨ ਗਿਆ ਹੋਵੇਗਾ।

ਸੱਚ ਹੀ ਬਤਾ ਰਹਾ ਹੂੰ ਮੈਂ ਹਾਸਪੀਟਲ ਮੇਂ ਡਿਊਟੀ ਪਰ ਥਾ ਡਾਕਟਰ ਨੇ ਮੱਥਾ ਫੜ ਕੇ ਕਿਹਾ।

ਨਿਕਲ ਆਯਾ ਨਾ ਝੂਠ ਪਹਿਲੇ ਆਪ ਨੇ ਬੋਲਾ ਥਾ ਅਪ੍ਰੇਸ਼ਨ ਕਰਨਾ ਥਾ ਅਬ ਡਿਊਟੀ? ਉਹ ਡਾਕਟਰ ਦੇ ਉੱਤੇ ਚੜ੍ਹੀ ਜਾ ਰਹੀ ਸੀ ਡਾਕਟਰ ਪਿਛਾਂਹ ਹਟ ਰਿਹਾ ਸੀ ਉਸਨੂੰ ਕੁਛ ਸੁੱਝ ਨਹੀਂ ਸੀ ਰਿਹਾ ਕੀ ਕਰੇ ਕੀ ਨਾ ਕਰੇ?

ਨਯੀ ਗੁੜਗਾਵਾਂ ਵਾਲੀ ਡਾਕਟਰਨੀ ਭੀ ਥੀ ਹਾਸਪੀਟਲ ਮੇਂ ਕਿਆ?

ਨਹੀਂ ਡਾਕਟਰ ਨੇ ਕਿਹਾ ਕਿਉਂਕਿ ਡਾਕਟਰ ਨੂੰ ਕੋਈ ਪਤਾ ਨਹੀਂ ਸੀ ਉਸਨੇ ਤਾਂ ਸ਼ਿੰਗਾਰੇ ਨੂੰ ਮਾਰਨਾ ਸੀ ਮਾਰ ਦਿੱਤਾ! ਇਹ ਕੋਈ ਹੱਸਪਤਾਲ ਵਿੱਚ ਡਿਊਟੀਆਂ ਥੋੜੀ ਚਿੱਕ ਕਰਨ ਗਿਆ ਸੀ।

ਅਬ ਫਿਰ ਝੂਠ ਬੋਲ ਰਹੇ ਹੋ ਵੋ ਉਸ ਰਾਤ ਹੱਸਪਤਾਲ ਮੇਂ ਥੀ ਆਖਕੇ ਉੱਚੀ ਉੱਚੀ ਸਿਰ ਫੜਕੇ ਰੋਣ ਆਵਦੀ ਛਾਤੀ ਪਿੱਟਣ ਲੱਗ ਪਈ ਸਿਰ ਦੇ ਵਾਲ ਖੋਹਲਕੇ ਪੱਟਣ ਲੱਗ ਪਈ।

ਮੁਝੇ ਨਹੀਂ ਪਤਾ ਥਾ ਕਿ ਆਪ ਰਾਤ ਕੋ ਗੁੜਗਾਂਵਾਂ ਵਾਲੀ ਕੇ ਪਾਸ ਹੋਂਗੇ ਮੈਂ ਆਪਕੋ ਦੇਵਤਾ ਸਮਝਤੀ ਥੀ ਮਗਰ ਆਪ ਤੋ ਭੇਡ ਕੀ ਖਾਲ ਮੇਂ ਭੇੜੀਏ ਬਨ ਗਏ ਹੋ ਤੇ ਉੱਚੀ ਉੱਚੀ ਧਾਹਾਂ ਮਾਰਨ ਲੱਗ ਪਈ। ਡਾਕਟਰ ਡਰ ਗਿਆ ਕਿ ਕੋਈ ਆਂਢ ਗੁਆਂਢ ਸੁਣੂੰਗਾ ਤਾ ਕੀ ਕਹੂਗਾ।

ਤੰਨੇ ਖਾਹਮਖਾਹ ਸੱਕ ਹੋ ਰਹਾ ਸੈ ਤੂੰ ਚਾਹਤੀ ਕਿਆ ਸੈ ਡਾਕਟਰ ਨੇ ਘਬਰਾ ਕੇ ਕਿਹਾ।

ਮੈਂ ਵਾਪਸ ਅਪਨੇ ਮਾਈਕੇ ਜਾਨਾ ਹੈ ਅਭੀ ਇਸੀ ਵਕਤ

ਮਗਰ ਗਾੜੀ ਤੋ ਕੱਲ ਸ਼ਾਮ ਕੋ ਜਾਏਗੀ ਡਾਕਟਰ ਨੇ ਬਹਾਨਾ ਬਣਾਇਆ।

ਮੇਰੇ ਕੋ ਮਾਲੂਮ ਨੀ ਮੈਂ ਇਬ ਇਸ ਘਰ, ਮੇਰੇ ਕੋ ਏਕ ਪਲ ਭੀ ਨਹੀਂ ਰਹਿਨੇ ਕਾ

ਕਿਆ ਪਾਗਲੋਂ ਜੈਸੀ ਬਾਤੇ ਕਰਤੀ ਹੋ ਤੁਮ

ਮੈਂ ਪਾਗਲੀ ਥੀ ਮਗਰ ਇਬ ਨਹੀਂ, ਤੁਮ ਘੂੰਮੋਂ ਗੁੜਗਾਂਵਾਂ ਵਾਲੀ ਕੇ ਸਾਥ

ਤੇਰੇ ਕੋ ਗ਼ਲਤ ਫਹਿਮੀ ਹੁਈ ਸੈ ਕੈਸੇ ਦੂਰ ਕਰੂੰ! ਆਖਰ ਤੁਮ ਚਾਹਤੀ ਕਿਆ ਹੋ?

ਮੈਂ ਇਸ ਸ਼ਹਿਰ ਮੇਂ ਨਹੀਂ ਰਹੂੰਗੀ ਅਪਨੀ ਬਦਲੀ ਕਹੀਂ ਔਰ ਕਰਵਾ ਲੋ ਨਹੀਂ ਤੋ ਮੈਂ ਚਲੀ ਆਖਕੇ ਅਟੈਚੀ ਵਿੱਚ ਸਮਾਨ ਪਾਉਣ ਲੱਗ ਪਈ।

ਬਦਲੀ ਇਤਨੀ ਅਸਾਨ ਨਹੀਂ ਘਰ ਕਾ ਰਾਜ ਨਹੀਂ ਸੈ, ਕੋਈ ਬਨੀਏ ਕੀ ਨੌਕਰੀ ਨਹੀਂ ਸੈ, ਯੇ ਫੌਜ ਸੈ ਫੌਜ, ਮੌਜ ਨਹੀਂ ਸੈ

ਠੀਕ ਹੈ ਮੈਂ ਜਾ ਰਹੀਂ ਹੂੰ, ਤੁਮ ਚੁੱਕੀ ਫਿਰੋ ਫੌਜ ਕੋ ਕੰਧੋਂ ਪੇ ਆਖਕੇ ਡਾਕਟਰਨੀ ਜਾਣ ਵਾਸਤੇ ਤਿਆਰ ਹੋ ਗਈ। ਡਾਕਟਰ ਨੇ ਫੂਨ ਚੱਕ ਲਿਆ।

ਹੈਲੋ

ਹਾਂ ਜੀ ਡਾਕਟਰ ਸਾਬ੍ਹ ਕਿਵੇਂ ਯਾਦ ਕੀਤਾ ਕਰਨਲ ਨੇ ਜਵਾਬ ਦਿੱਤਾ ਤਾਂ ਡਾਕਟਰ ਆਵਦੀ ਬਦਲੀ ਵਾਸਤੇ ਕਿਹਾ। ਕਰਨਲ ਮੰਨ ਨਹੀਂ ਸੀ ਰਿਹਾ। ਦੂਜੇ ਦਿਨ ਉਸਦੇ ਘਰ ਜਾਕੇ ਸਾਰੀ ਗੱਲ ਦੱਸੀ ਕਿ ਮੇਰਾ ਘਰ ਬ੍ਰਬਾਦ ਹੁੰਦਾ। ਉਸ ਰਾਤ ਕਰਕੇ ਕਰਨਲ ਨੂੰ ਪਤਾ ਸੀ ਕਿ ਔਰਤਾਂ ਦੀ ਜ਼ਿਦ ਖਰਾਬ ਹੁੰਦੀ ਹੈ। ਜੇ ਇੱਕ ਵਾਰ ਜ਼ਿੱਕਰ ਲੈਣ ਤਾਂ ਪੂਰੀ ਕਰਵਾਕੇ ਹਟਦੀਆਂ ਹਨ ਇਸ ਕਰਕੇ ਹਫਤੇ ਦੇ ਅੰਦਰ ਅੰਦਰ ਹੈਦਰਾਬਾਦ ਦੀ ਬਦਲੀ ਕਰਵਾ ਦਿੱਤੀ।

ਕੇਵਲ ਨੂੰ ਮਾਰਨ ਵਾਸਤੇ ਕਿਹੜੇ ਡਾਕਟਰ ਨਾਲ ਗੱਲਬਾਤ ਕੀਤੀ ਜਾਵੇ ਜਾਣ ਤਾਂ ਚਲਾ ਗਿਆ ਕਰਨਲ ਨੇ ਕੈਪਟਨ ਨੂੰ ਪੁੱਛਿਆ।

ਛੱਡੋ ਸਾਹਬ ਡਾਕਟਰਾਂ ਦੇ ਝਮੇਲੇ ਨੂੰ ਕੈਪਟਨ ਨੇ ਬੇ-ਪ੍ਰਵਾਹੀ ਨਾਲ ਕਿਹਾ।

ਕੋਈ ਨੁਸਖ਼ਾ ਸੋਚਿਆ ਕਰਨਲ ਨੇ ਪੁੱਛਿਆ ਜਿਵੇਂ ਕਿਸੇ ਹਕੀਮ ਨਾਲ ਗੱਲ ਕਰ ਰਿਹਾ ਹੋਵੇ।

ਹਾਂ ਜੀ ਜਦੋਂ ਹੱਸਪਤਾਲੋਂ ਕੇਵਲ ਨੂੰ ਡਿਸਚਾਰਜ ਕਰਤਾ ਤਾਂ ਆਪਾਂ ਇਸਨੂੰ ਜੰਗਲ ਵਿੱਚ ਸ਼ਿਕਾਰ ਖੇਡਣ ਵਾਸਤੇ ਨਾਲ ਲਿਜਾਂਵਾਂਗੇ

ਸਮਝ ਗਿਆ ਜੰਗਲ ਵਿੱਚ ਕੇਵਲ ਦਾ ਸ਼ਿਕਾਰ ਖੇਡਾਂਗੇ ਹਾਹਾ ਹਾਹਾ ਹਾਹਾ ਕਰਨਲ ਨੇ ਕਿਹਾ ਤੇ ਹੱਸ ਪਿਆ।

ਸ਼ਿਕਾਰ ਵਾਲਾ ਤਾਂ ਆਖਰੀ ਰਾਸਤਾ ਹੋਰ ਡਾਕਟਰ ਨਾਲ ਗੰਢ ਤੁੱਪ ਕਰੋ ਕੈਪਟਨ ਨੇ ਕਿਹਾ ਤਾਂ ਕਰਨਲ ਕੇਵਲ ਨੂੰ ਮਾਰਨ ਵਾਸਤੇ ਦੋਸਤ ਡਾਕਟਰਾਂ ਨੂੰ ਭਾਲਣ ਲੱਗ ਪਿਆ!




# ਪਾਠਕਾਂ ਦਾ ਨਜ਼ਰੀਆ

## ਸੋ ਕਰੋਨਾ ਸੰਕਟ ਦੇ ਹੱਲ ਲਈ ਵਜਾਓ ਤਾੜੀਆਂ ਤੇ ਜਗਾਓ ਮੋਮਬੱਤੀਆਂ !

ਕਰੋਨਾ ਕੀਟਾਣੂ ਇਕ ਨਾ ਮੁਰਾਦ ਬੀਮਾਰੀ ਹੈ ਜਿਸ ਦਾ ਅਜੇ ਤੱਕ ਸਿਵਾਏ ਕੁਝ ਕੁ ਨਿਯਮਾਂ ਨੂੰ ਆਪਣੇ ਆਪ 'ਤੇ ਲਾਗੂ ਕਰਕੇ ਉਹਨਾ ਦਾ ਸਖਤੀ ਨਾਲ ਪਾਲਣ ਕਰਕੇ ਬਚੇ ਰਹਿਣ ਤੋਂ ਹੋਰ ਕੋਈ ਇਲਾਜ ਨਹੀ । ਇਸ ਬੀਮਾਰੀ ਦੀ ਰੋਕਥਾਮ ਵਾਸਤੇ ਸੰਸਾਰ ਭਰ ਵਿਚ ਜੰਗੀ ਪੱਧਰ ਉਤੇ ਉਪਰਾਲੇ ਕੀਤੇ ਜਾ ਰਹੇ ਹਨ ਤੇ ਇਸ ਦੇ ਨਾਲ ਹੀ ਇਸ ਬੀਮਾਰੀ ਦੇ ਪੱਕੇ ਇਲਾਜ ਵਾਸਤੇ ਕਿਸੇ ਕਾਰਗਾਰ ਦਵਾਈ ਦੀ ਖੋਜ ਸਬੰਧੀ ਤਜਰਬੇ ਵੀ ਕੀਤੇ ਜਾ ਰਹੇ ਹਨ ।

ਇਸ ਦੇ ਨਾਲ ਹੀ ਇਹ ਵੀ ਇਕ ਕੌੜਾ ਸੱਚ ਹੈ ਕਿ ਹਿੰਦੁਸਤਾਨ ਦੇ ਲੋਕ ਅਜ ਵੀ ਫੋਕਟ ਦੇ ਵਹਿਮਾਂ ਭਰਮਾ ਵਿਚ ਪੂਰੀ ਤਰਾਂ ਗ੍ਰਸੇ ਹੋਏ ਹਨ । ਕਰੋਨਾ ਤੋ ਬਚਣ ਵਾਸਤੇ ਬਚਾਅ ਉਪਰਾਲੇ ਕਰਨ ਵਜੋ ਇਕ ਦੂਜੇ ਤੋਂ ਦੂਰੀ ਬਣਾ ਕੇ ਰੱਖਣਾ, ਹੱਥ ਸਾਫ ਰੱਖਣੇ ਜਾਂ ਇਸ ਤਰਾ ਦੇ ਹੋਰ ਅਹਿਤਿਹਾਤ ਵਰਤਣੇ ਉਹਨਾ ਵਾਸਤੇ ਬੇਮਾਅਨੇ ਤੇ ਫਜ਼ੂਲ ਹਨ ।

ਇਹ ਸਭ ਕੁਝ ਅੱਖੀ ਦੇਖਣ ਦੇ ਬਾਵਜੂਦ ਵੀ ਕਿ ਇਸ ਬੀਮਾਰੀ ਤੋ ਡਰਦੇ ਜੰਤਰ ਮੰਤਰ ਮਾਰਨ ਵਾਲੇ, ਟੂਣੇ ਟਾਮਣ ਕਰਕੇ ਦੁੱਖ ਦੂਰ ਕਰਨ ਵਾਲੇ ਤੇ ਪੂਜਾ ਅਰਚਣਾ ਤੇ ਹਵਨ ਜੱਗ ਕਰਕੇ ਵੱਡੇ ਵੱਡੇ ਉਪਾਅ ਕਰਨ ਵਾਲੇ ਬਾਬੇ ਤੇ ਕਾਲੇ ਇਲਮਾ ਦੇ ਮਾਹਿਰ ਆਦਿ ਸਭ ਅਜ ਪਿਛਵਾੜੇ ਪੂਛ ਦਬਾ ਕੇ ਆਪੋ ਆਪਣੀ ਜਾਨ ਦੀ ਖੈਰ ਮਨਾਉਣ ਵਾਸਤੇ ਲੁਕੇ ਹੋਏ ਬੈਠੇ ਹਨ, ਪਰ ਹਿੰਦੁਸਤਾਨ ਦੇ ਅੰਨੇ ਤੇ ਅਗਿਆਨੀ ਬਹੁਗਿਣਤੀ ਲੋਕ ਅਜੇ ਵੀ ਚਿਮਟੇ, ਥਾਲੀਆਂ, ਡਮਰੂ, ਸ਼ੰਖ, ਤਾੜੀਆਂ, ਛੈਣੇ ਤੇ ਢੋਲਕ ਵਜਾ ਕੇ, ਦੇਸ਼ ਨੂੰ ਕਰੋਨਾ ਮਹਾਂਮਾਰੀ ਤੋਂ ਮੁਕਤ ਕਰਨ ਦੀ ਕਰਮਕਾਂਡੀ ਬਿਰਤੀ ਤੇ ਵਹਿਮ ਦਾ ਸ਼ਿਕਾਰ ਹਨ । ਪਰਲੇ ਸਿਰੇ ਦੀ ਮੂਰਖਤਾ ਇਹ ਕਿ ਦੇਸ਼ ਦਾ ਪ੍ਰਧਾਨ ਮੰਤਰੀ ਉਹਨਾਂ ਦੀ ਅਗਵਾਈ ਕਰ ਰਿਹਾ ਹੈ ।

ਪੂਰਾ ਮੁਲਕ ਇਸ ਵੇਲੇ ਕਰੋਨਾ ਮਹਾਂਮਾਰੀ ਦੇ ਸੰਕਟ ਨਾਲ ਜੂਝ ਰਿਹਾ ਹੈ । ਲੋਕ ਘਰਾਂ ਚ ਬੰਦ ਹਨ । ਉਹਨਾ ਕੋਲ ਖਾਣ ਵਾਸਤੇ ਰੋਟੀ ਨਹੀ । ਭੁੱਖਮਰੀ ਦੇ ਹਾਲਾਤ ਪੈਦਾ ਹੋ ਚੁਕੇ ਹਨ । ਹਸਪਤਾਲਾਂ ਵਿਚ ਦਵਾਈਆ ਤੇ ਲੋੜੀਦੇ ਉਪਕਰਨ ਪਰਾਪਤ ਨਹੀ । ਆਰਥਿਕ ਪੱਖੋ ਮੁਲਕ ਦੀਵਾਲੀਏਪਨ ਦੇ ਕਗਾਰ 'ਤੇ ਖੜਾ ਹੈ । ਉਕਤ ਸਭਨਾ ਸਮੱਸਿਆਵਾਂ ਵੱਲ ਧਿਆਨ ਦੇਣ ਦੀ ਬਜਾਏ, ਮੁਲਕ ਦਾ ਪ੍ਰਧਾਨ ਮੰਤਰੀ ਇਸ ਘੋਰ ਸੰਕਟ ਦੀ ਸਥਿਤੀ ਚ ਅਪਣੀ ਅਕਲ ਦਾ ਪੂਰੀ ਤਰਾ ਜਨਾਜਾ ਕੱਢਦੇ ਹੋਏ ਹਿੰਦੁਸਤਾਨ ਦੇ ਸ਼ਹਿਰੀਆਂ ਨੂੰ ਅਜ ਸ਼ਾਮ ਨੂੰ 9 ਵੱਜ ਕੇ 9 ਮਿੰਟ 'ਤੇ ਬੱਤੀਆਂ ਬੰਦ ਕਰਕੇ, ਆਪੋ ਆਪਣੇ ਘਰਾਂ ਦੇ ਬਾਹਰ ਮੋਮਬੱਤੀਆਂ ਜਗਾਉਣ ਦਾ ਫੁਰਮਾਨ ਜਾਰੀ ਕਰ ਰਿਹਾ ਹੈ।

ਸੋ ਹਿੰਦੁਸਤਾਨੀਓ ! ਬਜਾਓ ਤਾੜੀਆਂ, ਬਜਾਓ ਡਮਰੂ, ਸੰਖ ਤੇ ਚਿਮਟੇ, ਜਗਾਓ ਮੋਮਬੱਤੀਆਂ, ਪੀਓ ਮੂਤਰ, ਖਾਓ, ਮਲੋ ਤੇ ਨਹਾਓ ਵਿੱਦ ਗਊ ਗੋਵਰ, ਦੇਖਦੇ ਹਾਂ ਕਿ ਬਿਨਾ ਦਵਾ ਦਾਰੂ ਤੋ ਤੰਦਰੁਸਤ ਕਿਵੇਂ ਰਹਿੰਦੇ ਹੋ, ਪਰ ਯਾਦ ਰੱਖਿਓ ਕਿ ਬਾਬਾ ਰਾਮ ਦੇਵ ਵਰਗੇ ਵੀ ਅਜ ਲੁਕੇ ਬੈਠੇ ਹਨ ਤੇ ਜੇਕਰ ਇਸੇ ਤਰਾਂ ਦੇ ਵਹਿਮਾ ਵਿਚ ਫਸੇ ਰਹੇ ਤਾਂ ਕਰੋਨਾ ਤਾਂ ਇਕ ਪਾਸੇ ਹਿੰਦੁਸਤਾਨ ਹੋਰ ਕਿਹੜੀ ਕਿਹੜੀ ਮਹਾਂਮਾਰੀ ਦੇ ਦਹਾਨੇ 'ਤੇ ਜਾ ਖੜਾ ਹੋਵੇਗਾ, ਇਸ ਦਾ ਅੰਦਾਜਾ ਲਾਉਣਾ ਹੁਣ ਕਿਸੇ ਵੀ ਸੂਝਵਾਨ ਵਾਸਤੇ ਕੋਈ ਬਹੁਤਾ ਮੁਸ਼ਕਲ ਨਹੀਂ ਤੇ ਉਸ ਤਬਾਹੀ ਵਾਸਤੇ ਨਰਿੰਦਰ ਮੋਦੀ ਵਰਗੇ ਪ੍ਰਧਾਨਮੰਤਰੀ ਸਮੇਤ ਸਾਰੀ ਸਰਕਾਰ ਤੇ ਤਾੜੀ, ਚਿਮਟੇ ਤੇ ਮੋਮਬੱਤੀਆ ਬਾਲਕੇ ਬੀਮਾਰੀਆ ਦਾ ਇਲਾਜ ਲੱਭ ਲੈਣ ਵਾਲੇ ਸਾਰੇ ਹੀ ਇਕੋ ਜਿਹੇ ਦੋਸ਼ੀ ਹੋਣਗੇ । ਸੋ ਵਜਾਓ ਤਾੜੀਆ ਤੇ ਜਗਾਓ ਮੋਮਬੱਤੀਆਂ !

**ਪ੍ਰੋ ਸ਼ਿੰਗਾਰਾ ਸਿੰਘ ਢਿੱਲੋਂ**

## ਪੰਜਾਬ ਵਿਚ ਸਿੰਘ ਸਭਾ ਲਹਿਰ ਵਰਗਾ ਕੋਈ ਸਮਾਜਿਕ ਅੰਦੋਲਨ ਖੜਾ ਕਰਨ ਦੀ ਲੋੜ

ਕਰੋਨਾ ਬੀਮਾਰੀ ਇਕਲੀ ਨਹੀਂ ਆਈ ? ਇਸ ਨੇ ਸਾਲ ਡੇਢ ਸਾਲ ਤੋਂ ਉਭਰ ਰਹੇ ਆਰਥਕ ਸੰਕਟ ਅਤੇ ਬੇਰੁਜ਼ਗਾਰੀ ਨਾਲ ਰਲ ਕੇ ਸਮੁਚੀ 130 ਕਰੋੜ ਮਨੁਖਤਾ ਨੂੰ ਵਡੀ ਆਫਤ ਦੀ ਲਪੇਟ ਵਿਚ ਲੈ ਲਿਆ ਹੈ ? ਅਜਿਹੀ ਮਹਾਂਮਾਰੀ ਭੂਤਕਾਲ ਵਿਚ ਲਾਸ਼ਾਂ ਦੇ ਨਿਰੰਤਰ ਢੇਰ ਲਾਉਂਦੀ ਰਹੀ ਹੈ .

ਜੇ ਹਾਲਾਤ ਨਹੀਂ ਸੰਭਲਦੇ ਤਾਂ ਸੰਭਾਵਤ ਭੁਖਮਰੀ, ਅਰਾਜਕਤਾ ਅਤੇ ਹਿੰਸਾ ਦਾ ਵਾਸਾ ਬਹੁਤਾ ਦੂਰ ਨਹੀਂ ਹੈ ?

ਹਿੰਦੁਸਤਾਨੀ ਪਰਬੰਧ ਇਸ ਦੂਹਰੀ ਤੀਹਰੀ ਅਨਿਸਚਤ ਮਾਰ ਲਈ ਉਕਾ ਹੀ ਤਿਆਰ ਨਹੀਂ ? ਮੈਡੀਕਲ ਸਿਸਟਮ ਕੋਲ ਮੁਢਲੀਆਂ ਸਹੂਲਤਾਂ ਦਾ ਊੜਾ ਐੜਾ ਵੀ ਨਹੀਂ ਹੈ ?

ਰਾਜਸੀ ਲੀਡਰਸ਼ਿਪ ਬੌਂਦਲ ਗਈ ਹੈ ? ਮੁੱਦਰਾ ਆਫਤ ਨੂੰ ਸਿੰਗਾਂ ਤੋਂ ਫੜਣ ਵਾਲੀ ਨਹੀਂ ? ਬਲੀ ਦੇ ਬਕਰੇ ਲਭਣ ਅਤੇ ਉਨਾਂ ਦਾ ਸ਼ਿਕਾਰ ਕਰਨ ਵਾਲੀ ਹੈ ? ਜਾਂ ਫਿਰ ਥਾਲੀਆਂ ਖੜਕਾਉਣ ਅਤੇ ਮੋਮਬੱਤੀਆਂ ਜਲਾਉਣ ਵਾਲੀ ਹੈ ? ਲੀਡਰਸ਼ਿਪ ਦੀਆਂ ਇਨਾਂ ਹਲਕੀਆਂ ਹਰਕਤਾਂ ਉਪਰ ਘਰੇਲੂ 'ਅੰਧੀ ਖਲਕਤ' ਤਾੜੀਆਂ ਮਾਰੇਗੀ ? ਪਰ ਦੁਨੀਆ ਖਿੱਲੀ ਉਡਾਏਗੀ ? ਸਾਧਾਰਨ ਮਨੁਖ ਵਡੇ ਖਤਰੇ ਵਿਚ ਹੈ ?

**ਸੁਖਦੇਵ ਸਿੰਘ**

## ਦੱਸ ਭਲਾ ਬਈ ਸਾਡੇ ਧਰਮ ਵਿਚ ਕਿਹੜੀ ਘਾਟ ਐ ?

ਪੰਜਾਬ ਭਰ ਵਿਚ ਅੱਡ ਅੱਡ ਥਾਂ ਤੇ ਅੱਡ ਅੱਡ ਢੰਗ-ਤਰੀਕੇ, ਬੰਦੇ, ਧਿਰਾਂ, ਜਥੇਬੰਦੀਆਂ ਰਲ ਮਿਲਕੇ ਸਿੱਖਾਂ ਨੂੰ ਸਿੱਖੀ ਨਾਲੋਂ ਤੋੜਨ ਲਈ ਡਟੇ ਹੋਏ ਨੇ, ਪਰ ਹਰ ਥਾਂ ਸਿੱਖ ਖਾਮੋਸ਼ ਹਨ। ਜੇ ਕੋਈ ਬੋਲਦਾ ਹੈ ਤਾਂ ਉਸਦੀ ਹਮਾਇਤ ਜਾਂ ਸਮਰਥਨ ਦੇਣ ਦੀ ਥਾਂ ਸਾਰੇ ਉਹਦੇ ਦੁਆਲੇ ਹੋ ਜਾਂਦੇ ਨੇ ਕਿ ਤੈਂ ਕੀ ਲੈਣਾ ? ਹਰੇਕ ਸਿੱਖ ਨੇ ਸਾਨੂੰ ਕੀ ਵਾਲੀ ਬਿਰਤੀ ਧਾਰ ਲਈ ਹੈ। ਕੋਈ ਇਸ ਪਾਸੇ ਗੱਲ ਕਰਨ ਨੂੰ ਹੀ ਨਹੀਂ ਤਿਆਰ ਕਿ ਕਿਵੇਂ ਸਿੱਖਾਂ ਨੂੰ ਸਿੱਖੀ ਨਾਲੋਂ ਤੋੜਿਆ ਜਾ ਰਿਹਾ ਹੈ। ਇੱਕ ਸ਼ਾਮ ਮਾਝੇ ਦੇ ਇੱਕ ਪਿੰਡ ਰਿਸ਼ਤੇਦਾਰੀ ਵਿਚ ਜਾਣਾ ਪਿਆ ਤਾਂ ਬਿਰਧ ਮਾਈ ਖਪੇ-ਖੂੰਨ ਹੋਈ ਪਈ ਕਿ ਅੱਜ ਗਵਾਂਢਣ ਚਰਨੋ ਉਸਨੂੰ ਚਰਚ ਜਾਣ ਲਈ ਪਤਿਆਂਉਦੀ ਰਹੀ। ਬਿਰਧ ਮਾਈ ਨੂੰ ਐਨਾ ਲੋਹੜੇ ਦਾ ਹਿਰਖ ਕਿ ਰਹੇ ਰੱਬ ਦਾ ਨਾਂ! ਕਹੇ, "ਦੱਸ, ਮੈਨੂੰ ਕਹਿੰਦੀ ਆ ਬਈ ਗੁਰੂ ਨਾਨਕ ਸਾਹਿਬ ਤਾਂ ਵਿਚੋਲਾ ਪਾਕੇ ਰੱਬ ਨਾਲ ਮੇਲ ਕਰਵਾਂਉਦੇ ਆ, ਪਰ ਯਸੂ ਤਾਂ ਸਿੱਧਾ ਮੇਲ ਕਰਾਂਉਦਾ, ਕਦੇ ਕੁਛ ਕਦੇ ਕੁਛ, ਮੈਂ ਬੀ ਕਹਿਤਾ ਫਿਰ, ਨੀ ਜਣਦੀਆਂ ਨੂੰ ਰੋਣੀਏ, ਆਪਦੇ ਮਾਪਿਆਂ ਵੱਲ ਦੇਖ, ਸੱਸ-ਸਹੁਰੇ ਵੱਲ ਦੇਖ, ਕਿਡੇ ਸੋਹਣੇ ਗਾਤਰੇ ਪਾਂਉਦੇ ਰਹੇ ਆ, ਤੂੰ ਕਿਧਰ ਤੁਰ ਪੀ ? ਉਸ ਅਨਪੜ ਮਾਤਾ ਨੇ ਯਸੂ ਮਸੀਹ ਦੀ ਭਗਤਣੀ ਨੂੰ ਕੋਈ ਘੰਟਾ ਪਹਿਲਾਂ ਖਰੀਆਂ ਖਰੀਆਂ ਸੁਣਾਕੇ ਡੱਕਰਤਾ ਸੀ, ਪਰ ਜਦ ਮੈਂ ਗਿਆ ਤਾਂ ਅਜੇ ਉਹਦਾ ਗੁੱਸਾ ਠੰਡਾ ਨਹੀਂ ਸੀ ਹੋਇਆ ਕਿ ਇਹ "ਹਸਾਈ (ਈਸਾਈ) ਸਾਡੇ ਸਿੱਖਾਂ ਨੂੰ ਪੱਟੀ ਜਾਂਦੇ ਨੇਂ" ਮਾਤਾ ਦੀ ਇਕ ਗੱਲ ਬੜੀ ਕਮਾਲ ਦੀ ਲੱਗੀ, ' ਦੱਸ ਭਲਾ ਬਈ ਸਾਡੇ ਧਰਮ ਵਿਚ ਕਿਹੜੀ ਘਾਟ ਐ ?

ਇਹ ਸਵਾਲ ਹਰੇਕ ਸਿੱਖ ਦਾ ਹੋਣਾ ਈ ਚਾਹੀਦਾ ? ਜਦ ਵੀ ਕੋਈ ਮੁਸਲਮਾਨ ਬਣਾਉਣ ਲਈ, ਈਸਾਈ ਬਣਾਉਣ ਲਈ, ਇਸਾਂ ਬਣਾਉਣ ਲਈ ਜਾਂ ਸਿੱਖੀ ਤੋਂ ਪਰੇ ਲਿਜਾਕੇ ਕੁਝ ਹੋਰ ਬਣਾਉਣ ਲਈ ਪਰੇਰਨਾ ਕਰੇ, ਤਾਂ ਉਸਨੂੰ ਠੋਕ ਕੇ ਕਹਿਣਾ ਚਾਹੀਦਾ, ਵਧੀਆ ਹੋਣਾ ਤੇਰਾ ਮੱਤ, ਪਰ ਮੈਨੂੰ ਸਿੱਖੀ ਵਿਚ ਕੋਈ ਘਾਟ ਨਹੀਂ ਦਿਸਦੀ, ਜੋ ਮੈਂ ਆਪਣਾ ਧਰਮ ਤਿਆਗਾਂ !

ਪਰ ਅਸਲੀਅਤ ਇਹ ਹੈ ਕਿ ਮਾਝੇ ਵਿਚ ਹਜਾਰਾਂ ਹੀ ਸਿਖ ਪਰਿਵਾਰ ਈਸਾਈ ਬਣ ਗਏ ਨੇ, ਇਹ ਹੋਰਾਂ ਨੂੰ ਵੀ ਸਿੱਖੀ ਤੋਂ ਪਰੇ ਲਿਜਾ ਰਹੇ ਨੇ। ਐਹੋ ਜਿਹੇ ਵੇਲੇ ਮਾਤਾ ਵਰਗੀਆਂ ਸਿੱਖ ਬੀਬੀਆਂ ਦਾ ਸੰਤਾਪ ਬਹੁਤ ਅਸਹਿ ਹੈ। ਮਾਤਾ ਇਕੋ ਗੱਲ ਬੋਲੀ ਜਾਵੇ, "ਕਿਸੇ ਨੂ ਉਹਦੇ ਧਰਮ ਤੋਂ ਬੇਮੁਖ ਕਰਨਾ ਕਿੱਡਾ ਪਾਪ ਆ, ਲੋਕ ਰੱਬ ਤੋਂ ਡਰਦੇ ਈ ਨਈ"

ਸੱਚੀ ਗੱਲ ਹੈ ਕਿ ਕਿਸੇ ਨੂੰ ਉਸਦੇ ਇਸ਼ਟ ਤੋਂ ਪਰੇ ਕਰਨਾ ਰੱਬੀ ਸੇਵਾ ਨਹੀਂ-ਇਹ ਤਾਂ ਵਪਾਰ ਹੈ, ਠੱਗੀ ਹੈ, ਦੁਕਾਨਦਾਰੀ ਹੈ -ਇੰਝ ਨਵੇਂ ਬਣੇ ਤੇ ਵਧਾਏ ਲੋਕ ਧਰਮੀ ਜਿਉੜੇ ਨਹੀਂ, ਸਗੋਂ ਗਾਹਕ ਹੀ ਹੋਏ। ਪਰ ਮੋਟਰ-ਸਾਈਕਲ, ਰਿਸ਼ਤੇ ਤੇ ਬਾਹਰ ਭੇਜਣ ਦੇ ਲੋਭ-ਲਾਲਚ ਦੇਕੇ ਸਿੱਖਾਂ ਨੂੰ ਸਿਖੀ ਤੋਂ ਬਾਗੀ ਕੀਤਾ ਜਾ ਰਿਹਾ ਹੈ। ਉਹ ਮਾਝਾ ਜਿਹੜਾ ਸਿੱਖੀ ਦੀ ਰੀੜ ਦੀ ਹੱਡੀ ਵਾਂਗ ਮੰਨਿਆ ਜਾਂਦਾ ਹੈ, ਹੁਣ ਸਿੱਖਾਂ ਲਈ ਦਿਨੋ ਦਿਨ ਘਟਗਿਣਤੀ ਵਿਚ ਹੁੰਦਾ ਜਾ ਰਿਹਾ ਹੈ। ਸੰਘਰਸ਼ ਦੇ ਨਿਵਾਣ ਵੱਲ ਜਾਣ ਦੇ ਨਾਲ ਹੀ ਮਾਝੇ ਦੇ ਹਰ ਪਿੰਡ ਵਿਚ ਗਿਰਜ਼ੇ ਤੇ ਪਾਦਰੀ ਵਧਣ ਲੱਗ ਪਏ ਸੀ, ਹੁਣ ਇਹ ਈਸਾਈ ਬਨਣ ਦੀ ਲਹਿਰ ਮਾਝੇ ਵਿਚ ਸਿਖਰ ਤੇ ਹੈ। ਹਰ ਪਿੰਡ ਵਿਚ ਬਜੁਰਗ ਬੈਠੇ ਝੂਰਦੇ ਨੇ ਕਿ ਆਹ ਕੀ ਲੋਹੜਾ ਹੈ !

ਕੀ ਇਹ ਸਿਖੀ ਤੇ ਸਿੱਖਾਂ ਖਿਲਾਫ ਵਿਉਂਤਵੱਧ ਹੋਕੇ ਚਲਾਈ ਲਹਿਰ ਨਹੀਂ ? ਸਿੱਖਾਂ ਨੂੰ ਸਿੱਖੀ ਤੋਂ ਬਾਗੀ ਕਰਨ ਦੀ ਲਹਿਰ ਜੋਬਨ ਉਤੇ ਹੈ ਪਰ ਸਿੱਖਾਂ ਨੂੰ ਸਾਨੂੰ ਕੀ ਵਾਲੀ ਬਿਰਤੀ ਨੇ ਮਾਰਿਆ ਪਿਆ !

ਸੋਚਣ ਵਾਲੀ ਗੱਲ ਹੈ ਕਿ ਇਸ ਨਾਲ ਉਨਾਂ ਸਿੱਖਾਂ ਨੂੰ ਕਿੰਨੀ ਮਾਨਸਿਕ ਪੀੜ ਸਹਿਣੀ ਪੈ ਰਹੀ ਹੈ ਜਿਹੜੇ ਸਿਖੀ ਨੂੰ ਜਿੰਦ-ਜਾਨ ਨਾਲ ਪਿਆਰ ਕਰਦੇ ਹਨ ਤੇ ਜਿੰਨਾ ਦੇ ਸਾਹਮਣੇ ਉਨਾਂ ਦਾ ਹਮਸਾਏ ਸਿਖੀ ਦਾ ਜਲੂਸ ਕੱਢ ਰਹੇ ਹਨ ?

ਸਾਰਿਆਂ ਦਾ ਮੁਖ ਮਕਸਦ ਇਕੋ ਹੈ ਕਿ ਸਿੱਖਾਂ ਨੂੰ ਸਿੱਖੀ ਤੋਂ ਬਾਗੀ ਕਰਨਾ ਹੈ।ਕਾਮਰੇਟ ਕਹਿੰਦੇ ਸਿਖ ਜਵਾਨੀ ਨੂੰ 'ਇਨਸਾਨੀਅਤ ਦਾ ਪਾਠ'ਪੜਾਂਵਾਂਗੇ।ਹਰੇਕ ਸਿਖੀ ਦੇ ਮਗਰ ਪਿਆ ਹੋਇਆ।ਸਾਰਿਆਂ ਨੂੰ ਦਿੱਲੀ ਤੇ ਨਾਗਪੁਰ ਤੋਂ ਗੱਫੇ ਮਿਲਦੇ ਨੇ ਕਿ ਵੱਧ ਤੋਂ ਵੱਧ ਸਿਖਾਂ ਨੂੰ ਸਿਖੀ ਤੋਂ ਤੋੜੋ।ਕਦੇ-ਕਦੇ ਲੱਗਦਾ ਜਿਵੇਂ ਪੰਥ-ਦੋਖੀ ਜਮਾਤਾਂ ਦਾ ਆਪਸ ਵਿਚ ਮੁਕਾਬਲਾ ਚੱਲ ਰਿਹਾ ਕਿ ਕਿਹੜਾ ਦੂਜਿਆਂ ਨਾਲੋਂ ਵੱਧ ਸਿਖੀ ਤੇ ਸਿਖਾਂ ਦਾ ਘਾਣ ਕਰਦਾ ਹੈ ?

ਸਿੱਖੀ ਵਿਚ ਪਰਪੱਕ ਸਿਖਾਂ ਨੂੰ ਵੀ ਸਿੱਖ ਵਿਚਾਰਧਾਰਾ ਤੋਂ ਪਰੇ ਲਿਜਾਕੇ ਅੰਮ੍ਰਿਤਧਾਰੀ ਬਾਹਮਣ ਬਣਾਉਣ ਵਾਲੇ ਅਨੇਕਾਂ ਸਾਧ-ਡੇਰੇਦਾਰ ਸਰਗਰਮ ਨੇ ਜੋ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕਰਕੇ, ਅੰਮ੍ਰਿਤ ਵੀ ਪਾਨ ਕਰਵਾ ਰਹੇ ਨੇ, ਪਰ ਇਹ ਲੋਕ 'ਦਸ਼ਮੇਸ਼ ਪਿਤਾ ਦੇ ਲਾਲ' ਨਹੀਂ 'ਸਾਧਾਂ ਦੇ ਚੇਲੇ' ਪੈਦਾ ਕਰੀ ਜਾ ਰਹੇ ਨੇ। ਸਿਖੀ ਦਾ ਬਾਹਮਣੀਕਰਨ ਕਰਨ ਲਈ ਨਾਗਪੁਰ ਤੋਂ ਆਰ.ਐਸ.ਐਸ.ਵਾਲੇ ਸਰਗਰਮ ਹੈ।

ਇਸ ਪਾਸੇ ਗੰਭੀਰ ਵਿਚਾਰ ਦੀ ਲੋੜ ਹੈ - ਪਰ ਇਸ ਲਈ ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ ਤੇ ਕੋਈ ਆਸ ਨਾ ਰੱਖੋ, ਕਿਉਂਕਿ ਜੇ ਸਿਖਾਂ ਨੂੰ ਸਿੱਖੀ ਤੋਂ ਬਾਗੀ ਕਰਕੇ ਸਰਸੇ, ਈਸਾਈ, ਆਰ.ਐਸ.ਐਸ. ਤੇ ਮੁਸਲਮਾਨ ਬਣਾਏ ਜਾਣ ਦੀ ਚਰਚਾ ਹੋਈ, ਤਾਂ ਬਾਦਲ ਸਾਹਿਬ ਦੀਆਂ ਵੋਟਾਂ ਨੂੰ ਫਰਕ ਪਵੇਗਾ।

ਹਰ ਇਹੋ ਜਿਹੀ ਪੋਸਟ ਤੋਂ ਬਾਦ ਫੇਸਬੁਕ ਤੇ ਸਿੱਖ ਨੌਜਵਾਨਾਂ ਦਾ ਇਹੀ ਸਵਾਲ ਹੁੰਦਾ, ਵੀਰ ਜੀ ਕੁਝ ਕਰੀਏ ?ਪਰ ਯਾਰੋ ਕਰੀਏ ਕੀ ? ਮੇਰੇ ਖਿਆਲ ਵਿਚ ਤਾਂ ਪੰਜਾਬ ਵਿਚ ਸਿੰਘ ਸਭਾ ਲਹਿਰ ਵਰਗਾ ਕੋਈ ਸਮਾਜਿਕ ਅੰਦੋਲਨ ਖੜਾ ਕਰੀਏ, ਤਾਂ ਕਿ ਸਿੱਖ ਚੇਤਨਾ ਨੂੰ ਸਿੱਖੀ ਸਿਦਕ ਵਿਚ ਪਰਪੱਕ ਕੀਤਾ ਜਾਵੇ।

**ਰਸਤਾ ਪੂਰੀ ਅਨੰਦ ਦਾ ਬੇਨੂਰ ਦਰਾਡਾ,**
**ਤੂੰ ਬਹੁੜੀ ਕਲਗੀ ਵਾਲਿਆਂ, ਕੋਈ ਦੇਸ਼ ਨਾ ਸਾਡਾ।**

**ਸਰਬਜੀਤ ਸਿੰਘ ਘੁਮਾਣ**

## ਭਾਈ ਨਿਰਮਲ ਸਿੰਘ ਦੀ ਜ਼ਿੰਦਗੀ ਲਈ ਆਖ਼ਰੀ ਹੂਕ ਤੇ ਛਿੱਜੀਆਂ ਜ਼ਮੀਰਾਂ

ਕੋਰੋਨਾ ਮਹਾਮਾਰੀ ਨਾਲ ਜੁੜੀਆਂ ਮਿੱਥਾਂ ਨੇ ਕਈ ਸਮਾਜਿਕ ਵਿੱਥਾਂ ਨੂੰ ਜਨਮ ਦਿੱਤਾ ਹੈ। ਦੁੱਖ-ਸੁੱਖ ਵਿਚ ਸਾਂਝਾ ਹੁੰਗਾਰਾ ਭਰਨ ਵਾਲੇ ਪੰਜਾਬੀਆਂ ਦੀ ਅਮੀਰ ਵਿਰਾਸਤ 'ਤੇ ਵੀ ਸਵਾਲੀਆ ਨਿਸ਼ਾਨ ਲੱਗੇ ਹਨ।

ਵੀਹਵੀਂ ਸਦੀ ਵਿਚ ਵੀ ਪੰਜਾਬ ਨੇ ਕਈ ਮਹਾਮਾਰੀਆਂ ਨੂੰ ਝੇਲਿਆ ਸੀ ਪਰ ਪੰਜਾਬੀਆਂ ਨੇ ਸਾਂਝੀਵਾਲਤਾ ਦਾ ਪੱਲਾ ਕਦੇ ਨਹੀਂ ਸੀ ਛੱਡਿਆ। ਪਰ ਬੰਬੀਹੇ ਵਰਗੀ ਹੂਕ ਵਾਲੇ ਭਾਈ ਨਿਰਮਲ ਸਿੰਘ ਵੱਲੋਂ ਜ਼ਿੰਦਗੀ ਲਈ ਮਾਰੀ ਆਖ਼ਰੀ ਹੂਕ ਨੂੰ ਸੁਣ ਕੇ ਮਨ ਵੈਰਾਗ ਵਿਚ ਆ ਗਿਆ। ਗੁਰੂ ਦੇ ਹਜ਼ੂਰ ਵਿਚ ਧੁਰ ਕੀ ਬਾਣੀ ਗਾਉਣ ਵਾਲਾ ਸਾਡਾ ਇਕਲੌਤਾ ਪਦਮਸ੍ਰੀ ਕੀਰਤਨੀਆ ਮੌਤ ਦੇ ਬਿਸਤਰ 'ਤੇ ਪਿਆ ਮੋਬਾਈਲ 'ਤੇ ਆਪਣੇ ਪਰਿਵਾਰ ਨੂੰ ਕੁਰਲਾਉਂਦਾ ਹੋਇਆ ਆਖ਼ਰੀ ਫ਼ਤਿਹ ਬੁਲਾ ਕੇ ਕਹਿ ਰਿਹਾ ਸੀ ਕਿ ਉਸ ਦਾ ਇਲਾਜ ਨਹੀਂ ਹੋ ਰਿਹਾ ਤੇ ਉਹ ਚੰਦ ਮਿੰਟਾਂ ਦਾ ਹੀ ਮਹਿਮਾਨ ਹੈ। ਇਸ ਫ਼ਾਨੀ ਜਹਾਨ ਨੂੰ ਅਲਵਿਦਾ ਕਹਿਣ ਤੋਂ 10 ਕੁ ਦਿਨ ਪਹਿਲਾਂ ਉਨਾਂ ਨੇ ਪ੍ਰਸ਼ਾਸਨ ਅਤੇ ਆਪਣੇ ਲੋਕ ਨੁਮਾਇੰਦਿਆਂ ਨੂੰ ਕੋਰੋਨਾ ਪੀੜਤ ਹੋਣ ਦੀ ਪੀੜ ਸਾਂਝੀ ਕਰਦਿਆਂ ਟੈਸਟ ਕਰਵਾਉਣ ਦੀ ਜੋਦੜੀ ਕੀਤੀ ਸੀ। ਮੀਡੀਆ ਦੇ ਦਬਾਅ ਤੋਂ ਬਾਅਦ ਉਨਾਂ ਦਾ ਟੈਸਟ ਤਾਂ ਹੋਇਆ ਪਰ ਕੋਰੋਨਾ ਕਿੱਟ ਦੀ ਘਾਟ ਕਾਰਨ ਉਨਾਂ ਨੂੰ 'ਨੈਗੇਟਿਵ ਰਿਪੋਰਟ' ਦੇ ਕੇ ਘਰ ਤੋਰ ਦਿੱਤਾ ਗਿਆ। ਜੇ ਉਨਾਂ ਨੂੰ ਉਸ ਵੇਲੇ ਹੀ ਦਾਖ਼ਲ ਕਰ ਲਿਆ ਜਾਂਦਾ ਤਾਂ ਅੱਜ ਪੰਥ ਦਾ ਅਨਮੋਲ ਹੀਰਾ ਸਾਡੇ ਦਰਮਿਆਨ ਹੋਣਾ ਸੀ। ਇਹ ਸਾਰਾ ਵਰਤਾਰਾ ਸੂਬੇ ਦੇ ਹੈਲਥ ਸਿਸਟਮ ਦੀ ਪੋਲ ਖੋਲਦਾ ਹੈ। 'ਆਖ਼ਰੀ ਫ਼ਤਿਹ' ਬੁਲਾਉਣ ਤੋਂ ਬਾਅਦ ਨਿਰਮਲ ਹਿਰਦੇ ਵਾਲੇ ਭਾਈ ਨਿਰਮਲ ਸਿੰਘ ਅੰਮ੍ਰਿਤ ਵੇਲੇ ਦਮ ਤੋੜ ਗਏ। ਇਹ ਉਹ ਵੇਲਾ ਸੀ ਜਿਸ ਬਾਰੇ ਗੁਰੂ ਅਮਰ ਦਾਸ ਜੀ ਦਾ ਰਚਿਆ ਸ਼ਬਦ, 'ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ' ਗਾਉਂਦਿਆਂ ਭਾਈ ਸਾਹਿਬ ਵਜਦ ਵਿਚ ਆ ਜਾਇਆ ਕਰਦੇ ਸਨ। ਪ੍ਰਸ਼ਾਸਨ ਅਤੇ ਡਾਕਟਰਾਂ ਦੀ ਅਣਗਹਿਲੀ ਤੋਂ ਇਲਾਵਾ ਸਭ ਤੋਂ ਵੱਡਾ ਗਿਲਾ ਸਮਾਜ 'ਤੇ ਹੈ ਜਿਸ ਨੇ ਵੇਦਨਾ-ਸੰਵੇਦਨਾ ਨੂੰ ਦਰਕਿਨਾਰ ਕਰ ਕੇ ਉਨਾਂ ਦੀ ਦੇਹ ਨੂੰ ਰੋਲਿਆ ਹੈ। ਭਾਈ ਨਿਰਮਲ ਸਿੰਘ ਦੀ ਅਰਥੀ ਚੁੱਕਣ ਲਈ ਚਾਰ ਮੋਢੇ ਵੀ ਅੱਗੇ ਨਾ ਆ ਸਕੇ ਜਿਸ ਦੀ ਸਮਝ ਆਉਂਦੀ ਹੈ। ਪਰ ਸਸਕਾਰ ਲਈ ਜਗਾ ਨਾ ਦੇਣੀ ਗ਼ੈਰ-ਮਨੁੱਖੀ ਕਾਰਾ ਹੈ। ਸਮਾਜ ਨੂੰ ਵਹਿਮ ਸੀ ਕਿ ਕੋਰੋਨਾ ਪੀੜਤ ਦੀ ਦੇਹ ਦੀ ਚਿਖਾ 'ਚੋਂ ਨਿਕਲਣ ਵਾਲਾ ਧੂੰਆਂ ਜਾਂ ਇਸ ਵਿਚੋਂ ਉੱਡਣ ਵਾਲੀ ਰਾਖ ਮਹਾਮਾਰੀ ਦੇ ਪਸਾਰ ਦਾ ਕਾਰਨ ਬਣ ਸਕਦੀ ਹੈ। ਗੁਰੂ ਕੀ ਨਗਰੀ ਦੀਆਂ ਦੋ ਸ਼ਮਸ਼ਾਨਘਾਟਾਂ ਦੇ 'ਰਹਿਬਰਾਂ' ਨੇ ਸਸਕਾਰ ਤੋਂ ਕੋਰੀ ਨਾਂਹ ਕਰ ਦਿੱਤੀ ਤਾਂ ਨਾਲਾਇਕ ਪ੍ਰਸ਼ਾਸਨ ਵੱਲੋਂ ਵੇਰਕਾ ਦੇ ਮਰਘਟ ਦਾ ਬੂਹਾ ਜਾ ਖੜਕਾਇਆ। ਇੱਥੇ ਵੀ ਸ਼ਮਸ਼ਾਨਘਾਟ ਦੇ ਦਰਵਾਜ਼ੇ ਨੂੰ ਜਿੰਦਰਾ ਜੜ ਕੇ ਪਿੰਡ ਵਾਲਿਆਂ ਨੇ ਮੱਥੇ 'ਤੇ ਨਾ ਮਿਟਣ ਵਾਲਾ ਕਲੰਕ ਲਵਾ ਲਿਆ। ਆਖ਼ਰ, ਰਾਤ ਦੇ ਹਨੇਰੇ ਵਿਚ ਵੇਰਕਾ ਨੇੜੇ ਖੇਤਾਂ ਵਿਚ ਉਨਾਂ ਦਾ ਸਸਕਾਰ ਹੋਇਆ। ਸਸਕਾਰ ਮੌਕੇ ਪ੍ਰਸ਼ਾਸਨ ਦੇ ਕੁਝ ਕੁ ਅਧਿਕਾਰੀ ਤੇ ਭਾਈ ਸਾਹਿਬ ਨੂੰ ਮੁਹੱਬਤ ਕਰਨ ਵਾਲੇ ਇੱਕਾ-ਦੁੱਕਾ ਪੰਥ ਦਰਦੀ ਮੌਜੂਦ ਸਨ। ਚਿਖਾ ਚਿਣਨ ਲਈ ਲੱਕੜੀਆਂ ਦੀ ਘਾਟ ਆਈ ਤਾਂ ਏਧਰੋਂ-ਓਧਰੋਂ ਲੱਕੜਾਂ ਇਕੱਠੀਆਂ ਕੀਤੀਆਂ ਗਈਆਂ। ਮਹਾਮਾਰੀ ਦੇ ਪ੍ਰਕੋਪ ਕਾਰਨ ਆਖ਼ਰੀ ਦਰਸ਼ਨ ਕਰਨ ਦਾ ਵੀ ਕਿਸੇ ਨੂੰ ਮੌਕਾ ਨਾ ਮਿਲਿਆ। ਭਾਈ ਸਾਹਿਬ ਦੇ ਪੁੱਤਰ ਨੇ ਪੂਲੇ ਨੂੰ ਅੱਗ ਲਗਾ ਕੇ ਜਦੋਂ ਚਿਖਾ ਦਾਗੀ ਤਾਂ ਦੂਰ ਖੜੇ ਵਿਰਲੇ-ਟਾਵੇਂ ਲੋਕਾਂ ਦੀਆਂ ਅੱਖਾਂ ਨਮ ਸਨ। ਸੱਚਖੰਡ ਦੇ ਸਾਬਕਾ ਹਜ਼ੂਰੀ ਰਾਗੀ ਤੇ ਪਦਮਸ੍ਰੀ ਦਾ ਅਜਿਹਾ ਦਾਹ-ਸੰਸਕਾਰ ਕਿਸੇ ਨੇ ਵੀ ਨਹੀਂ ਸੀ ਚਿਤਵਿਆ। ਇਕੱਤੀ ਰਾਗਾਂ ਵਿਚ ਔਖੀ ਤੋਂ ਔਖੀ ਬੰਦਿਸ਼ 'ਚ ਸਹਿਜ ਹੋ ਕੇ ਕੀਰਤਨ ਕਰਨ ਵਾਲੇ ਭਾਈ ਨਿਰਮਲ ਸਿੰਘ ਦੀ ਸੰਸਾਰਕ ਯਾਤਰਾ ਦਾ ਅਤਿ ਦੁਖਦਾਈ ਅੰਤ ਅਤੇ ਉਸ ਤੋਂ ਬਾਅਦ ਉਨਾਂ ਦੀ ਮਿੱਟੀ ਨੂੰ ਰੋਲ ਕੇ ਅਸੀਂ ਆਪਣੀ ਹੀ ਮਿੱਟੀ ਪਲੀਤ ਕੀਤੀ ਹੈ। ਸਾਡੇ ਨੇਤਾ ਜਾਣੋਂ ਘਰੇ ਬੈਠੇ ਸ਼ਰਧਾਂਜਲੀਆਂ ਦੇ ਰਹੇ ਸਨ ਤਾਂ ਉਸ ਵੇਲੇ ਭਾਈ ਨਿਰਮਲ ਸਿੰਘ ਦੇ ਦੇਸ਼-ਵਿਦੇਸ਼ ਵਸਦੇ ਸ਼ਰਧਾਲੂਆਂ ਵੱਲੋਂ ਪੰਥ ਦੀਆਂ ਇਨਾਂ 'ਮਾਇਆਨਾਜ਼' ਹਸਤੀਆਂ ਨੂੰ ਸੋਸ਼ਲ ਮੀਡੀਆ 'ਤੇ ਲਾਹਣਤਾਂ ਪਾਈਆਂ ਜਾ ਰਹੀਆਂ ਸਨ।

**ਜਗਜੀਤ ਸਿੰਘ**

# ਪੰਜਾਬੀ ਸਾਹਿਤ 'ਚੋਂ ਗੁਆਚ ਰਿਹਾ ਗੰਭੀਰ ਗੋਸ਼ਟਿ ਤੇ ਸੰਵਾਦ



**- ਮਨਮੋਹਨ**

ਅੱਜ ਪੰਜਾਬੀ ਲੇਖਕ ਆਪਣੀਆਂ ਲਿਖਤਾਂ ਦਾ ਪ੍ਰਦਰਸ਼ਨ ਬੜੀ ਤੀਬਰਤਾ ਅਤੇ ਤੇਜ਼ੀ ਨਾਲ ਕਰ ਰਹੇ ਨੇ। ਪੰਜਾਬੀ ਲੇਖਕ ਤਰੁੰਤ ਕਵਿਤਾ ਲਿਖਦਾ ਹੈ, ਫੇਸ ਬੁਕ 'ਤੇ ਪਾਉਂਦਾ ਹੈ, ਪ੍ਰਸ਼ੰਸਾ ਹਥਿਆਉਂਦਾ ਹੈ ਤੇ ਆਪੇ ਹੀ ਖ਼ੁਸ਼ ਹੋ ਜਾਂਦਾ ਹੈ। ਮਨੋ-ਮਾਨਵਵਿਗਿਆਨ ਦੀ ਭਾਸ਼ਾ ਵਿਚ ਇਸ ਨੂੰ 'ਨਾਰਸਿਜ਼ਮ' ਕਹਿੰਦੇ ਹਨ। ਸਿਰਜਣਾ ਜਗਤ ਵਿਚ ਜਦੋਂ ਵੀ ਕੋਈ ਨਵਾਂ ਮਾਧਿਅਮ ਆਉਂਦਾ ਹੈ ਉਹ ਆਪਣੇ ਨਾਲ ਨਵੇਂ ਮਿਜਾਜ਼ ਤੇ ਅੰਦਾਜ਼ ਵੀ ਲੈ ਕੇ ਆਉਂਦਾ ਹੈ। ਇਸ ਨਾਲ ਪਾਠਕ-ਲੇਖਕ ਦੇ ਸਬੰਧਾਂ ਦਾ ਵੀ ਕਾਇਆਤਰਣ ਹੁੰਦਾ ਹੈ। ਪੁਰਾਣੇ ਸਾਹਿਤਕ ਸਬੰਧਾਂ ਦੀ ਥਾਂ ਨਵੇਂ ਸਬੰਧਾਂ ਨੂੰ ਸਪੇਸ ਮਿਲਦੀ ਹੈ। ਇਨ੍ਹਾਂ ਸੋਸ਼ਲ ਮਾਧਿਅਮਾਂ ਵਿਚ ਅਜਿਹੇ ਲੇਖਕਾਂ ਦੀ ਵੱਡੀ ਤਾਦਾਦ ਦਿਖਾਈ ਦੇ ਰਹੀ ਹੈ ਜਿਨਾਂ ਨੂੰ ਇਨਾਂ ਮਾਧਿਅਮਾਂ ਰਾਹੀਂ ਹੀ ਲਿਖਣ ਦੇ ਮੌਕੇ ਮਿਲ ਰਹੇ ਹਨ ਤੇ ਪ੍ਰਕਾਸ਼ਿਤ ਹੋਣ ਦੀ ਸਪੇਸ ਮਿਲ ਰਹੀ ਹੈ। ਪਰ ਕੀ ਇਸ ਲੇਖਣ ਦੀ ਕੋਈ ਸਿਰਜਣਾਤਮਕ ਜਾਂ ਰਚਨਾਤਮਕ ਪ੍ਰਤਿਮਾਣਕਤਾ ਵੀ ਹੈ, ਇਹ ਸੋਚਣ ਦਾ ਵਿਸ਼ਾ ਹੈ!

ਅੱਜ ਪੰਜਾਬੀ ਸਾਹਿਤ ਸਿਰਜਣਾ ਦੇ ਜਗਤ ਵਿਚ ਜਿੱਥੇ ਤੱਤਫੱਟਤਾ, ਤੁਰੰਤਤਾ ਤੇ ਅਗੰਭੀਰ ਭਾਵੁਕ ਪ੍ਰਤਿਕਿਰਿਆ ਦਾ ਅਜੀਬ (ਗ਼ਰੀਬ ਵੀ) ਦ੍ਰਿਸ਼ ਦਿਖਾਈ ਦੇ ਰਿਹਾ ਹੈ, ਉੱਥੇ ਆਤਮਪ੍ਰਚਾਰ ਤੇ ਆਤਮਮੁਗਧਤਾ ਦੀ 'ਅਤਿ' ਦੇ ਵੀ ਬੜੇ ਵਿਰਾਟ ਦਰਸ਼ਨ ਹੁੰਦੇ ਹਨ। ਪੰਜਾਬੀ ਲੇਖਕ ਆਪਣੀਆਂ ਰਚਨਾਵਾਂ ਅਤੇ ਤਸਵੀਰਾਂ ਆਪ ਹੀ ਛਾਪ ਛਾਪ ਕੇ ਤੇ ਦੂਜੇ ਲੇਖਕਾਂ ਵੱਲੋਂ ਪਸੰਦ ਹੋ ਕੇ ਆਪਣੇ ਆਪ ਵਿਚ ਆਪ ਹੀ ਖ਼ੁਸ਼ ਹੋਈ ਜਾ ਰਹੇ ਨੇ। ਵੱਡੀ ਗੱਲ ਇਹ ਹੈ ਕਿ ਇਸ ਤਰਾਂ ਦਾ ਲੇਖਣ ਅਲਪਕਾਲੀ ਹੁੰਦਾ ਹੈ। ਅਜਿਹੀਆਂ ਲਿਖਤਾਂ ਦੀ ਉਮਰ ਇਕ ਦਿਨ ਤੋਂ ਵੱਧ ਨਹੀਂ ਹੁੰਦੀ। ਇਹ ਇਕ ਭਾਵੁਕ ਉਬਾਲ ਦੀ ਤਰਾਂ ਹੁੰਦੀਆਂ ਹਨ। ਇਸ ਵਿਚ ਗਹਿਨਤਾ ਤੇ ਗੰਭੀਰਤਾ ਦਾ ਅਭਾਵ ਹੁੰਦਾ ਹੈ। ਇਸ ਵਿਚ ਦੀਰਘਤਾ ਤੇ ਸਾਰਵਭੌਮਿਕਤਾ ਗ਼ੈਰਹਾਜ਼ਿਰ ਹੁੰਦੀ ਹੈ।

ਇਨਾਂ ਸੋਸ਼ਲ ਮਾਧਿਅਮਾਂ ਦੇ ਇਸ ਤਰਾਂ ਦੇ ਆਵਾਗੌਣ ਪ੍ਰਯੋਗ ਨੇ ਨਾ ਸਿਰਫ਼ ਸਿਰਜਣਕਾਰੀ ਦੀ ਗੰਭੀਰਤਾ ਨੂੰ ਢਾਹ ਲਾਈ ਹੈ ਸਗੋਂ ਸਾਹਿਤ ਦੀ ਪਰਖ ਅਤੇ ਪਛਾਣ ਨੂੰ ਵੀ ਪੇਤਲਿਆਂ ਕੀਤਾ ਹੈ। ਜਿਨਾਂ ਲੇਖਕਾਂ ਕੋਲ ਪਾਠਕੀ ਸਪੇਸ ਦੀ ਘਾਟ ਸੀ ਉਨਾਂ ਨੂੰ ਇਨਾਂ ਮਾਧਿਅਮਾਂ ਨੇ ਤੱਤਫਟ ਸਪੇਸ ਪ੍ਰਦਾਨ ਕਰ ਦਿੱਤੀ। ਇਸ ਸਪੇਸ ਵਿਚ ਪ੍ਰਗਟਾਵੇ ਦੀ ਬੜੀ ਆਜ਼ਾਦੀ ਹੈ। ਸਾਹਿਤਕਾਰ ਕਿਸੇ ਵੀ ਵਿਚਾਰ ਤੇ ਵਿਸ਼ੇ ਨੂੰ ਕਿਸੇ ਵੀ ਵਿਧਾ ਜਾਂ ਭਾਸ਼ਾ ਵਿਚ ਪੇਸ਼ ਕਰ ਸਕਦਾ ਹੈ। ਇਸ ਪੇਸ਼ਕਾਰੀ ਵਿਚ ਸਿਰਜਣ-ਕਾਲ ਤੇ ਪਾਠਕੀ ਪ੍ਰਤੀਕਰਮ-ਕਾਲ ਦੀ ਵਿੱਥ ਖ਼ਤਮ ਹੋ ਜਾਂਦੀ ਹੈ। ਇਸ ਸਪੇਸ ਦੀ ਆਜ਼ਾਦੀ ਵਿਚ ਏਨੀ ਖੁੱਲ ਹੈ ਕਿ ਲੇਖਕ ਇਸ ਆਜ਼ਾਦੀ ਦਾ ਗ਼ੁਲਾਮ ਬਣਦਾ ਜਾ ਰਿਹਾ ਹੈ। ਅੱਜ ਪੰਜਾਬੀ ਜਗਤ ਵਿਚ ਕਈ ਫੇਸ ਬੁੱਕ ਤੇ ਵਟਸਐਪ ਗਰੁਪ ਆਪਣੀ ਹਾਜ਼ਰੀ ਲਵਾ ਰਹੇ ਨੇ। ਲੇਖਕਾਂ ਦੇ ਅਲੱਗ ਅਲੱਗ ਧੜੇ ਹਨ, ਜੋ ਇਕ ਦੂਜੇ ਦੀ ਰਚਨਾ, ਫੋਟੋ, ਟਿੱਪਣੀ ਆਪ ਹੀ ਛਾਪਦੇ ਹਨ ਤੇ ਆਪ ਹੀ ਪੜਦੇ ਹਨ। ਇਕ ਦੂਜੇ ਦੀਆਂ ਅਲਪ ਉਪਲਬਧੀਆਂ 'ਤੇ ਮੁਬਾਰਕਾਂ ਲੈਂਦੇ/ਦਿੰਦੇ ਹਨ। ਇਕ ਦੂਜੇ ਦੀ ਪ੍ਰਸ਼ੰਸਾ ਕਰਕੇ ਸੰਤੁਸ਼ਟ ਹੋ ਜਾਂਦੇ ਹਨ। ਸੰਤੁਸ਼ਟੀ ਦੀ ਇਹ ਪ੍ਰਵਿਰਤੀ ਆਦਿਮਾਨਵੀ ਤੇ ਇੰਦਰੀਅਕ ਹੈ। ਇਸ ਵਿਚ ਗਿਆਨਾਤਮਕਤਾ ਦੀ ਪੁੱਠ ਨਹੀਂ ਹੁੰਦੀ।

ਫੇਸ ਬੁੱਕ ਤੇ ਵਟਸਐਪ ਜਿਹੇ ਮਾਧਿਅਮਾਂ ਨੇ ਲੇਖਣ/ਰਚਨਾਕਾਰੀ ਤੋਂ ਵੱਧ ਆਲੋਚਨਾ ਦੀ ਵਿਧਾ ਅਤੇ ਦ੍ਰਿਸ਼ ਨੂੰ ਨਾਕਾਰਾਤਮਕ ਰੂਪ ਵਿਚ ਬੁਰੀ ਤਰਾਂ ਪ੍ਰਭਾਵਿਤ ਕੀਤਾ ਹੈ। ਇਸਦਾ ਨਤੀਜਾ ਇਹ ਹੈ ਕਿ ਚੰਗੀ ਰਚਨਾ ਅਤੇ ਬੁਰੀ ਰਚਨਾ ਦਾ ਕੋਈ ਫ਼ਰਕ ਨਹੀਂ ਰਹਿ ਗਿਆ। ਵਧੀਆ ਜਾਂ ਘਟੀਆ ਲਿਖਤ ਵਿਚ ਅੰਤਰ ਗ਼ਾਇਬ ਹੈ। ਪੰਜਾਬੀ ਆਲੋਚਨਾ ਜਦੋਂ ਕਿ ਪਹਿਲਾਂ ਹੀ ਆਪਣੀ ਵਿਚਾਰਕ, ਵਿਵੇਚਨੀ ਤੇ ਵਿਸ਼ਲੇਸ਼ਣੀ ਪ੍ਰਤਿਭਾ ਤੋਂ ਵਿਰਵੀ ਹੁੰਦੀ ਜਾ ਰਹੀ ਹੈ ਉਦੋਂ ਇਸ ਤਰਾਂ ਦੇ ਸੋਸ਼ਲ ਮਾਧਿਅਮ ਕੀ ਇਸ ਵਿਚ ਕੋਈ ਗਿਆਨਾਤਮਕ ਵਾਧਾ ਕਰਨਗੇ, ਵਿਚਾਰਣ ਦੀ ਲੋੜ ਹੈ!

ਕੋਈ ਜ਼ਮਾਨਾ ਸੀ ਜਦੋਂ ਲੇਖਕ ਕੋਈ ਲਿਖਤ ਲਿਖਣ ਤੋਂ ਬਾਅਦ ਉਸ ਨਾਲ ਲੰਬਾ ਸਮਾਂ ਦੋਚਾਰ/ਰੂ-ਬ-ਰੂ ਰਹਿਣ ਤੋਂ ਮਗਰੋਂ ਕਿਸੇ ਥਾਂ ਛਪਣ ਹਿਤ ਭੇਜਦਾ ਸੀ। ਪਾਠਕ ਵੀ ਉਸਨੂੰ ਪੜਨ ਤੋਂ ਬਾਅਦ ਸੋਚ ਵਿਚਾਰ ਕੇ ਆਪਣਾ ਪਾਠਕੀ ਪ੍ਰਤੀਕਰਮ 'ਚਿੱਠੀ' ਰਾਹੀਂ ਦਿੰਦਾ ਸੀ। ਜਿਸ ਵਿਚ ਪਸੰਦਗੀ ਜਾਂ ਨਾਪਸੰਦਗੀ ਦਾ ਕੋਈ ਨਾ ਕੋਈ ਤਰਕ-ਵਿਤਰਕ ਜ਼ਰੂਰ ਹੁੰਦਾ। ਇਹ ਸਾਹਿਤ ਦੀ ਬੜੀ ਸਹਿਜ/ਮੁੱਢਲੀ ਆਲੋਚਨਾ ਪੱਧਤੀ ਸੀ। ਇਹ ਹੀ ਸਾਹਿਤ ਦੀ ਗੰਭੀਰ ਆਲੋਚਨਾ ਜਾਂ ਵਿਸ਼ਲੇਸ਼ਣ ਦਾ ਵਿਦਾ ਬਿੰਦੂ ਸੀ। ਪਰ ਅੱਜ ਇਨਾਂ ਸੋਸ਼ਲ ਮਾਧਿਅਮਾਂ ਨੇ ਪਾਠਕੀ ਪ੍ਰਤੀਕਰਮ ਨੂੰ ਏਨਾ ਪੇਤਲਾ ਕਰ ਦਿੱਤਾ ਹੈ ਕਿ ਹੁਣ ਲੇਖਕ ਇਨਾਂ ਪ੍ਰਤੀਕਰਮਾਂ ਦੀ ਗਿਣਤੀ-ਮਿਣਤੀ ਵਿਚ ਹੀ ਉਲਝਿਆ ਰਹਿੰਦਾ ਹੈ, ਗੁਣਾਤਮਕਤਾ ਦੀ ਉਸਨੂੰ ਕੋਈ ਪ੍ਰਵਾਹ ਨਹੀਂ।

ਇਨਾਂ ਸੋਸ਼ਲ ਸਾਈਟਾਂ ਦੀ ਉਪਲਬਧਤਾ ਤਾਂ ਹਰ ਖਿਣ, ਹਰ ਥਾਂ, ਹਰ ਤਰਾਂ ਹੈ। ਜਦੋਂ ਚਾਹੋ, ਜਿੰਨਾ ਚਾਹੋ, ਜਿਹੋ ਜਿਹਾ ਚਾਹੋ ਲਿਖਿਆ ਜਾ ਸਕਦਾ ਹੈ। ਲਿਖਤ ਦੇ ਪ੍ਰਕਾਸ਼ਨ ਦੇ ਤੁਰੰਤ ਬਾਅਦ ਪ੍ਰਤੀਕਿਰਿਆਵਾਂ ਦਾ ਨਿਰੰਤਰ ਸਿਲਸਿਲਾ ਵੀ ਸ਼ੁਰੂ ਹੋ ਜਾਂਦਾ ਹੈ। ਤੁਰੰਤ ਲੇਖਣ ਤੇ ਤੁਰੰਤ ਪ੍ਰਤਿਕਰਮ ਦਾ ਆਪਣਾ ਵੈਭਵ ਹੁੰਦਾ ਹੈ। ਇਸ ਆਡੰਬਰ ਵਿਚ ਪੰਜਾਬੀ ਲੇਖਕ ਜਗਤ ਪੂਰੀ ਤਰਾਂ ਗ਼ਰਕ ਹੈ। ਇਸ ਦਿਖਾਵੇ ਦਾ ਮਾਰੂ ਅਸਰ ਆਲੋਚਨਾ ਸਾਧਨਾ ਤੇ ਰਚਨਾ ਪ੍ਰਕਿਰਿਆ 'ਤੇ ਪੈ ਰਿਹਾ ਹੈ। ਵਰਿਆਂ ਦੇ ਅਧਿਐਨ ਅਤੇ ਸਿਰਜਣ-ਲੇਖਣ ਰਾਹੀਂ ਕੋਈ ਸੁਨਿਸਚਿਤ ਕਿਤਾਬ ਲਿਖਣ ਦਾ ਧੀਰਜ ਇਨਾਂ ਸੋਸ਼ਲ ਮਾਧਿਅਮਾਂ ਰਾਹੀਂ ਖ਼ਤਮ ਹੋ ਰਿਹਾ ਹੈ। ਚੰਗੀ ਕਿਤਾਬ ਦੀ ਆਮਦ ਕਿਵੇਂ ਹੋਵੇਗੀ ? ਇਹ ਗੰਭੀਰਤਾ ਦਾ ਵਿਸ਼ਾ ਹੈ!

ਇਹ ਵਿਸ਼ਾ ਉਦੋਂ ਹੋਰ ਵੀ ਚਿੰਤਾਜਨਕ ਹੋ ਜਾਂਦਾ ਹੈ ਜਦੋਂ ਪੰਜਾਬੀ ਸਾਹਿਤ, ਖ਼ਾਸ ਕਰਕੇ ਕਵਿਤਾ ਪਹਿਲਾਂ ਹੀ ਪਾਠਕੀ ਸੰਕਟ ਨਾਲ ਗ੍ਰਸਤ ਹੋਵੇ। ਲੇਖਕ ਪ੍ਰਕਾਸ਼ਕ ਨੂੰ ਪੈਸੇ ਦੇ ਕੇ ਕਿਤਾਬਾਂ ਛਪਵਾਉਂਦੇ ਹਨ। ਕਿਤਾਬ ਦੀ ਦੋ ਢਾਈ ਸੌ ਛਾਪ ਵਿੱਚੋਂ ਬਹੁਤੀ ਮੁਫ਼ਤ ਭੇਟ ਕਰ ਦਿੱਤੀ ਜਾਂਦੀ ਹੈ ਤੇ ਬਾਕੀ ਸਰਕਾਰੀ ਖ਼ਰੀਦ ਰਾਹੀਂ ਲਾਈਬਰੇਰੀਆਂ ਵਿਚ ਡੰਪ ਹੋ ਜਾਂਦੀ ਹੈ।

ਇਸ ਸੰਕਟ ਵਿਚ ਹਰਬਰਟ ਮਾਰਕੂਜ਼ੇ ਦੀ ਭਾਸ਼ਾ ਵਿਚ 'ਜ਼ਿੰਮੇਵਾਰੀ' ਸਿਰਫ਼ ਪਾਠਕ ਦੀ ਹੀ ਨਹੀਂ, ਲੇਖਕ ਦੀ ਵੀ ਹੈ। ਬਲਕਿ ਪਾਠਕ ਦੀ ਘੱਟ ਤੇ ਲੇਖਕ ਦੀ ਕਿਤੇ ਵੱਧ। ਪੰਜਾਬੀ ਪਾਠਕ ਤੇ ਲੇਖਕ ਵਿਚ ਅੰਤਰ ਘਟਦਾ ਜਾ ਰਿਹਾ ਹੈ। ਜਿਹੜੇ ਲੇਖਕ ਹਨ ਉਹੀ ਪਾਠਕ ਨੇ। ਉਹੀ ਲਿਖਦੇ ਨੇ ਤੇ ਉਹੀ ਪੜਦੇ ਹਨ। ਲੇਖਕ, ਪਾਠਕ ਵਾਂਗ ਲਿਖਦੇ ਹਨ ਤੇ ਪਾਠਕ, ਪਾਠ ਕਰਨ ਵਾਂਗ ਪੜਦੇ ਹਨ। ਦੋਹਾਂ ਥਾਈਂ ਲਿਖਤ ਗ਼ੈਰ-ਹਾਜ਼ਿਰ ਹੈ। ਇਸਦਾ ਕਾਰਣ ਸ਼ਾਇਦ ਇਹ ਹੈ ਕਿ ਕ੍ਰਿਸ਼ਮਈ ਤੇ ਇਲਹਾਮੀ ਲਿਖਤ ਦੀ ਸਿਰਜਣਕਾਰੀ ਵਿਚ ਜੋ ਸਮਾਧੀ, ਲਿਵ, ਮੌਨ ਅਤੇ ਧਿਆਨ ਦਰਕਾਰ ਹੈ ਉਸਦੀ ਥਾਂ ਹੋੜ, ਰੌਲ਼ੇ, ਭੀੜ ਅਤੇ ਮੇਲਿਆਂ ਨੇ ਲੈ ਲਈ ਹੈ। ਮੇਲਿਆਂ, ਦਰਬਾਰਾਂ, ਕਾਨਫ਼ਰੰਸਾਂ ਅਤੇ ਵਿਮੋਚਨਾਂ ਵਿਚ ਸੰਵਾਦ ਗ਼ੈਰ-ਹਾਜ਼ਿਰ ਰਹਿੰਦਾ ਹੈ, ਜੋ ਹਾਜ਼ਿਰ ਹੈ ਉਹ ਹੈ ਵਾਹ-ਵਾਹ, ਮਹਿਮਾ ਮੰਡਨ ਜਾਂ ਬਹਿਸਬਾਜ਼ੀ। ਇਸ ਵੇਲੇ ਪੰਜਾਬੀ ਸਾਹਿਤ ਨੂੰ ਲੋੜ ਹੈ ਗੰਭੀਰ ਗੋਸ਼ਟਿ ਦੀ ਤੇ ਸੁਹਿਰਦ/ਸਹਿਜ ਸੰਵਾਦ ਦੀ ਤਾਂ ਕਿ ਸਿਹਤਮੰਦ ਸਿਰਜਣਕਾਰੀ ਦਾ ਮਾਹੌਲ ਬਣਿਆ ਰਹੇ।

ਇਹ ਸੋਸ਼ਲ ਮਾਧਿਅਮ ਜਿੱਥੇ ਪ੍ਰਗਟਾਵੇ ਦਾ ਤਰੁੰਤ ਮਾਧਿਅਮ ਹਨ ਉੱਥੇ ਇਹ ਪ੍ਰਗਟਾਵੇ ਦੀ ਭੁੱਖ ਨੂੰ ਸ਼ਾਂਤ ਨਹੀਂ ਕਰਦੇ ਬਲਕਿ ਹੋਰ ਤਲਬ ਪੈਦਾ ਕਰਦੇ ਹਨ। ਭੁੱਖ ਸਰੀਰਕ ਹੁੰਦੀ ਹੈ ਤੇ ਤਲਬ ਮਾਨਸਿਕ। ਤਲਬ ਨਸ਼ੇ ਦੀ ਹੁੰਦੀ ਹੈ। ਨਸ਼ਾ ਆਦਤ ਬਣ ਜਾਂਦਾ ਹੈ। ਇਹ ਸੋਸ਼ਲ ਮਾਧਿਅਮ ਪ੍ਰਗਟਾਵੇ ਦੀ ਆਦਤ ਪੈਦਾ ਕਰ ਰਹੇ ਹਨ। ਆਦਤ ਵਿਚ ਕੋਈ ਕਰਤਾਰੀ ਸਿਰਜਣਕਾਰੀ ਨਹੀਂ ਹੋ ਸਕਦੀ। ਕਿਉਂਕਿ ਕੋਈ ਕਿਤਾਬ ਜਾਂ ਗੰਭੀਰ ਰਚਨਾ ਕਰਨ ਵਿਚ ਮਿਹਨਤ ਦਰਕਾਰ ਹੈ, ਸੰਦਰਭ ਜਾਂ ਹਵਾਲੇ ਲੱਭਣ/ਦੇਣ ਦੀ ਮੁਸ਼ੱਕਤ ਕਰਨੀ ਹੁੰਦੀ ਹੈ। ਆਪਣੀਆਂ ਸਥਾਪਨਾਵਾਂ ਲਈ ਜਵਾਬਦੇਹੀ ਦੀ ਜ਼ਰੂਰਤ ਹੁੰਦੀ ਹੈ। ਇਸਦੇ ਉਲਟ ਆਸਾਨ ਰਾਹ ਹੈ ਫੇਸ ਬੁੱਕ ਜਾਂ ਵਟਸਐਪ 'ਤੇ ਆਪਣੀ ਹੁਣੇ ਰਚਿਤ ਲਿਖਤ ਨੂੰ ਪਾਉਣਾ, ਉਸ 'ਤੇ ਅੱਧੀ ਅਧੂਰੀ ਆਲੋਚਨੀ ਟਿੱਪਣੀ/ਪ੍ਰਸ਼ੰਸਾ ਤੁਰੰਤ ਦੇ ਦੇਣਾ ਤੇ ਫਿਰ ਚੁੱਪ/ਮੁਕਤ ਹੋ ਜਾਣਾ। ਆਤਮ ਪ੍ਰਚਾਰ, ਮੁੱਖ-ਸੁੱਖ, ਮਿੱਤਰ-ਮੋਹ, ਜੈਜੈਕਾਰ-ਭੰਡੀ ਪ੍ਰਚਾਰ ਸੱਭ ਕੁੱਝ ਹਾਜ਼ਿਰ ਹੈ ਇਨਾਂ ਮਾਧਿਅਮਾਂ ਵਿਚ। ਜੇਕਰ ਕੁੱਝ ਗ਼ੈਰਹਾਜ਼ਿਰ ਹੈ ਤਾਂ ਪੁਸਤਕ ਲਿਖਣ-ਪੜਨ ਤੇ ਗੰਭੀਰ ਅਧਿਐਨ ਤੇ ਸਿਰਜਣ ਦਾ ਸੁਖ/ਆਨੰਦ ਜੋ ਲੇਖਕ ਜਾਂ ਪਾਠਕ ਨੂੰ ਪ੍ਰਾਪਤ ਹੁੰਦਾ ਹੈ। ਪੰਜਾਬੀ ਸਾਹਿਤ ਜਗਤ ਵਿਚ ਗੰਭੀਰ ਗੋਸ਼ਟਿ, ਸੰਵਾਦ ਤੇ ਤਰਕੀ-ਵਿਤਰਕੀ ਪ੍ਰਵਚਨ ਲੁਪਤ ਹੁੰਦਾ ਜਾ ਰਿਹਾ ਹੈ। ਅਜਿਹੇ ਦ੍ਰਿਸ਼ ਅਤੇ ਮਾਹੌਲ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਨਾਂ ਸੋਸ਼ਲ ਮਾਧਿਅਮਾਂ ਨੇ ਜ਼ਿੰਮੇਵਾਰ ਲੇਖਣ-ਆਲੋਚਨਾ ਦੇ ਅਵਸਰ/ਆਸਾਰ ਘੱਟ ਕਰ ਦਿੱਤੇ ਨੇ ਅਤੇ ਸਵੈ ਪ੍ਰਚਾਰ/ਪ੍ਰਸਾਰ ਦੀ ਪ੍ਰਵਿਰਤੀ ਵਿਚ ਵਾਧਾ ਕੀਤਾ ਹੈ। ਜੋ ਲੇਖਕ ਵਧੀਆ ਸਾਹਿਤ ਸਿਰਜਣ ਕਰ ਸਕਦੇ ਹਨ ਉਹ ਫੇਸ ਬੁੱਕ ਜਾਂ ਵਟਸਐਪ 'ਤੇ ਸਾਹਿਤਕ-ਰਾਜਨੀਤੀ ਕਰਨ ਵਿਚ ਮਗਨ ਹਨ। ਇਸ ਵਿਚ ਭਾਸ਼ਣਕਾਰੀ ਦੀ ਭਾਸ ਮਹਿਸੂਸ ਹੁੰਦੀ ਹੈ। ਭਾਸ਼ਣਕਾਰੀ ਗੰਭੀਰਤਾ ਤੇ ਗ਼ਹਿਨਤਾ ਤੋਂ ਵਿਰਵੀ ਹੁੰਦੀ ਹੈ। ਜੋ ਲੇਖਕ ਭਾਸ਼ਣਕਾਰੀ ਕਰਨ ਲੱਗ ਜਾਂਦੇ ਨੇ, ਉਨਾਂ ਵਿੱਚੋਂ ਰਚਨਾਕਾਰੀ ਖ਼ਤਮ ਹੋ ਜਾਂਦੀ ਹੈ। ਅਗਰ ਗੰਭੀਰਤਾ ਨਾਲ ਘੋਖਿਆ ਜਾਵੇ ਤਾਂ ਅਸਾਡੇ ਵਿੱਚੋਂ ਹਰ ਕੋਈ ਇਸ ਆਭਾਸੀ ਜਗਤ ਦੇ ਪ੍ਰਭਾਵ ਦਾ ਸ਼ਿਕਾਰ ਹੈ। ਉਹ ਵੀ ਦਿਨ ਸਨ ਕਿ ਲੇਖਕ ਆਪਣੇ ਬਾਰੇ ਘੱਟ ਬੋਲਦੇ ਸਨ। ਲਿਖਤ ਬੋਲਦੀ ਸੀ। ਲੇਖਕ ਆਪਣਾ ਮਹਿਮਾ ਮੰਡਨ ਕਰਨ ਵਿਚ ਝਿਜਕਦੇ ਸਨ। ਹੁਣ ਲੇਖਕ ਆਪਣੇ/ਲਿਖਤ ਬਾਰੇ ਆਪ ਹੀ ਮੁਖ਼ਰ ਹੈ। ਲਿਖਤ ਚੁੱਪ ਹੈ ਤੇ ਪਾਠਕ ਨਿਰਾਸ਼। ਇਸ ਮਾਹੌਲ ਵਿਚ ਉੱਤਮ ਸਾਹਿਤ ਸਿਰਜਣਕਾਰੀ ਦਾ ਖੀਣ ਤੇ ਮਾਨਕ ਆਲੋਚਨਾ ਦਾ ਮੋਨ ਹੋ ਜਾਣਾ ਬੜਾ ਸੁਭਾਵਿਕ ਹੈ। ਸਮੇਂ ਦੀ ਲੋੜ ਹੈ ਕਿ ਸਾਹਿਤ ਪ੍ਰਤੀ 'ਜ਼ਿੰਮੇਵਾਰੀ' ਦਾ ਅਹਿਸਾਸ ਪੈਦਾ ਕਰਕੇ ਇਨਾਂ ਸੋਸ਼ਲ ਮਾਧਿਅਮਾਂ ਦਾ ਗੰਭੀਰ ਪ੍ਰਯੋਗ ਕੀਤਾ ਜਾਵੇ ਤਾਂ ਕਿ ਕਿਤਾਬ ਲਿਖਣ ਤੇ ਪੜਨ ਦਾ ਮਹੱਤਵ ਬਣਿਆ ਰਹਿ ਸਕੇ।

---

# ਜੱਟ ਕੀ ਜਾਣੇ ਲੌਂਗਾਂ ਦਾ ਭਾਅ

**- ਡਾ. ਬਲਵਿੰਦਰ ਕੌਰ ਬਰਾੜ**

ਸੁਣਿਆ ਹੈ ਇਕ ਵਾਰੀ ਕੋਈ ਜੱਟ ਪੰਸਾਰੀ ਦੀ ਹੱਟੀ ਲੌਂਗ ਲੈਣ ਗਿਆ, ਪੰਜ ਰੁਪਈਏ ਬਾਣੀਏ ਨੂੰ ਫੜਾਏ ਤਾਂ ਅੱਗੋਂ ਪੰਜ ਸੱਤ ਲੌਂਗ ਬਾਣੀਏ ਨੇ ਜੱਟ ਦੀ ਹਥੇਲੀ ਉੱਤੇ ਧਰ ਦਿੱਤੇ। ਜੱਟ ਉਹਨਾਂ ਲੌਂਗਾਂ ਦਾ ਫੱਕਾ ਮਾਰ ਕੇ ਦੁਕਾਨ ਮੂਹਰੇ ਚਾਦਰਾ ਵਿਛਾ ਕੇ ਬੈਠ ਗਿਆ। ਬਾਣੀਆਂ ਕਹਿੰਦਾ ਕੀ ਗੱਲ ? ਜੱਟ ਆਖੇ ਲੌਂਗ ਢੇਰੀ ਕਰ, ਉਹ ਤਾਂ ਮੈਂ ਸਵਾਦ ਦੇਖਦਾ ਹੀ ਖਾ ਗਿਆ। ਇਹ ਕਹਾਣੀ ਉਸ ਮਨੁੱਖ ਦੇ ਸੁਭਾਅ ਦੀ ਸੂਚਕ ਹੈ, ਜਿਸ ਮਨੁੱਖ ਦਾ ਵਾਹ ਲੰਮੇ ਅਰਸੇ ਤੋਂ ਬੋਹਲਾਂ ਨਾਲ, ਮਿੱਟੀ ਨਾਲ, ਡੰਗਰਾਂ ਨਾਲ ਜਾਂ ਕੁਦਰਤ ਵਲੋਂ ਬਿਨਾਂ ਮਿਣੇ-ਤੋਲੇ ਬਖਸ਼ੀ ਬਾਰਸ਼, ਧੁੱਪ, ਛਾਂ ਨਾਲ ਪੈਂਦਾ ਰਿਹਾ ਹੈ। ਹੁਣ ਤਕ ਇਸੇ ਤਰਾਂ ਪਲਦੀ ਆ ਰਹੀ ਮਾਨਸਿਕਤਾ ਅੱਜ ਦੀ ਮਿਣ-ਤੋਲ ਕੇ ਚਲਦੀ ਸੋਚ ਨਾਲ ਟਕਰਾ ਕੇ ਮੂਧੇ ਮੂੰਹ ਡਿਗਦੀ ਨਜ਼ਰ ਆ ਰਹੀ ਹੈ। ਅੱਜ ਜਦੋਂ ਇਕ ਕਦਮ ਚੱਲਣ ਲਈ ਦੋ ਗਜ਼ ਧਰਤੀ ਸੁੱਭਰਨੀ ਪੈ ਰਹੀ ਹੈ ਤਾਂ ਇਹ ਜੱਟ-ਸੌਦਾ ਓਨਾ ਹੀ ਫੇਲ ਹੋਇਆ ਲਗਦਾ ਹੈ। ਚਾਹੇ ਇਸ ਸੌਦੇ ਵਿਚ ਵੀ ਨਵੇਂ ਨੁਕਸਾਨ ਦਾ ਲੇਖਾ ਜੋਖਾ ਇਕ ਵੱਖਰਾ ਵਿਸ਼ਾ ਹੈ ਪਰ ਹਾਲ ਦੀ ਘੜੀ ਮਾਰਚ ਦੇ ਮਹੀਨੇ ਤਕ ਪੂਰੇ ਸਾਲ ਦੀ ਕਮਾਈ ਦੇ ਵਹੀ ਖਾਤੇ ਫਰੋਲਣ ਦਾ ਵੇਲਾ ਹੋ ਨਿੱਬੜਦਾ ਹੈ।

ਜਦੋਂ ਮੈਂ ਪੰਜਾਬ ਤੋਂ ਫੇਰੀ ਪਾ ਕੇ ਵਾਪਸ ਕਨੇਡਾ ਪਰਤਦੀ ਹਾਂ ਤਾਂ ਬਹੁਤੇ ਪਰਵਾਸੀ ਇਕ ਸਵਾਲ ਪੁੱਛਦੇ ਨੇ ਕਿ ਪੰਜਾਬੀਆਂ ਹੱਥ ਕਿਹੜੀ ਗਿੱਦੜਸਿੰਗੀ ਲੱਗੀ ਹੈ, ਵੱਡੀਆਂ-ਵੱਡੀਆਂ ਕਾਰਾਂ ਦੀ ਭੀੜ ਸੜਕਾਂ 'ਤੇ ਖਹਿੰਦੀ ਫਿਰਦੀ ਹੈ ? ਵੱਡੀਆਂ-ਵੱਡੀਆਂ ਕੋਠੀਆਂ, ਪੈਰ-ਪੈਰ 'ਤੇ ਮੈਰਿਜ ਪੈਲਿਸਾਂ ਵਿਚਲਾ ਧੂਮ-ਧੜੱਕਾ, ਵਿਆਹਾਂ 'ਤੇ ਕਰਜ਼ਾ ਚੁੱਕ ਕੇ ਕੀਤਾ ਖਰਚਾ। ਇੰਨੀ ਖ਼ੁਸ਼ਹਾਲੀ ਬਿਨਾਂ ਮਿਹਨਤ ਤੋਂ ਕਿਵੇਂ ਹੱਥ ਲੱਗ ਗਈ ? ਸਭ ਤੋਂ ਵੱਧ ਹੈਰਾਨੀ ਜਵਾਨ ਪੀੜੀ 'ਤੇ ਹੁੰਦੀ ਹੈ ਜਿਨਾਂ ਦੀ ਬਹੁਤੀ ਫੀਸਦੀ ਬਿਨਾਂ ਡੱਕਾ ਭੰਨੇ ਬਰੈਂਡਿਡ ਕੱਪੜਿਆਂ ਅਤੇ ਜੁੱਤੀਆਂ ਵਿਚ ਨਾਚ-ਗਾਣਿਆਂ ਜਾਂ ਮੋਬਾਇਲਾਂ ਨਾਲ ਰੁੱਝੀ ਹੋਈ ਹੈ। ਕਈ ਮਾਪੇ ਔਲਾਦ ਦੇ ਦੁੱਖ ਸੁੱਖ ਜਰਨ ਦੀ ਥਾਂ ਸਾਹ ਲੈਣ ਦੀ ਤਕਲੀਫ ਵੀ ਹਰਨ ਤਕ ਆਪ ਅਪੜਨਾ ਚਾਹੁੰਦੇ ਹਨ। ਅਜਿਹੀ ਸਥਿਤੀ ਵੇਖ ਕੇ ਸਭ ਮਨਾਂ ਅੰਦਰ ਆਉਣ ਵਾਲੇ ਸਮੇਂ ਵਿਚ ਇਸ ਪਨੀਰੀ ਦੀ ਸਮਰੱਥਾ ਅਤੇ ਸੰਭਾਵਨਾਵਾਂ ਬਾਰੇ ਜਗਿਆਸਾ ਸਿਰ ਚੁੱਕਦੀ ਹੈ ਕਿ ਇਹ ਜੋ ਮਾਪਿਆਂ ਦਾ ਪਿਆ ਲਫੇੜਾ ਨਹੀਂ ਜਰ ਸਕਦੇ, ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਦਾ ਸਾਹਮਣਾ ਕਿਵੇਂ ਕਰਨਗੇ ? ਪਹਿਲਾਂ ਤਾਂ ਸਰਫੇ ਦੀ ਇਸ ਔਲਾਦ, ਤਕਸੀਮ ਹੁੰਦੀ ਜ਼ਮੀਨ, ਨੈਤਿਕਤਾ ਜਾਂ ਧਰਮ ਰੁਚੀ ਦਾ ਡਿੱਗਦਾ ਮਿਆਰ, ਤਿੜਕਦੇ ਜਾਂ ਸਿਮਟਦੇ ਰਿਸ਼ਤੇ, ਨਿੱਜੀ ਹਿਤਾਂ ਲਈ ਭਾਈਚਾਰਕ ਸੰਬੰਧਾਂ ਵਲ ਕੀਤੀ ਪਿੱਠ ਆਦਿ ਸਭ ਰਲਕੇ ਮਨੁੱਖ ਦੀ ਜਿਊਣ ਦੀ ਲਾਲਸਾ ਨੂੰ ਖੋਰਾ ਲਾ ਰਹੀਆਂ ਹਨ। ਦੂਜਾ, ਬਾਜ਼ਾਰ ਦੀ ਚਕਾਚੌਂਧ ਝੱਗਾ ਚੌੜ ਕਰਨ ਦੀ ਠਾਣੀ ਫਿਰਦੀ ਹੈ। ਬਾਹਰਲੀਆਂ ਕੰਪਨੀਆਂ ਨੇ ਪੰਜਾਬ ਦੀ ਧਰਤੀ ਦਾ ਚੱਪਾ-ਚੱਪਾ ਹੜੱਪ ਕੇ ਖੇਤੀ ਹੇਠੋਂ ਖਿਸਕਾ ਲੈਣ ਦਾ ਇਕ ਨੁਕਾਤੀ ਪਰੋਗਰਾਮ ਉਲੀਕ ਰੱਖਿਆ ਹੈ। ਜੱਟ ਖੇਤੀ



ਤੋਂ ਬਿਨਾਂ ਹੋਰ ਧੰਦਾ ਸਿੱਖਣ ਤੋਂ ਹੁਣ ਤਕ ਇਨਕਾਰੀ ਰਿਹਾ ਹੈ। ਜ਼ਮੀਨਾਂ ਦਾ ਮੁੱਲ ਵੱਟ ਕੇ ਘਰ ਸਫਾਰੀਆਂ ਗੱਡੀਆਂ ਖੜੀਆਂ ਕਰਦਾ, ਮੋਢਿਆਂ ਉੱਤੋਂ ਦੀ ਥੁੱਕਦੀ ਫਿਰਦੀ ਔਲਾਦ ਹੱਥੋਂ ਦੁੱਭਰ ਖੁਦਕਸ਼ੀਆਂ ਦੀ ਪਗਡੰਡੀ ਫੜ ਰਿਹਾ ਹੈ। ਜ਼ਮੀਨਾਂ ਵੇਚ ਕੇ ਆਪਣੀ ਆਮਦਨ ਦਾ ਹੀਲਾ ਹੋਰਨਾਂ ਹੱਥ ਕਰਕੇ ਇਹ ਸਿੱਧ ਕਰ ਰਿਹਾ ਹੈ ਕਿ ਮੱਝ ਵੇਚਕੇ ਘੋੜੀ ਲਈ, ਦੁੱਧ ਪੀਣੋਂ ਗਏ ਲਿੱਦ ਚੁੱਕਣੀ ਪਈ। ਉਸ ਨੂੰ ਚਾਰ ਛਿੱਲੜ ਦੇ ਕੇ ਕੰਪਨੀ ਵਾਲੇ ਆਖੀ ਜਾਂਦੇ ਨੇ ਆਪਣੇ ਨੈਣ ਮੈਨੂੰ ਦੇ ਦੇ, ਤੂੰ ਮਟਕਾਉਂਦਾ ਫਿਰ। ਜਿਵੇਂ ਸਿਆਣੇ ਆਖਦੇ ਹਨ ਕਿ ਬਾਣੀਏ ਨੂੰ ਜ਼ਮੀਨ ਅਤੇ ਜੱਟ ਨੂੰ ਪੈਸਾ ਸਾਂਭਣ ਦਾ ਚੱਜ ਨਹੀਂ ਹੈ। ਇਹ ਇਸ ਵੇਲੇ ਦਾ ਸੱਚ ਹੋ ਰਿਹਾ ਹੈ।

ਔਲਾਦ ਵੀ ਉਸਦੀ ਅਨਪੜਤਾ ਦਾ ਪੂਰਾ ਲਾਹਾ ਲੈ ਰਹੀ ਹੈ। ਚੰਡੀਗੜ ਵਰਗੇ ਸ਼ਹਿਰ ਵਿਚ ਪੀ.ਜੀ. ਰਿਹਾਇਸ਼ਾਂ ਵਿਚ ਪਲਦੀ ਪਨੀਰੀ ਘਰੋਂ ਇਹ ਕਹਿ ਕੇ ਪੈਸਾ ਲੈ ਜਾਂਦੀ ਹੈ ਕਿ ਅਸੀਂ ਬਾਹਰਲੇ ਮੁਲਕ ਜਾਣ ਦਾ ਟੈਸਟ (ਆਇਲਟਸ) ਪਾਸ ਕਰਨਾ ਹੈ। ਊਠ ਦਾ ਬੁੱਲ ਡਿਗਣ ਵਰਗੇ ਅਜਿਹੇ ਸੁਪਨੇ ਉਸਨੂੰ ਦੋਹੀਂ ਹੱਥੀਂ ਲੁੱਟ ਰਹੇ ਹਨ। ਜ਼ਮੀਨ ਵੇਚ ਕੇ ਰੁਜ਼ਗਾਰ ਲਈ ਕੀਤਾ ਇਹ ਵਣਜ ਉਸ ਨੂੰ ਨਿਹੱਥਾ, ਨਿਕੰਮਾ ਤੇ ਬੇਰੁਜ਼ਗਾਰ ਕਰ ਰਿਹਾ ਹੈ। ਇਉਂ ਕਈਆਂ ਕੋਲ ਕਮਾਈ ਦੇ ਵੱਖ-ਵੱਖ ਚੰਗੇ ਮਾੜੇ ਸਾਧਨ ਇਕੱਠੇ ਹੋ ਰਹੇ ਹਨ ਪਰ ਬਹੁਤਿਆਂ ਹੱਥੋਂ ਇਹ ਸਰਕ ਰਹੇ ਹਨ।

ਪੰਜਾਬ ਦੇ ਕਿਸਾਨ, ਜਵਾਨ, ਹਵਾ, ਪਾਣੀ, ਧਰਤੀ, ਧੀਆਂ ਸਭ ਮੌਤ ਦੇ ਰਾਹ ਤੁਰ ਪਏ ਹਨ। ਫਜ਼ੂਲ ਖਰਚੀ, ਵਿਖਾਵਾ, ਅਨਪੜਤਾ ਜਿਹੀਆਂ ਅਲਾਮਤਾਂ ਅੰਦਰੋ-ਅੰਦਰੀ ਪਰਿਵਾਰਾਂ ਨੂੰ ਖੋਖਲਾ ਕਰ ਰਹੀਆਂ ਹਨ। ਗੰਧਲੀ ਸਿਆਸਤ ਕੋਲ ਇਹ ਸਭ ਕੁਝ ਗੌਲਣ ਦੀ ਨਾ ਸਮਰੱਥਾ ਹੈ, ਨਾ ਸਮਾਂ ਹੈ, ਨਾ ਹੀ ਰੁਚੀ ਹੈ। ਇਸ ਤਬਦੀਲ ਹੋ ਰਹੀ ਮਾਨਸਿਕਤਾ ਬਾਰੇ ਕਈ ਵਿਦਵਾਨ ਲਿਖ ਰਹੇ ਹਨ। ਜਾਗਦੀ ਰੂਹ ਵਾਲਿਆਂ ਨੂੰ ਮੇਰੀ ਬੇਨਤੀ ਹੈ ਕਿ ਪੜਿਆਂ ਹੋਇਆਂ ਨੂੰ ਪੜਾਉਣ ਦਾ ਕੋਈ ਫਾਇਦਾ ਨਹੀਂ, ਇਹ ਸਭ ਕੁਝ ਅਨਪੜਾਂ ਕੋਲ ਆਪੋ-ਆਪਣੀ ਸਮਰੱਥਾ, ਵਿੱਤ, ਸੋਚ ਅਤੇ ਦਾਇਰਿਆਂ ਅਨੁਸਾਰ ਜਾ ਕੇ ਸਮਝਾਉਣਾ ਪਵੇਗਾ।

## ਤਾਂਤਰਿਕ ਵਿਧੀਆਂ ਦੇ...

ਸੁਆਲ ਇਹ ਉਠਦਾ ਹੈ ਕਿ ਜਦ ਕਿ ਪੂਰੇ ਦੇਸ ਵਿਚ ਲਾਕਡਾਊਨ ਦੌਰਾਨ ਸਬਜ਼ੀ, ਅਨਾਜ, ਫਲ, ਦਵਾਈ ਦੀਆਂ ਦੁਕਾਨਾਂ ਨਹੀਂ ਖੁੱਲੀਆਂ ਹੋਈਆਂ ਤਾਂ ਪਟਾਕਿਆਂ ਦਾ ਭੰਡਾਰ ਦੇਸ਼ ਦੇ ਹਰ ਪਿੰਡ ਤੇ ਸ਼ਹਿਰਾਂ ਵਿਚ ਕਿਵੇਂ ਪਹੁੰਚ ਗਿਆ? ਇਸ ਪਿੱਛੇ ਕੌਣ ਜੇਤੂ ਸਿਆਸਤ ਦਾ ਪ੍ਰਦਰਸ਼ਨ ਕਰ ਰਿਹਾ ਹੈ?

ਸੰਯੁਕਤ ਰਾਸ਼ਟਰ ਦੀ ਇਕ ਸੰਸਥਾ ਸੰਸਟੇਨੇਬਲ ਸਲੂਸ਼ਨ ਨੈਟਵਰਕ ਹਰ ਸਾਲ ਕੌਮਾਂਤਰੀ ਪੱਧਰ 'ਤੇ ਸਰਵੇ ਕਰਕੇ ਵਿਸ਼ਵ ਖੁਸ਼ੀ ਸੂਚਕ ਅੰਕ ਅਰਥਾਤ ਵਰਡ ਹੈਪੀਨਸ ਇੰਡੈਕਸ ਜਾਰੀ ਕਰਦਾ ਹੈ। ਵਰਡਲ ਹੈਪੀਨਸ ਇੰਡੈਕਟ 2020 ਵਿਚ ਭਾਰਤ 156 ਦੇਸ਼ਾਂ ਦੀ ਸੂਚੀ ਵਿਚ ਪਛੜਿਆ ਹੋਇਆ ਹੈ ਤੇ 144 ਵੇਂ ਸਥਾਨ 'ਤੇ ਹੈ। ਪਰ ਕੋਰੋਨਾ ਵਾਇਰਸ ਦੌਰਾਨ ਜੋ ਤਿਉਹਾਰ ਦਾ ਮਾਹੌਲ ਭਾਰਤ ਵਿਚ ਬਣਾ ਦਿੱਤਾ ਗਿਆ, ਉਸ ਤੋਂ ਜਾਪਦਾ ਹੈ ਕਿ ਭਾਰਤੀ ਲੋਕ ਪੂਰੀ ਦੁਨੀਆਂ ਵਿਚ ਸਭ ਤੋਂ ਵੱਧ ਖੁਸ਼ ਹਨ। ਇਸ ਤਰਾਂ ਜਾਪਦਾ ਹੈ ਕਿ ਸ਼ਾਇਦ ਯੂਐਨਓ ਨੂੰ ਭੁਲੇਖਾ ਲੱਗਾ ਹੈ!

ਸੱਚਾਈ ਇਹ ਹੈ ਕਿ ਕੋਰੋਨਾ ਵਾਇਰਸ ਕਾਰਨ ਜੋ ਪ੍ਰਦੂਸ਼ਣ ਖਤਮ ਹੋਇਆ ਸੀ ਕੁਦਰਤ ਖੂਬਸੂਰਤ ਹੋਈ, ਉਸ ਨੂੰ ਭੰਗ ਕਰਨ ਦੇ ਕਰਮਕਾਂਡੀਆਂ ਵਲੋਂ ਯਤਨ ਕੀਤੇ ਗਏ। ਦਿੱਲੀ ਫਿਰ ਪ੍ਰਦੂਸ਼ਿਤ ਹੋ ਗਈ। ਇਸ ਤਰਾਂ ਲਾਕਡਾਊਨ ਦਾ ਸਿਸਟਮ ਭੰਗ ਕੀਤਾ ਗਿਆ ਤੇ ਲੋਕਾਂ ਨੂੰ ਕੋਰੋਨਾ ਦੇ ਸੰਕਟ ਵਿਚ ਪਾਇਆ ਗਿਆ।

ਕੋਰੋਨਾ ਵਾਇਰਸ ਤੇ ਕਰਮਕਾਂਡੀ

ਇੱਥੇ ਜ਼ਿਕਰਯੋਗ ਹੈ ਕਿ 19 ਮਾਰਚ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕਾਂ ਨੂੰ 'ਜਨਤਾ ਕਰਫਿਊ' ਦੇ ਨਾਲ-ਨਾਲ ਤਾੜੀਆਂ, ਥਾਲੀਆਂ ਤੇ ਘੰਟੀਆਂ ਖੜਕਾਉਣ ਦਾ ਸੱਦਾ ਦਿੱਤਾ ਸੀ ਤੇ ਕਿਹਾ ਸੀ ਕਿ ਇਸ ਨਾਲ ਕੋਰੋਨਾ ਮਹਾਂਮਾਰੀ ਨਾਲ ਲੜ ਰਹੇ ਡਾਕਟਰਾਂ, ਨਰਸਾਂ ਤੇ ਹੋਰ ਸਿਹਤ ਕਰਮਚਾਰੀਆਂ ਦੇ ਹੌਸਲੇ ਬੁਲੰਦ ਹੋਣਗੇ, ਪਰ ਲੋਕਾਂ ਨੇ ਸੜਕਾਂ 'ਤੇ ਆ ਕੇ ਭੰਗੜੇ ਪਾ ਕੇ ਲਾਕਡਾਊਨ ਨੂੰ ਭੰਗ ਕੀਤਾ ਤੇ ਕੋਰੋਨਾ ਵਾਇਰਸ ਦੀ ਆਮਦ ਦਾ ਕਾਰਨ ਬਣੇ। ਹਾਸੇ ਵਾਲੀ ਗੱਲ ਇਹ ਹੈ ਕਿ ਕੋਰੋਨਾ ਵਾਇਰਸ ਦਾ ਇਲਾਜ ਭਗਵੇਂਵਾਦੀਆਂ ਵਲੋਂ ਗਊ ਮੂਤਰ ਤੇ ਸੜਕਾਂ 'ਤੇ ਜਲੂਸ ਕੱਢ ਕੇ ਕੋਰੋਨਾ ਗੋ ਬੈਕ ਅਤੇ ਭਾਰਤ ਮਾਤਾ ਦੀ ਜੈ ਕਰਕੇ ਕੱਢਿਆ ਜਾ ਰਿਹਾ ਹੈ। ਤੇਲੰਗਾਨਾ ਦੇ ਭਾਜਪਾ ਵਿਧਾਇਕ ਰਾਜਾ ਸਿੰਘ ਨੇ ਮਿਸ਼ਾਲ ਲੈ ਕੇ ਜਲੂਸ ਕੱਢਿਆ। ਹਾਲਾਂ ਕਿ ਤੇਲੰਗਾਨਾ ਮੁੱਖ ਮੰਤਰੀ ਨੇ ਕਿਹਾ ਸੀ ਕਿ ਘਰਾਂ ਵਿਚ ਰਹੋ ਨਹੀਂ ਤਾਂ ਦੇਖਦੇ ਹੀ ਗੋਲੀ ਮਾਰ ਦਿੱਤੀ ਜਾਵੇਗੀ। ਪਰ ਭਾਜਪਾ ਵਿਧਾਇਕ ਰਾਜਾ ਸਿੰਘ ਨੇ ਅਜਿਹਾ ਡਰਾਮਾ ਕਰਕੇ ਤੇਲੰਗਾਨਾ ਸਰਕਾਰ ਨੂੰ ਵੀ ਚੁਣੌਤੀ ਦੇ ਦਿੱਤੀ। ਰਾਜਾ ਸਿੰਘ ਨੇ ਆਪਣੀਆਂ ਵੀਡੀਓ ਜਾਰੀ ਕੀਤੀਆਂ, ਜਿਸ ਵਿਚ ਉਹ ਮਿਸ਼ਾਲਾਂ ਨਾਲ ਜਲੂਸ ਕੱਢ ਕੇ ਭੀੜਾਂ ਰਾਹੀਂ ਗੋ ਬੈਕ ਗੋ ਬੈਕ ਚਾਈਨਾ ਵਾਇਰਸ ਗੋ ਬੈਕ ਦੇ ਨਾਅਰੇ ਲਗਵਾਏ। ਇਸ ਸਲੋਗਨ ਦੇ ਜਨਮਦਾਤਾ ਮਹਾਰਾਸ਼ਟਰ ਦੇ ਨੇਤਾ ਰਾਮਦਾਸ ਅਠਾਲਵੇ ਨੇ ਪਹਿਲੀ ਵਾਰ ਥਾਲੀ ਵਜਾ ਕੇ ਗੋ ਕੋਰੋਨਾ ਗੋ ਕੋਰੋਨਾ ਕਿਹਾ ਸੀ। ਮਤਲਬ ਸਾਫ ਹੈ ਕਿ ਕੋਰੋਨਾ ਨੂੰ ਅੰਗਰੇਜ਼ੀ ਆਉਂਦੀ ਹੈ। ਆਈਬੀ ਨੂੰ ਚਾਹੀਦਾ ਹੈ ਕਿ ਇਸ ਦੀ ਰਿਪੋਰਟ ਚੀਨ ਨੂੰ ਭੇਜ ਦੇਵੇ ਤਾਂ ਜੋ ਭਾਰਤ ਤੋਂ ਆਇਆ ਕੋਰੋਨਾ ਦਾ ਇਲਾਜ ਤੇ ਇੰਤਜਾਮ ਚੀਨ ਭਾਲ ਲਵੇ।

ਹੈਰਾਨੀ ਦੀ ਗੱਲ ਇਹ ਹੈ ਕਿ ਭਾਜਪਾ ਮਹਿਲਾ ਪ੍ਰਧਾਨ ਜ਼ਿਲਾ ਬਲਰਾਮਪੁਰ ਯੂਪੀ ਦੀ ਮੰਜੂ ਤਿਵਾੜੀ ਨੇ ਫਾਈਰਿੰਗ ਕਰਕੇ ਦੀਵਾਲੀ ਮਨਾਈ। ਭਾਵੇਂ ਉਸ 'ਤੇ ਕੇਸ ਦਰਜ ਕਰ ਲਿਆ ਗਿਆ ਹੈ, ਪਰ ਉਸ ਦਾ ਕਹਿਣਾ ਹੈ ਕਿ ਮੈਂ ਸੋਚਿਆ ਸੀ ਕਿ ਇਹ ਵੀ ਤਿਉਹਾਰ ਹੈ, ਜਿਸ ਕਰਕੇ ਮੈਂ ਦੀਵਾਲੀ ਸਮਝ ਕੇ ਫਾਈਰਿੰਗ ਕੀਤੀ ਹੈ। ਹੁਣੇ ਜਿਹੇ ਆਈਆਈਟੀ ਰੁੜਕੀ ਨਾਲ ਜੁੜੇ ਵਿਗਿਆਨੀ ਦੇਵੇਂਦਰ ਸਵਰੂਪ ਭਾਰਗਵ ਨੇ ਦਾਅਵਾ ਕੀਤਾ ਹੈ ਕਿ ਗੰਗਾ ਦਾ ਗੰਗਤਵ ਇਸ ਦੀਆਂ ਤਲਾਂ ਵਿਚ ਮੌਜੂਦ ਸੀ ਅਤੇ ਅਜੇ ਵੀ ਮੌਜੂਦ ਹੈ। ਗੰਗਾ ਵਿਚ ਆਕਸੀਜਨ ਜਜ਼ਬ ਕਰਨ ਦੀ ਯੋਗਤਾ ਹੈ। ਬਹੁਤ ਸਾਰੀਆਂ ਖੋਜਾਂ ਵਿੱਚ ਇਹ ਵੀ ਪਾਇਆ ਗਿਆ ਹੈ ਕਿ ਬੈਕਟਰੀਓਫੇਜ (ਬੈਕਟਰੀਆ ਖਾਣ ਵਾਲੇ ਵਾਇਰਸ) ਕੁਝ ਵਾਇਰਸਾਂ ਉਤੇ ਵੀ ਪ੍ਰਭਾਵਸ਼ਾਲੀ ਹੁੰਦੇ ਹਨ। ਕੋਰੋਨਾ ਵਾਇਰਸ ਦਾ ਗੰਗਾ ਇਸ਼ਨਾਨ ਨਾਲ ਫਾਇਦਾ ਹੋ ਸਕਦਾ ਹੈ। ਸੈਨਾ ਦੇ ਇਕ ਸੇਵਾਮੁਕਤ ਲੈਫਟੀਨੈਂਟ ਕਰਨਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਹੈ ਕਿ ਜੇ ਗੰਭੀਰਤਾ ਨਾਲ ਗੰਗਾ ਨਦੀ ਉਤੇ ਖੋਜ ਕੀਤੀ ਜਾਵੇ ਤਾਂ ਕੋਰੋਨਾ ਵਰਗੀ ਮਹਾਮਾਰੀ ਦਾ ਇਲਾਜ ਗੰਗਾ ਦੇ ਪਾਣੀ ਨਾਲ ਸੰਭਵ ਹੋ ਸਕਦਾ ਹੈ।

ਜੇਕਰ ਕੋਰੋਨਾ ਵਾਇਰਸ ਦੇ ਸਮੇਂ ਦੌਰਾਨ ਭਾਰਤ ਦੀਆਂ ਸਿਹਤ ਸਹੂਲਤਾਂ ਦਾ ਅਧਿਐਨ ਕੀਤਾ ਜਾਵੇ ਤਾਂ ਚਿੰਤਾ ਹੋ ਜਾਂਦੀ ਹੈ ਕਿ ਇਸ ਵਾਇਰਸ ਦੇ ਨਾਲ ਲੜਿਆ ਕਿਵੇਂ ਜਾਵੇਗਾ? ਰਿਪੋਰਟਾਂ ਦੇ ਅਨੁਸਾਰ, ਵਿਸ਼ਵ ਸਿਹਤ ਸੰਗਠਨ ਦੁਆਰਾ ਹਰੇਕ 1000 ਲੋਕਾਂ ਲਈ ਇੱਕ ਡਾਕਟਰ ਦੀ ਸਿਫਾਰਸ਼ ਦੇ ਉਲਟ, ਭਾਰਤ ਵਿੱਚ ਹਰ 10,000 ਲੋਕਾਂ ਪਿੱਛੇ ਇੱਕ ਡਾਕਟਰ ਹੈ। ਕੇਂਦਰੀ ਸਿਹਤ ਮੰਤਰਾਲੇ ਦੇ ਅੰਕੜਿਆਂ ਅਨੁਸਾਰ, ਭਾਰਤ ਦੇ ਸਰਕਾਰੀ ਹਸਪਤਾਲਾਂ ਵਿੱਚ ਸਿਰਫ਼ 8,432 ਵੈਂਟੀਲੇਟਰ ਹਨ, ਜਦਕਿ ਨਿੱਜੀ ਹਸਪਤਾਲਾਂ ਵਿੱਚ 40,000 ਵੈਂਟੀਲੇਟਰ ਹਨ। ਮਾਹਿਰਾਂ ਅਨੁਸਾਰ ਭਾਰਤ ਨੂੰ ਦੇਸ ਵਿੱਚ ਮੌਜੂਦਾ ਵੈਂਟੀਲੇਟਰਾਂ ਦੀ ਗਿਣਤੀ ਨਾਲੋਂ 8-10 ਗੁਣਾ ਵਧੇਰੇ ਵੈਂਟੀਲੇਟਰਾਂ ਦੀ ਜ਼ਰੂਰਤ ਹੋਏਗੀ। ਹਾਲਾਂਕਿ ਕਾਰ ਕੰਪਨੀਆਂ ਹੁਣ ਵੈਂਟੀਲੇਟਰਾਂ ਦੇ ਉਤਪਾਦਨ ਵਿੱਚ ਜੁੜ ਗਈਆਂ ਹਨ, ਫਿਰ ਵੀ ਭਾਰਤ ਵਿੱਚ ਵੈਂਟੀਲੇਟਰਾਂ ਦਾ ਨਿਰਮਾਣ ਤੇਜ਼ੀ ਨਾਲ ਕਰਨਾ ਇੱਕ ਵੱਡਾ ਚੈਲਿੰਜ ਹੈ। ਵੱਖ-ਵੱਖ ਹਸਪਤਾਲਾਂ ਦੇ ਡਾਕਟਰ ਤੇ ਨਰਸਾਂ ਸੁਰੱਖਿਅਤ ਮੈਡੀਕਲ ਉਪਕਰਨ ਨਾ ਮਿਲਣ ਕਾਰਣ ਡਿਊਟੀਆਂ ਛੱਡ ਕੇ ਭੱਜਣ ਲਈ ਮਜਬੂਰ ਹਨ। ਦਿੱਲੀ ਦੇ ਹਿੰਦੂ ਰਾਓ ਹਸਪਤਾਲ ਦੇ ਚਾਰ ਡਾਕਟਰਾਂ ਤੇ ਕੁਝ ਨਰਸਾਂ ਨੇ ਨਿੱਜੀ ਸੁਰੱਖਿਆ ਉਪਕਰਨ ਮੁਹੱਈਆ ਨਾ ਕਰਾਏ ਜਾਣ ਕਾਰਨ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਹੈ। ਹਸਪਤਾਲ ਪ੍ਰਸ਼ਾਸਨ ਨੇ ਡਾਕਟਰਾਂ ਦੀ ਮੰਗ 'ਤੇ ਧਿਆਨ ਦੇਣ ਦੀ ਥਾਂ ਡਾਕਟਰਾਂ ਨੂੰ ਧਮਕਾ ਕੇ ਚੁੱਪ ਬਿਠਾ ਦਿੱਤਾ ਹੈ।

ਬਿਹਾਰ ਦੇ ਭਾਗਲਪੁਰ ਵਿਚਲੇ ਜਵਾਹਰ ਲਾਲ ਨਹਿਰੂ ਹਸਪਤਾਲ ਤੇ ਮੈਡੀਕਲ ਕਾਲਜ ਦੇ ਡਾਕਟਰ ਤੇ ਨਰਸਾਂ ਜ਼ਰੂਰੀ ਸੁਰੱਖਿਆ ਉਪਕਰਨ ਨਾ ਮਿਲਣ ਕਾਰਣ ਹੜਤਾਲ ਉੱਤੇ ਚਲੇ ਗਏ ਹਨ। ਇਸ ਦੌਰਾਨ ਮੈਡੀਕਲ ਸਟਾਫ਼ ਨੂੰ ਨਿੱਜੀ ਸੁਰੱਖਿਆ ਕਿੱਟ ਤੇ ਸੰਸਾਰ ਸਿਹਤ ਸੰਸਥਾ ਦੇ ਮਿਆਰ ਵਾਲੀ ਸਮਗਰੀ ਉਪਲੱਬਧ ਨਾ ਕਰਾਏ ਜਾਣ ਦਾ ਮਾਮਲਾ ਸੁਪਰੀਮ ਕੋਰਟ ਵਿੱਚ ਪੁੱਜ ਚੁੱਕਾ ਹੈ। ਨਾਗਪੁਰ ਦੇ ਡਾਕਟਰ ਜੇਰਿਲ ਬਨੈਤ ਨੇ ਇਹ ਰਿੱਟ ਦਾਇਰ ਕੀਤੀ ਸੀ। ਇਸੇ ਦੌਰਾਨ ਵਕੀਲ ਅਮਿਤ ਸਾਹਨੀ ਨੇ ਵੀ ਇਸ ਮਸਲੇ ਸੰਬੰਧੀ ਇੱਕ ਜਨਹਿਤ ਪਟੀਸ਼ਨ ਦਾਇਰ ਕੀਤੀ ਹੈ ਤੇ ਅਦਾਲਤ ਨੇ ਸੁਣਵਾਈ ਲਈ ਇਹ ਰਿੱਟਾਂ ਮਨਜ਼ੂਰ ਕਰ ਲਈਆਂ ਹਨ। ਇਨਾਂ ਹਾਲਾਤਾਂ ਦੌਰਾਨ ਕਹਿਣਾ ਇਹ ਬਣਦਾ ਹੈ ਕਿ ਮੋਦੀ ਸਾਹਿਬ ਤੁਸੀਂ ਦੇਸ਼ ਦੇ ਪ੍ਰਧਾਨ ਮੰਤਰੀ ਹੋ, ਟੇਵੇ ਲਾਉਣ ਵਾਲੇ ਜੋਤਸ਼ੀ ਜਾਂ ਤਾਂਤਰਿਕ ਨਹੀਂ, ਇਸ ਲਈ ਆਪਣਾ ਰਾਜ ਧਰਮ ਨਿਭਾਓ ਤੇ ਮੈਡੀਕਲ ਸਹੂਲਤਾਂ ਨਾਲ ਦੇਸ ਮਜ਼ਬੂਤ ਕਰੋ।

ਮੋਦੀ ਸਰਕਾਰ ਲਈ ਯਾਦ ਰੱਖਣ ਵਾਲੀ ਗੱਲ ਇਹ ਵੀ ਹੈ ਕਿ ਦੱਖਣੀ ਕੋਰੀਆ ਰੋਜ਼ਾਨਾ 25 ਹਜ਼ਾਰ ਟੈਸਟ ਕਰਕੇ ਇਸ ਬਿਮਾਰੀ ਨਾਲ ਪ੍ਰਭਾਵਿਤ ਲੋਕਾਂ ਦੀ ਗਿਣਤੀ ਨੂੰ ਘਟਾਉਣ ਵਿੱਚ ਸਫ਼ਲ ਰਿਹਾ ਹੈ। ਇਸ ਦਾ ਕਾਰਨ, ਵੱਧ ਤੋਂ ਵੱਧ ਟੈਸਟਿੰਗ ਕਰਨਾ ਰਿਹਾ ਹੈ। ਇੱਥੋਂ ਤੱਕ ਕਿ ਵਿਸ਼ਵ ਸਿਹਤ ਸੰਗਠਨ ਲਗਾਤਾਰ ਇਸ ਗੱਲ 'ਤੇ ਜ਼ੋਰ ਦੇ ਰਿਹਾ ਹੈ ਕਿ ਇਸ ਮਹਾਂਮਾਰੀ ਨੂੰ ਰੋਕਣ ਲਈ ਸੋਸ਼ਲ ਡਿਸਟੈਂਸਿੰਗ ਦੇ ਨਾਲ ਟੈਸਟ ਕਰਨਾ ਸਭ ਤੋਂ ਮਹੱਤਵਪੂਰਨ ਹੈ।

ਨਫ਼ਰਤਾਂ ਦਾ ਵਾਇਰਸ

ਕੋਰੋਨਾ ਵਾਇਰਸ ਦੌਰਾਨ ਘੱਟ ਗਿਣਤੀ ਕੌਮਾਂ ਸਿੱਖ ਕੌਮ ਤੇ ਮੁਸਲਮਾਨਾਂ ਨਾਲ ਧੱਕਾ ਹੋ ਰਿਹਾ ਹੈ ਤੇ ਗੋਦੀ ਮੀਡੀਆ ਤੇ ਸ਼ੋਸ਼ਲ ਮੀਡੀਆ ਇਕ ਸਾਜ਼ਿਸ਼ ਤਹਿਤ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਹ ਭਾਈਚਾਰੇ ਵਾਇਰਸ ਫੈਲਾਉਣ ਦੇ ਜ਼ਿੰਮੇਵਾਰ ਹਨ। ਪਹਿਲਾਂ ਪ੍ਰਵਾਸੀ ਪੰਜਾਬੀਆਂ ਨੂੰ ਬਦਨਾਮ ਕੀਤਾ ਗਿਆ ਕਿ ਉਹ ਪੰਜਾਬ ਵਿਚ ਲੁਕੇ ਹੋਏ ਹਨ ਤੇ ਕੋਰੋਨਾ ਤੋਂ ਪੀੜਤ ਹਨ, ਪਰ ਜਾਂਚ ਵਿਚ ਜਦ ਉਹ ਸਾਹਮਣੇ ਆਏ ਤਾਂ ਕਿਸੇ ਪ੍ਰਵਾਸੀ ਪੰਜਾਬੀ ਦੇ ਪੀੜਤ ਹੋਣ ਦੀ ਖਬਰ ਨਹੀਂ ਆਈ। ਬਹੁਤ ਸਾਰੇ ਪ੍ਰਾਂਤਾਂ ਤੋਂ ਪੰਜਾਬ ਵਿਚ ਕੋਰੋਨਾ ਵਾਇਰਸ ਦੇ ਬਹੁਤ ਘੱਟ ਕੇਸ ਆਏ ਹਨ।

ਮੋਦੀ ਸਰਕਾਰ ਨੇ ਲਾਕਡਾਊਨ ਕਾਰਨ ਕਿਸੇ ਨੂੰ ਸਮਾਂ ਨਹੀਂ ਦਿੱਤਾ ਕਿ ਉਹ ਆਪਣੇ ਘਰਾਂ ਵੱਲ ਨੂੰ ਪਹੁੰਚ ਜਾਵੇ। ਇਸੇ ਕਰਕੇ ਦਿਹਾੜੀਦਾਰ ਲੇਬਰ ਆਪਣੇ ਪੈਦਲ ਘਰਾਂ ਵੱਲ ਚੱਲ ਪਈ ਤੇ ਯਾਤਰਾ ਕਰਨ ਆਏ ਸਿੱਖ ਕਰਫ਼ਿਊ ਕਾਰਨ ਗੁਰਦੁਆਰਾ ਮਜਨੂੰ ਕਾ ਟਿੱਲਾ ਅਤੇ ਹਜ਼ੂਰ ਸਾਹਿਬ ਰੁੱਕ ਗਏ। ਹਾਲਾਂਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਕਿਹਾ ਕਿ ਇਨਾਂ ਦਾ ਵਾਪਸ ਜਾਣ ਦਾ ਪ੍ਰਬੰਧ ਸਰਕਾਰ ਕਰੇ। ਪਰ ਕਿਸੇ ਸਰਕਾਰ ਨੇ ਇਸ ਵਿਚ ਰੁਚੀ ਨਹੀਂ ਦਿਖਾਈ, ਉਲਟਾ ਗੁਰਦੁਆਰਾ ਮਜਨੂੰ ਕਾ ਟਿੱਲਾ ਸੀਲ ਕਰ ਦਿੱਤਾ। ਗੁਰਦੁਆਰਾ ਕਮੇਟੀ ਅਤੇ ਰੁਕੇ 300 ਦੇ ਕਰੀਬ ਵਿਅਕਤੀਆਂ 'ਤੇ ਕੇਸ ਕਰ ਦਿੱਤਾ।

ਤਖਤ ਕੇਸਗੜ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਨੇ ਦਿੱਲੀ ਦੇ ਗੁਰਦੁਆਰਾ ਮਜਨੂੰ ਕਾ ਟਿੱਲਾ ਵਿਖੇ ਨਿਆਸਰਿਆਂ ਤੇ ਡਾਕਟਰਾਂ ਨੂੰ ਆਸਰਾ ਦੇਣ ਵਾਲੀ ਤੇ ਸਰਕਾਰ ਦੇ ਹਵਾਲੇ ਇਸ ਔਖੀ ਘੜੀ ਵਿਚ ਸਰਾਵਾਂ ਦੇਣ ਵਾਲੀ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਖਿਲਾਫ਼ ਕੇਸ ਦਰਜ ਕਰਨ ਦੀ ਨਿੰਦਾ ਕੀਤੀ ਹੈ। ਉਨਾਂ ਨੇ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਕਿ ਇਹ ਐਫਆਈਆਰ ਤੁਰੰਤ ਰੱਦ ਕੀਤੀ ਜਾਵੇ। ਅਜਿਹੇ ਵਿੱਚ ਲੋਕ ਸੇਵਾ ਵਿੱਚ ਲੱਗੀ ਸੰਸਥਾ ਖਿਲਾਫ਼ ਕੇਸ ਦਰਜ ਕਰਨਾ ਨਿੰਦਣਯੋਗ ਕਾਰਵਾਈ ਹੈ।

ਮਹਾਰਾਸ਼ਟਰ ਦੇ ਹਜ਼ੂਰ ਸਾਹਿਬ ਵਿੱਚ ਪੰਜਾਬ ਦੇ ਦੋ ਹਜ਼ਾਰ ਤੋਂ ਵੱਧ ਸ਼ਰਧਾਲੂ ਲੌਕਡਾਊਨ ਕਾਰਨ ਫਸੇ ਹੋਏ ਹਨ। ਪਰ ਸਰਕਾਰ ਇਨਾਂ ਲਈ ਆਵਾਜਾਈ ਦੇ ਸਾਧਨ ਮੁਹੱਈਆ ਨਹੀਂ ਕਰਵਾ ਰਹੀ ਤਾਂ ਜੋ ਉਹ ਆਪਣੇ ਘਰਾਂ ਨੂੰ ਪਹੁੰਚ ਸਕਣ। ਇਹ ਸ਼ਰਧਾਲੂ 22 ਮਾਰਚ ਦੇ ਨੇੜੇ ਵੱਖ-ਵੱਖ ਜਥਿਆਂ ਰਾਹੀਂ ਹਜ਼ੂਰ ਸਾਹਿਬ ਪਹੁੰਚੇ ਸਨ ਪਰ ਆਵਾਜਾਈ ਦੇ ਸਾਰੇ ਸਾਧਨਾਂ 'ਤੇ ਪਾਬੰਦੀ ਹੋਣ ਕਰ ਕੇ ਉੱਥੋਂ ਦੇ ਵੱਖ-ਵੱਖ ਗੁਰਦੁਆਰਿਆਂ ਵਿੱਚ ਟਿਕੇ ਰਹਿਣ ਲਈ ਮਜਬੂਰ ਹਨ।

ਇਸੇ ਤਰਾਂ ਤਬਲੀਗੀ ਜਮਾਤ ਦੇ ਦਿੱਲੀ ਸਥਿਤ ਨਿਜ਼ਾਮੁਦੀਨ ਮਰਕਜ ਵਿਚ ਇਕੱਠੇ ਹੋਏ ਮੁਸਲਮਾਨਾਂ ਨੂੰ ਭੰਡਿਆ ਜਾ ਰਿਹਾ ਹੈ, ਜੋ ਲਾਕਡਾਊਨ ਕਾਰਨ ਉੱਥੇ ਹੀ ਰੁਕ ਗਏ ਸਨ। ਜਦ ਕਿ ਉਨਾਂ ਦਾ ਕਹਿਣਾ ਹੈ ਕਿ ਉਨਾਂ ਨੇ ਮੋਦੀ ਸਰਕਾਰ ਨੂੰ ਅਪੀਲਾਂ ਕੀਤੀਆਂ, ਪਰ ਕਿਸੇ ਨੇ ਉਨਾਂ ਦੀ ਨਹੀਂ ਸੁਣੀ। ਅੱਜ ਉਨਾਂ 9000 ਲੋਕਾਂ ਦੀ ਪਛਾਣ ਕਰ ਕੇ ਕਵਾਰੰਟਾਈਨ ਕੀਤਾ ਜਾ ਚੁੱਕਾ ਹੈ ਅਤੇ ਉਨਾਂ ਨੂੰ ਗੋਦੀ ਮੀਡੀਏ ਰਾਹੀਂ ਇਕ ਸਾਜ਼ਿਸ਼ ਤਹਿਤ ਕੋਰੋਨਾ ਬੰਬ ਕਹਿ ਕੇ ਬਦਨਾਮ ਕੀਤਾ ਜਾ ਰਿਹਾ ਹੈ। ਸਿਹਤ ਮੰਤਰਾਲੇ ਦੇ ਮੁਤਾਬਕ ਦੇਸ਼ ਭਰ ਤੋਂ ਮਿਲੇ 1965 ਪਾਜ਼ੀਟਿਵ ਕੇਸਾਂ ਵਿੱਚੋਂ 400 ਨਿਜ਼ਾਮੁਦੀਨ ਮਰਕਜ ਨਾਲ ਜੁੜੇ ਹੋਏ ਹਨ। ਗ੍ਰਹਿ ਮੰਤਰਾਲੇ ਨੇ ਨਿਜ਼ਾਮੁਦੀਨ ਤਬਲੀਗੀ ਜਮਾਤ ਵਿੱਚ ਸ਼ਾਮਲ ਵਿਦੇਸ਼ੀ ਨਾਗਰਿਕਾਂ ਦਾ ਟੂਰਿਸਟ ਵੀਜ਼ਾ ਰੱਦ ਕਰ ਦਿੱਤਾ ਹੈ।

ਮੋਦੀ ਸਰਕਾਰ ਦਾ ਕਹਿਣਾ ਹੈ ਕਿ ਅੱਜ ਦੇਸ਼ ਵਿੱਚ ਤਿੰਨ ਹਜ਼ਾਰ ਤੋਂ ਵੱਧ ਕੋਰੋਨਾ ਮਰੀਜ਼ ਹਨ। ਤਬਲੀਗੀ ਜਮਾਤ ਦੇ ਕਾਰਨ ਦੇਸ਼ ਵਿਚ 22 ਹਜ਼ਾਰ ਲੋਕਾਂ ਨੂੰ ਅਲੱਗ ਕੀਤਾ ਗਿਆ ਹੈ. ਸਰਕਾਰ ਨੇ ਕਿਹਾ ਕਿ 30 ਪ੍ਰਤੀਸ਼ਤ ਕੋਰੋਨਾ ਮਾਮਲੇ ਲਈ ਤਬਲੀਗੀ ਜਮਾਤ ਜ਼ਿੰਮੇਵਾਰ ਹੈ। ਜਦ ਕਿ ਇਸ ਦੀ ਜ਼ਿੰਮੇਵਾਰੀ ਸਿੱਧੀ ਮੋਦੀ ਸਰਕਾਰ 'ਤੇ ਆਉਂਦੀ ਹੈ, ਕਿਉਂਕਿ ਉਸ ਨੇ ਲਾਕਡਾਊਨ ਤੋਂ ਪਹਿਲਾਂ ਲੋਕਾਂ ਨੂੰ ਘਰ ਜਾਣ ਦੇ ਲਈ ਸਮਾਂ ਨਹੀਂ ਦਿੱਤਾ ਤੇ ਨਾ ਹੀ ਇੰਤਜਾਮ ਕੀਤਾ।

ਇਸ ਸਮੇਂ ਦੌਰਾਨ ਨਫ਼ਰਤ ਇਸ ਹੱਦ ਤੱਕ ਫੈਲ ਰਹੀ ਹੈ ਕਿ ਮੁਸਲਮਾਨਾਂ ਦੇ ਹਸਪਤਾਲਾਂ ਵਿਚ ਇਲਾਜ ਕਰਨ ਤੋਂ ਗੁਰੇਜ ਕੀਤਾ ਜਾ ਰਿਹਾ ਹੈ। ਵਟਸਐਪ ਤੇ ਸ਼ੋਸ਼ਲ ਮੀਡੀਆ ਰਾਹੀਂ ਉਨਾਂ ਖਿਲਾਫ਼ ਨਫ਼ਰਤ ਫੈਲਾਈ ਜਾ ਰਹੀ ਹੈ। ਰਾਜਸਥਾਨ ਵਿੱਚ ਭਰਤਪੁਰ ਦੇ ਜ਼ਿਲਾ ਹਸਪਤਾਲ ਵਿਚ ਡਾਕਟਰਾਂ ਵੱਲੋਂ ਧਰਮ ਦੇ ਆਧਾਰ 'ਤੇ ਇਲਾਜ ਕਰਨ ਤੋਂ ਇਨਕਾਰ ਕਰਨ 'ਤੇ ਇਕ ਮੁਸਲਮਾਨ ਗਰਭਵਤੀ ਔਰਤ ਦੇ ਬੱਚੇ ਦੀ ਜਣੇਪੇ ਦੌਰਾਨ ਮੌਤ ਹੋ ਗਈ। ਪੀੜਤ ਔਰਤ ਦੇ ਪਤੀ ਇਰਫ਼ਾਨ ਖਾਨ ਨੇ ਦੋਸ਼ ਲਗਾਇਆ ਕਿ ਡਾਕਟਰਾਂ ਵੱਲੋਂ ਧਰਮ ਦੇ ਆਧਾਰ 'ਤੇ ਇਲਾਜ ਕਰਨ ਤੋਂ ਇਨਕਾਰ ਕੀਤੇ ਜਾਣ ਮਗਰੋਂ ਉਸ ਦੀ ਪਤਨੀ ਦਾ ਜਣੇਪਾ ਐਂਬੂਲੈਂਸ ਵਿੱਚ ਹੀ ਹੋ ਗਿਆ ਅਤੇ ਇਸ ਦੌਰਾਨ ਬੱਚੇ ਦੀ ਮੌਤ ਹੋ ਗਈ। ਉੱਧਰ, ਇਸ ਮਾਮਲੇ ਵਿੱਚ ਰਾਜਸਥਾਨ ਦੇ ਸਿਹਤ ਮੰਤਰੀ ਤੇ ਭਰਤਪੁਰ ਤੋਂ ਵਿਧਾਇਕ ਸੁਭਾਸ਼ ਗਰਗ ਨੇ ਜਾਂਚ ਦੇ ਹੁਕਮ ਦੇ ਦਿੱਤੇ ਹਨ।

ਹਾਲਾਂ ਕਿ ਕਾਂਗਰਸ ਦੇ ਸਿਖਰਲੇ ਆਗੂਆਂ ਨੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨਾਲ ਕਰੋਨਾਵਾਇਰਸ ਮਹਾਮਾਰੀ ਕਰਕੇ ਬਣੇ ਦੇਸ਼ ਦੇ ਮੌਜੂਦਾ ਹਾਲਾਤ 'ਤੇ ਚਰਚਾ ਕਰਦਿਆਂ 'ਬੇਤਰਤੀਬ' ਢੰਗ ਨਾਲ ਲੌਕਡਾਊਨ ਕਰਨ ਲਈ ਮੋਦੀ ਸਰਕਾਰ ਦੀ ਆਲੋਚਨਾ ਵੀ ਕੀਤੀ ਹੈ। ਪਰ ਸੁਆਲ ਪੈਦਾ ਹੁੰਦਾ ਹੈ ਕਿ ਕੀ ਸਿਹਤ ਸਹੂਲਤਾਂ ਦੀ ਘਾਟ ਨਾਲ ਡਾਕਟਰਾਂ ਦੇ ਹੌਂਸਲੇ ਬੁਲੰਦ ਕੀਤੇ ਜਾ ਸਕਦੇ ਹਨ? ਕੀ ਕਰਮਕਾਂਡੀ ਵਿਧੀਆਂ ਨਾਲ ਕੋਰੋਨਾ ਵਾਇਰਸ ਰੋਕਿਆ ਜਾ ਸਕਦਾ ਹੈ? ਇਹ ਸੁਆਲ ਅੱਜ ਭਾਰਤ ਸਰਕਾਰ ਨੂੰ ਲੱਭਣੇ ਪੈਣਗੇ ਤੇ ਉਸ ਨੂੰ ਕਿਊਬਾ, ਦੱਖਣੀ ਕੋਰੀਆ ਦਾ ਮਾਡਲ ਅਪਣਾਉਣਾ ਪਵੇਗਾ ਤਾਂ ਜੋ ਇਨਾਂ ਵਾਇਰਸਾਂ ਨੂੰ ਰੋਕਿਆ ਜਾ ਸਕੇ। ਭਾਈਚਾਰਿਆਂ ਵਿਚ ਨਫ਼ਰਤ ਫੈਲਾ ਕੇ ਕਦੇ ਵੀ ਸੰਕਟ ਦੇ ਦੌਰਾਨ ਸਰਕਾਰਾਂ ਨਹੀਂ ਲੜ ਸਕਦੀਆਂ, ਇਸ ਲਈ ਸਰਕਾਰ ਨੂੰ ਸਖ਼ਤੀ ਦੇ ਨਾਲ ਨਫ਼ਰਤਾਂ ਦੇ ਵਾਇਰਸ ਦਬਾਉਣੇ ਚਾਹੀਦੇ ਹਨ।

## ਦਹਾਤੀ ਪੰਜਾਬ ਦੀ ਨਾਕਾਬੰਦੀ...

ਪਿੰਡ ਰਾਏਖਾਨਾ (ਬਠਿੰਡਾ) ਦੇ ਸਰਪੰਚ ਨੇ ਜ਼ਿਲਾ ਪੁਲੀਸ ਨੂੰ ਲਿਖਤੀ ਦਰਖਾਸਤ ਦਿੱਤੀ ਹੈ ਕਿ ਦੋ ਦਿਨ ਪਹਿਲਾਂ ਇੱਕ ਨਸ਼ਾ ਤਸਕਰ ਨਾਕਾ ਤੋੜ ਕੇ ਲੰਘ ਗਿਆ ਸੀ ਅਤੇ ਮਗਰੋਂ ਕੁਝ ਸਾਥੀਆਂ ਨੂੰ ਨਾਲ ਲੈ ਕੇ ਹਮਲਾ ਕਰਨ ਪੁੱਜ ਗਿਆ। ਨਾਕੇ ਤੇ ਤਾਇਨਾਤ ਮੈਂਬਰਾਂ ਅਤੇ ਨੌਜਵਾਨਾਂ ਨੇ ਭੱਜ ਕੇ ਜਾਨ ਬਚਾਈ। ਮੋਗਾ ਜ਼ਿਲੇ ਦੇ ਪਿੰਡ ਬੁੱਕਣਵਾਲਾ ਵਿੱਚ ਨਾਕੇ ਵਾਲੇ ਮੁੰਡਿਆਂ ਨੇ ਇੱਕ ਪੁਲੀਸ ਮੁਲਾਜ਼ਮ ਨੂੰ ਚਿੱਟੇ ਸਮੇਤ ਕਾਬੂ ਕੀਤਾ ਹੈ, ਜਿਸ ਨੂੰ ਪੁਲੀਸ ਨੇ ਮਗਰੋਂ ਮੁਅੱਤਲ ਕਰ ਦਿੱਤਾ ਹੈ।

ਪਿੰਡ ਸਧਾਣਾ ਦੇ ਨਾਕੇ ਤੇ ਨਸ਼ੇੜੀ ਤੇ ਤਸਕਰ ਨੌਜਵਾਨਾਂ ਨੇ ਕਾਬੂ ਕਰਕੇ ਫੂਲ ਥਾਣੇ ਵਿੱਚ ਫੜਾ ਦਿੱਤੇ ਸਨ। ਸਮਾਜਿਕ ਆਗੂ ਲੱਖਾ ਸਧਾਣਾ ਨੇ ਦੱਸਿਆ ਕਿ ਪੇਂਡੂ ਨਾਕਿਆਂ ਕਰਕੇ ਨਸ਼ੇ ਦੀ ਸਪਲਾਈ ਲਾਈਨ ਟੁੱਟੀ ਹੈ ਅਤੇ ਇਸ ਨਾਕੇਬੰਦੀ ਨਾਲ ਨਸ਼ਾ ਤਸਕਰਾਂ ਤੇ ਪੁਲੀਸ ਦਾ ਗੱਠਜੋੜ ਵੀ ਨੰਗਾ ਹੋਇਆ ਹੈ। ਬਠਿੰਡਾ ਜ਼ਿਲੇ ਵਿਚ ਏਦਾਂ ਦੇ ਦੋ ਪੁਲੀਸ ਮੁਲਾਜ਼ਮ ਫੜੇ ਜਾ ਚੁੱਕੇ ਹਨ। ਪਿੰਡ ਬਦਿਆਲਾ ਵਿਚ ਵੀ ਨਸ਼ੇੜੀਆਂ ਦੀ ਘੇਰਾਬੰਦੀ ਹੋ ਗਈ ਸੀ। ਲੰਘੀ ਰਾਤ ਮਲੋਟ ਵਿਖੇ ਵੀ ਏਦਾਂ ਦੀ ਘਟਨਾ ਵਾਪਰੀ ਹੈ ਜਿਥੇ ਪੁਲੀਸ ਮੁਲਾਜ਼ਮ ਮੁਅੱਤਲ ਕੀਤੇ ਗਏ ਹਨ। ਸ਼ਹੀਦ ਭਗਤ ਸਿੰਘ ਨਸ਼ਾ ਵਿਰੋਧੀ ਮੰਚ ਪੰਜਾਬ ਦੇ ਆਗੂ ਰੁਪਿੰਦਰ ਸਿੰਘ ਅਤੇ ਮੇਜਰ ਸਿੰਘ ਦਾ ਕਹਿਣਾ ਸੀ ਕਿ ਤੋਟ ਦੇ ਭੰਨੇ ਨਸ਼ੇੜੀ ਹੁਣ ਸ਼ੁੱਧ ਬੁੱਧ ਖੋਹ ਬੈਠੇ ਹਨ ਅਤੇ ਉਹ ਨਾਕਾਬੰਦੀ ਕਰਨ ਵਾਲਿਆਂ ਨੂੰ ਧਮਕੀਆਂ ਦੇਣ ਅਤੇ ਹਮਲੇ ਕਰਨ ਤੇ ਉਤਾਰੂ ਹੋ ਗਏ ਹਨ। ਉਨਾਂ ਦੱਸਿਆ ਕਿ ਮੰਚ ਕੋਲ ਕਾਫ਼ੀ ਨਸ਼ੇੜੀ ਨਸ਼ਾ ਛੱਡਣ ਵਾਸਤੇ ਪਹੁੰਚ ਵੀ ਕਰਨ ਲੱਗੇ ਹਨ। ਉਨਾਂ ਮੰਗ ਕੀਤੀ ਕਿ ਪੁਲੀਸ ਨੂੰ ਇਸ ਮੌਕੇ ਨਸ਼ੇੜੀਆਂ ਨੂੰ ਠੱਲਣ ਵਾਲੇ ਲੋਕਾਂ ਦੀ ਸੁਰੱਖਿਆ ਕਰਨੀ ਚਾਹੀਦੀ ਹੈ। ਜ਼ਿਲਾ ਪਟਿਆਲਾ ਦੇ ਐਸਐਸਪੀ ਮਨਦੀਪ ਸਿੰਘ ਨੇ ਦੱਸਿਆ ਕਿ ਪਟਿਆਲੇ ਜ਼ਿਲੇ ਵਿਚ ਏਦਾਂ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਹੈ ਪ੍ਰੰਤੂ ਪਿੰਡਾਂ ਵਿਚ ਜੋ ਨਾਕਾਬੰਦੀ ਹੋਈ ਹੈ, ਉਸ ਦੇ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ।

## ਗੁਰੂ ਨਾਨਕ ਪਾਤਸ਼ਾਹ ਦੇ...

**ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥ ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥** (ਪੰਨਾ 637)

**ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥ ਅੰਧੇ ਗੁੰਗੇ ਅੰਧ ਅੰਧਾਰੁ ॥ ਪਾਥਰੁ ਲੇ ਪੂਜਹਿ ਮੁਗਧ ਗਵਾਰ ॥ ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥**
(ਪੰਨਾ 556)

ਗੁਰੂ ਜੀ ਨੇ ਮਾਲਾ ਪਾਉਣੀਆਂ ਜਾਂ ਸਿਮਰਨੇ ਫੇਰਨੇ ਨੂੰ ਲੋਕ ਵਿਖਾਵਾ ਆਖਿਆ ਹੈ। ਪਰ ਅਸੀਂ ਉਸ ਮਹਾਨ ਸਖਸ਼ੀਅਤ ਦੀਆਂ ਜਿਥੇ ਮਨਘੜਤ ਫੋਟੋ ਬਣਾ ਕੇ ਜਾਂ ਮੁੱਲ ਲੈ ਕੇ ਪੂਜ ਰਹੇ ਹਾਂ, ਉਥੇ ਉਸ ਦੀਆਂ ਫੋਟੋ ਦੇ ਸਿਰ ਅਤੇ ਗਲ ਵਿੱਚ ਵੀ ਮਾਲਾ ਪਾ ਦਿੱਤੀਆਂ ਹਨ। ਹੁਣ ਤਾਂ ਕਈ ਗੁਰਮਤਿ ਵਿਰੋਧੀ ਗੁਰੂ ਜੀ ਦੀਆਂ ਮੂਰਤੀਆਂ ਵੀ ਬਣਾ ਰਹੇ ਹਨ; ਪਰ ਗੁਰੂ ਜੀ ਦੇ ਇਸ ਬਾਰੇ ਵਿਚਾਰ ਤਾਂ ਇਹ ਹਨ :

**ਧੋਤੀ ਊਜਲ ਤਿਲਕੁ ਗਲਿ ਮਾਲਾ ॥ ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ ॥ ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥**
(ਪੰਨਾ 832)

**ਸਲੋਕ ॥ ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥ ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥ ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ ॥ ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ ॥**
(ਪੰਨਾ 1245)

ਅੱਜ ਵੀ ਕਈ ਗੁਰੂ ਨਾਨਕ ਪਾਤਸ਼ਾਹ ਨੂੰ ਗੁਰੂ ਮੰਨਣ ਵਾਲੇ ਆਪਣੇ ਬੱਚਿਆਂ ਦੀਆਂ ਸ਼ਾਦੀਆਂ ਸਮੇਂ ਪੰਡਤ ਕੋਲ ਜਾ ਕੇ ਪੱਤਰੀ, ਟੇਵੇ ਆਦਿਕ ਵਾਲਾ ਭਰਮ ਪਾਲ ਰਹੇ ਹਨ; ਪਰ ਗੁਰੂ ਜੀ ਦੀ ਗੱਲ 'ਤੇ ਯਕੀਨ ਨਹੀਂ ਕਰਦੇ ਹਨ :

**ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ ॥ ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ ॥ ਗੁਰਮਤਿ ਹੋਇ ਤ ਹੁਕਮੁ ਪਛਾਣੈ ॥੧॥ ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥੧॥ ਰਹਾਉ ॥ ਗਣਿ ਗਣਿ ਜੋਤਕੁ ਕਾਂਡੀ ਕੀਨੀ ॥ ਪੜੈ ਸੁਣਾਵੈ ਤਤੁ ਨ ਚੀਨੀ ॥ ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥**
(ਪੰਨਾ 904)

ਉਹਨਾਂ ਨੇ ਉਸ ਸਮੇਂ ਇਸਤਰੀ ਜਾਤੀ ਦੀ ਮਾੜੀ ਹਾਲਤ ਵੇਖ ਕੇ ਉਸਨੂੰ ਪੁਰਸ਼ ਦੇ ਬਰਾਬਰ ਅਧਿਕਾਰ ਦੀ ਗੱਲ ਕੀਤੀ:

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**
(ਪੰਨਾ 473)

ਉਹਨਾਂ ਨੇ ਨਸ਼ੇ ਵਰਗੀ ਭੈੜੀ ਆਦਤ ਦੇ ਖਿਲਾਫ ਵੀ ਸਮਾਜ ਨੂੰ ਸੁਚੇਤ ਕੀਤਾ:

**ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ ॥ ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ ॥ ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ ॥ ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ ॥ ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ ॥ ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ ॥**
(ਪੰਨਾ 553)

ਗੁਰੂ ਸਾਹਿਬ ਨੇ ਦੱਸਿਆ ਕਿ ਅੰਨ ਨਾ ਖਾ ਕੇ (ਵਰਤ ਰੱਖਣਾ) ਅਕਾਲ ਪੁਰਖ ਨੂੰ ਖੁਸ਼ ਨਹੀਂ ਹੁੰਦਾ; ਸਗੋਂ ਗੁਰੂ ਦੇ ਸੱਚੇ ਗਿਆਨ ਨੂੰ ਲੈ ਕੇ ਰੋਜ਼ਾਨਾ ਕਈ ਵਾਰ ਆਤਮਿਕ ਮੌਤ ਮਰਨ ਤੋਂ ਬਚਿਆ ਜਾ ਸਕਦਾ ਹੈ:

**ਅੰਨੁ ਨ ਖਾਹਿ ਦੇਹੀ ਦੁਖੁ ਦੀਜੈ ॥ ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ ॥ ਮਨਮੁਖਿ ਜਨਮੈ ਜਨਮਿ ਮਰੀਜੈ ॥**
(ਪੰਨਾ 905)

ਗੁਰੂ ਜੀ ਨੇ ਉਹਨਾਂ ਪਾਖੰਡੀ ਲੋਕਾਂ ਦਾ ਅਸਲੀ ਚੇਹਰਾ ਵੀ ਲੋਕਾਂ ਸਾਹਮਣੇ ਲਿਆਂਦਾ ਜਿਹੜੇ ਧਾਰਮਿਕ ਮਖੌਟਾ ਪਾਈ ਫਿਰਦੇ ਸਨ, ਅਤੇ ਆਪ ਐਸ਼ਾਂ ਕਰਨ ਦੀ ਖਾਤਰ ਗੁਰੂ ਪੀਰ ਅਖਵਾਉਂਦੇ ਸਨ :

**ਸਲੋਕ ॥ ਗਿਆਨ ਵਿਹੂਣਾ ਗਾਵੈ ਗੀਤ ॥ ਭੁਖੇ ਮੁਲਾਂ ਘਰੇ ਮਸੀਤਿ ॥ ਮਖਟੂ ਹੋਇ ਕੈ ਕੰਨ ਪੜਾਏ ॥ ਫਕਰੁ ਕਰੇ ਹੋਰੁ ਜਾਤਿ ਗਵਾਏ ॥ ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥ ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥**
(ਪੰਨਾ 1245)

ਸਾਡੇ ਗੁਰਦੁਆਰਿਆਂ ਦੀਆਂ ਸਟੇਜਾਂ ਤੋਂ ਪ੍ਰਚਾਰਕ ਗੁਰੂ ਜੀ ਵੱਲੋਂ ਸੂਰਜ ਨੂੰ ਪਾਣੀ ਦੇਣ ਦੀ ਬਜਾਏ, ਪੱਛਮ ਵੱਲ ਪਾਣੀ ਦੇਣ ਵਾਲੀ ਸਾਖੀ ਸੁਣਾਉਂਦੇ ਹਨ ਕਿ ਗੁਰੂ ਜੀ ਨੇ ਕਿਵੇਂ ਅੰਧ ਵਿਸ਼ਵਾਸਾਂ ਵਿੱਚ ਪਏ ਲੋਕਾਂ ਨੂੰ ਤਰਕ ਨਾਲ ਸਮਝਾਇਆ ਸੀ; ਕਿ ਜਦੋਂ ਪੁਜਾਰੀਆਂ ਨੇ ਗੁਰੂ ਜੀ ਤੋਂ ਸੂਰਜ ਵਲ ਪਾਣੀ ਦੇਣ ਦੀ ਥਾਂ ਪੱਛਮ ਵੱਲ ਪਾਣੀ ਦੇਣ ਦਾ ਕਾਰਨ ਪੁੱਛਿਆ ਸੀ ਤਾਂ ਗੁਰੂ ਜੀ ਨੇ ਉਤਰ ਦਿੱਤਾ ਕਿ ਜੇਕਰ ਤੁਹਾਡਾ ਪਾਣੀ ਸੂਰਜ ਤੱਕ ਪਹੁੰਚ ਸਕਦਾ ਹੈ ਤਾਂ ਮੇਰਾ ਪਾਣੀ ਮੇਰੇ ਖੇਤਾਂ ਤੱਕ ਕਿਉਂ ਨਹੀਂ ਪਹੁੰਚ ਸਕਦਾ। ਪਰ ਕੀ ਅੱਜ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਅੱਗੇ ਤੁਪਕਾ-ਤੁਪਕਾ ਪਾਣੀ ਧਰਤੀ 'ਤੇ ਪਾ ਕੇ ਠੀਕ ਕਰ ਰਹੇ ਹਾਂ ? ਕੀ ਅਜਿਹੀ ਸੁੱਚਮ ਵਾਲੀ ਮਨੌਤ ਨੂੰ ਗੁਰੂ ਸਾਹਿਬ ਦੀ ਬਾਣੀ ਮਾਨਤਾ ਦੇਂਦੀ ਹੈ ?

ਗੁਰੂ ਨਾਨਕ ਪਾਤਸ਼ਾਹ ਜੀ ਦੇ ਪ੍ਰਕਾਸ਼ ਉਤਸਵ ਵਾਲੇ ਦਿਨ ਭਾਈ ਗੁਰਦਾਸ ਜੀ ਦੀ ਇਸ ਵਾਰ ਨੂੰ ਕਈ ਵਾਰ ਪੜਿਆਂ ਜਾਂਦਾ ਹੈ। ਭਾਈ ਸਾਹਿਬ ਨੇ ਆਪਣੀ ਪਹਿਲੀ ਵਾਰ ਦੀ 27ਵੀਂ ਪਉੜੀ ਵਿੱਚ ਗੁਰੂ ਨਾਨਕ ਪਾਤਸ਼ਾਹ ਜੀ ਵੱਲੋਂ ਲੋਕਾਈ ਵਿੱਚ ਸੱਚ ਦੇ ਗਿਆਨ ਦਾ ਪ੍ਰਚਾਰ ਕਰਨ ਤੋਂ ਪਹਿਲਾਂ ਵਾਲੀ ਮਾਨਸਿਕ ਹਾਲਤ ਅਤੇ ਫਿਰ ਪ੍ਰਚਾਰ ਕਰਨ ਨਾਲ ਲੋਕਾਈ ਦੀ ਬਦਲੀ ਮਾਨਸਿਕ ਹਾਲਤ ਬਾਰੇ ਇਸ ਵਿੱਚ ਲਿਖਿਆ ਹੈ:

**ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥**
**ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥**
**ਸਿੰਘ ਬੁਕੇ ਮਿਰਗਾਵਲੀ ਭੰਨੀ ਜਾਏ ਨ ਧੀਰ ਧਰੋਆ॥**
**ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ॥**
**ਸਿਧ ਆਸਣ ਸਭ ਜਗਤ ਦੇ ਨਾਨਕ ਆਦ ਮਤੇ ਜੇ ਕੋਆ॥**
**ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥**
**ਬਾਬੇ ਤਾਰੇ ਚਾਰ ਚਕ ਨੌ ਖੰਡ ਪ੍ਰਿਥਮੀ ਸਚਾ ਢੋਆ॥**
**ਗੁਰਮੁਖ ਕਲਿ ਵਿਚ ਪਰਗਟ ਹੋਆ ॥27।**

**ਗੁਰੂ ਨਾਨਕ ਪਾਤਸ਼ਾਹ ਹੁਰਾਂ ਨੂੰ ਗੁਰੂ ਮੰਨਣ ਵਾਲਿਓ ਇਹ ਵੀ ਖਿਆਲ ਰੱਖਿਓ ਕਿ ਕਿਤੇ ਸਾਡੀ ਹਾਲਤ ਕਬੀਰ ਜੀ ਦੇ ਉਚਾਰੇ ਇਸ ਸ਼ਬਦ ਵਾਲੀ ਨਾ ਹੋ ਜਾਵੇ:**

**ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥ ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥**
(ਪੰਨਾ 1365)

ਗੁਰੂ ਜੀ ਦੇ 550ਵੇਂ ਪ੍ਰਕਾਸ਼ ਉਤਸਵ ਤੇ ਗੁਰਪੁਰਬ ਨੂੰ ਮਨਾਉਂਦੇ ਸਮੇਂ ਸਾਨੂੰ ਇਹ ਵੀ ਸੋਚਣ ਦੀ ਲੋੜ ਹੈ, ਕਿ ਜਿਵੇਂ ਭਾਈ ਗੁਰਦਾਸ ਜੀ ਨੇ ਇਸ ਵਾਰ ਵਿੱਚ ਲਿਖਿਆ ਹੈ ਕਿ ਗੁਰੂ ਜੀ ਦੇ ਪ੍ਰਚਾਰ ਕਰਨ ਨਾਲ ਉਸ ਸਮੇਂ ਲੋਕਾਈ ਦੇ ਦਿਲਾਂ ਵਿੱਚੋਂ ਵਹਿਮ ਭਰਮ, ਅੰਧ-ਵਿਸ਼ਵਾਸ ਅਤੇ ਬਹੁਤ ਸਾਰੇ ਕਰਮਕਾਂਡ ਖਤਮ ਹੋ ਗਏ ਸਨ; ਕੀ ਅੱਜ 21ਵੀਂ ਸੱਦੀ ਦੇ ਯੁਗ ਵਿੱਚ ਵੀ ਅਸੀਂ ਕਿਤੇ ਫਿਰ ਅਧਿਆਤਮਿਕ ਤੌਰ ਤੇ ਉਹਨਾਂ ਹੀ ਝਮੇਲਿਆਂ ਵਿੱਚ ਤਾਂ ਨਹੀਂ ਫਸੇ ਹੋਏ ? ਇਹ ਵੀ ਸੋਚਣ ਦੀ ਲੋੜ ਹੈ, ਕਿ ਅੱਜ ਅਸੀਂ ਗੁਰੂ ਜੀ ਨੂੰ ਸਿਰਫ ਗੁਰੂ ਮੰਨਦੇ ਤੇ ਪੂਜਦੇ ਹੀ ਹਾਂ, ਜਾਂ ਕਿ ਉਹਨਾਂ ਦੀ ਦਿੱਤੀ ਸਿੱਖਿਆਂ ਨੂੰ ਵੀ ਮੰਨਦੇ ਹਾਂ ? ਇਹ ਹਰੇਕ ਸਿੱਖ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ; ਤਦ ਹੀ ਸਾਡਾ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਦਾ ਮਨੋਰਥ ਪੂਰਾ ਹੋਵੇਗਾ।

## ਭਾਰਤੀ ਲੋਕਤੰਤਰ ਤੇ...

ਨਾਗਰਿਕ ਸੇਵਾਵਾਂ ਵਿੱਚ ਲੱਗੀਆਂ ਭਾਰਤੀ ਸਰਵਜਨਕ ਸੰਸਥਾਵਾਂ ਦੀ ਭਰੋਸੇਯੋਗਤਾ ਤਾਂ ਪਹਿਲਾਂ ਹੀ ਸਵਾਲਾਂ ਦੇ ਘੇਰੇ ਵਿੱਚ ਆ ਚੁੱਕੀ ਹੈ।

ਚੋਣ ਕਮਿਸ਼ਨ ਅਤੇ ਰਿਜ਼ਰਵ ਬੈਂਕ ਦਾ ਕੰਮ ਕਰਨ ਦਾ ਅਜ਼ਾਦਾਨਾ ਤਰੀਕਾ ਵੀ ਉਹੋ ਜਿਹਾ ਨਹੀਂ ਰਿਹਾ। ਇਨ੍ਹਾਂ ਦੇ ਕੰਮਾਂਕਾਰਾਂ ਵਿੱਚ ਹਾਕਮਾਂ ਦੀ ਦਖ਼ਲ ਅੰਦਾਜ਼ੀ ਲਗਾਤਾਰ ਵਧੀ ਹੈ। ਨੌਕਰਸ਼ਾਹਾਂ ਦੇ ਕੰਮਕਾਰ ਦੇ ਢੰਗ-ਤਰੀਕੇ ਨੂੰ ਹਾਕਮਾਂ, ਸਿਆਸਤਦਾਨਾਂ ਨੇ ਆਪਣੇ ਢੰਗ ਨਾਲ ਢਾਲ ਲਿਆ ਹੈ। ਜਿੱਥੇ ਹਾਕਮਾਂ ਦੀ ਪੇਸ਼ ਨਹੀਂ ਰਹੀ, ਉੱਥੇ ਆਪਣੀ ਸਿਆਸੀ ਪਾਰਟੀ ਨਾਲ ਸੰਬੰਧਤ ਲੋਕਾਂ ਨੂੰ ਸਪੈਸ਼ਲਿਸਟ ਗਰਦਾਨ ਕੇ ਨੌਕਰਸ਼ਾਹਾਂ ਨੂੰ ਹੁਕਮ ਦੇਣ ਵਾਲੇ ਹਾਕਮੀ ਸਿਪਾਹ-ਸਲਾਰਾਂ ਦੇ ਰੂਪ ਵਿੱਚ ਤਾਇਨਾਤ ਕਰ ਦਿੱਤਾ ਹੈ। ਆਈ ਡੀ, ਆਈ ਬੀ, ਸੀ ਬੀ ਆਈ ਉੱਤੇ ਤਾਂ ਪੱਖਪਾਤ ਦੇ ਬਹੁਤ ਇਲਜ਼ਾਮ ਲੱਗਦੇ ਹੀ ਸਨ, ਪਰ ਦੇਸ਼ ਦੀ ਨਿਆਂ ਪਾਲਿਕਾ ਉੱਤੇ ਵੀ ਪਿਛਲੇ ਦਿਨਾਂ ਅਤੇ ਮਹੀਨਿਆਂ ਵਿੱਚ ਆਪਣੇ ਆਜ਼ਾਦਾਨਾਂ ਹਸਤੀ ਦੇ ਉਲਟ ਕੰਮ ਕੀਤੇ ਜਾਣ ਕਾਰਨ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਲੋਕ ਸਵਾਲ ਕਰਨ ਲੱਗੇ ਹਨ ਕਿ ਸੁਪਰੀਮ ਕੋਰਟ ਦੇ ਰਿਟਾਇਰਡ ਮੁੱਖ ਜੱਜ ਨੂੰ ਉਨ੍ਹਾਂ ਦੀਆਂ ਕਿਹੜੀਆਂ ਸੇਵਾਵਾਂ ਲਈ ਭਾਜਪਾ ਨੇ ਰਾਜ ਸਭਾ ਲਈ ਮਨੋਨੀਤ ਕੀਤਾ ਹੈ। ਜਸਟਿਸ ਕੁਰਿਅਨ ਜੋਸੈਫ ਨੇ ਇਸ ਸੰਬੰਧੀ ਇਹੋ ਜਿਹੀ ਟਿੱਪਣੀ ਕੀਤੀ ਹੈ, ਜੋ ਸਵੀਕਾਰਨ ਯੋਗ ਹੈ, ਜਸਟਿਸ ਗੋਗੋਈ ਦੇ ਮੌਕਾਪ੍ਰਸਤੀ ਵਾਲੇ ਇਸ ਕੰਮ ਨੇ ਨਿਆਂਪਾਲਿਕਾ ਦੀ ਅਜ਼ਾਦੀ ਅਤੇ ਨਿਰਪੱਖਤਾ ਨਾਲ ਜੁੜੇ ਪਵਿੱਤਰ ਸਿਧਾਂਤਾਂ ਨਾਲ ਸਮਝੌਤਾ ਕੀਤਾ ਹੈ। ਜਸਟਿਸ ਗੋਗੋਈ ਦੀ ਪ੍ਰਧਾਨਗੀ ਵਿੱਚ ਜਿਸ ਕਿਸਮ ਦੇ ਫੈਸਲੇ ਸੁਪਰੀਮ ਕੋਰਟ ਨੇ ਕੀਤੇ ਸਨ, ਜਿਨ੍ਹਾਂ ਵਿੱਚ ਅਯੁੱਧਿਆ ਦਾ ਮਾਮਾਲਾ ਵੀ ਸ਼ਾਮਲ ਸੀ। ਉਨ੍ਹਾਂ ਤੋਂ ਲੋਕ ਹੈਰਾਨ ਹੋਏ ਸਨ, ਪਰ ਕਿਉਂਕਿ ਦੇਸ਼ ਦੇ ਬਹੁਗਿਣਤੀ ਲੋਕ, ਨਿਆਂਪਾਲਿਕਾ ਦੇ ਫੈਸਲਿਆਂ ਨੂੰ ਨਿਆਂਪਾਲਿਕਾ ਦੇ ਕੰਮ ਪ੍ਰਤੀ ਉਸ ਵੇਲੇ ਵੀ ਹੈਰਾਨਗੀ ਪ੍ਰਗਟ ਕੀਤੀ ਸੀ, ਜਦੋਂ ਵੱਡੇ ਨੇਤਾ ਚੋਣਾਂ ਸਮੇਂ ਚੋਣ ਜ਼ਾਬਤੇ ਦਾ ਉਲੰਘਣਾ ਕਰਦੇ ਰਹੇ ਅਤੇ ਸੁਪਰੀਮ ਕੋਰਟ ਵਿੱਚ ਇਸ ਸੰਬੰਧੀ ਪਾਈਆਂ ਰਿਟਾਂ, ਪਟੀਸ਼ਨ, ਸੁਣਵਾਈ ਲਈ ਊਠ ਦਾ ਬੁੱਲ੍ਹ ਡਿੱਗੇਗਾ, ਹੁਣ ਵੀ ਡਿੱਗੇਗਾ ਵਾਂਗ ਸੁਣਵਾਈ ਦੀ ਉਡੀਕ ਕਰਦੀਆਂ ਰਹੀਆਂ।

ਕਾਂਗਰਸ ਸਰਕਾਰਾਂ ਵੱਲੋਂ ਸਮੇਂ-ਸਮੇਂ ਲੋਕਤੰਤਰ ਦੇ ਨਿਯਮਾਂ ਦੀ ਕੀਤੀ ਗਈ ਦੁਰਵਰਤੋਂ, ਹੁਣ ਭਾਜਪਾ ਰਾਜ ਵਿੱਚ ਸਿਖ਼ਰ ਉੱਤੇ ਪੁੱਜ ਗਈ ਹੈ, ਜਿਸ ਨੂੰ ਹੁਣ ਕੋਰੋਨਾ ਵਾਇਰਸ ਵਾਂਗ ਹਾਕਮਾਂ ਨੇ ਆਪਣੇ ਲਪੇਟੇ ਵਿੱਚ ਲਿਆ ਹੋਇਆ ਹੈ। ਭੈੜੀ ਆਰਥਿਕਤਾ ਅਤੇ ਵੱਡੀਆਂ ਸਮੱਸਿਆਵਾਂ ਦੇ ਘੇਰੇ ਵਿੱਚ ਆਇਆ ਹੋਇਆ ਭਾਰਤੀ ਲੋਕਤੰਤਰ ਅਸਲ ਅਰਥਾਂ ਵਿੱਚ ਕਰਾਹ ਰਿਹਾ ਹੈ। ਸਮੇਂ-ਸਮੇਂ ਹਾਕਮਾਂ ਵੱਲੋਂ ਲੋਕਤੰਤਰ ਦੇ ਕੀਤੇ ਚੀਰ ਹਰਨ ਨੇ ਇਸਦੀ ਦੁਰਦਸ਼ਾ ਕਰ ਦਿੱਤੀ ਹੈ। ਸਥਿਤੀਆਂ ਕੁਝ ਅੱਗੋਂ ਵੀ ਇਹੋ ਜਿਹੀਆਂ ਦਿਸ ਰਹੀਆਂ ਹਨ ਕਿ ਸਾਡਾ ਲੋਕਤੰਤਰ, ਸਵਾਰਥੀ ਹਾਕਮਾਂ ਦੇ ਪੰਜੇ ਵਿੱਚ ਫਸ ਕੇ ਹੋਰ ਵੀ ਬੁਰੀ ਤਰ੍ਹਾਂ ਨਸ਼ਟ ਹੋ ਜਾਏਗਾ। ਆਸ ਦੀ ਕਿਰਨ ਤਾਂ ਬੱਸ ਇੱਕੋ ਹੈ ਕਿ ਲੋਕ ਨੇਤਾਵਾਂ ਦੀਆਂ ਚਾਲਾਂ ਨੂੰ ਸਮਝ ਕੇ ਉਨ੍ਹਾਂ ਦਾ ਅਸਲ ਚਿਹਰਾ ਸਭ ਦੇ ਸਾਹਮਣੇ ਲਿਆਉਣ ਅਤੇ ਇਹ ਭਾਰਤੀ ਸੰਵਿਧਾਨ ਦੀ ਲੋਕਤੰਤਰਿਕ ਪ੍ਰਣਾਲੀ ਅਨੁਸਾਰ ਹੀ ਸਾਰੇ ਕੰਮ ਹੋਣ ਨੂੰ ਯਕੀਨੀ ਬਣਾਉਣ।

## ਅਯਾਲੀ

ਧਨੀ ਰਾਮ ਚਾਤ੍ਰਿਕ

ਸ਼ਾਬਾ ਤੇਰੇ ਅਯਾਲੀ ਬਾਬਾ !
ਧੰਨ ਤੂੰ, ਤੇ ਧੰਨ ਤੇਰਾ ਦਾਬਾ।
ਭੇਡਾਂ ਤੇਰੀਆਂ ਚਰਨ ਹਜਾਰਾਂ
ਬੁੱਢੀਆਂ ਨਢੀਆਂ ਤੇ ਮੁਟਿਆਰਾਂ।
ਕੋਈ ਚਿੱਟੀ ਤੇ ਕੋਈ ਮੁਕਾਲੀ
ਕੋਈ ਘੋਨੀ ਕੋਈ ਵਾਲਾਂ ਵਾਲੀ।
'ਤਾੜ' ਤੇਰੀ ਹੈ ਸਭ ਦੇ ਉੱਤੇ
ਘੇਰੀ ਰੱਖਦੇ 'ਤੇਰੇ ਕੁੱਤੇ'।
ਆ ਗਈ ਕਿਧਰੋਂ ਰੱਬ ਸਬੱਬੀ
ਡੱਬ ਤੇਰੀ ਵਿੱਚ ਰੰਗ ਦੀ ਡੱਬੀ।
ਸਭ ਨੂੰ 'ਠੱਪੇ' ਲਾਈ ਜਾਵੇਂ
'ਆਪਣਾ ਰੰਗ' ਚੜ੍ਹਾਈ ਜਾਵੇਂ।
ਲਗ ਗਈ ਤੇਰੀ ਜਿਨੂੰ ਨਿਸ਼ਾਨੀ
ਹੋ ਨਹੀਂ ਸਕਦੀ ਫੇਰ ਬਿਗਾਨੀ।
ਇਧਰ ਉਧਰ ਹੋ ਵੀ ਜਾਵੇ
'ਬਿੱਲਾ' ਤੇਰਾ ਤੁਰਤ ਫੜਾਵੇ।
ਜਾਦੂ ਤੇਰੀ ਲੰਮੀ ਛੜ ਦਾ
ਦੂਰੋਂ ਪਿਆ ਸੰਭਾਲਾਂ ਕਰਦਾ।
ਸੁਣਨ ਜਦੋਂ ਸ਼ਿਸ਼ਕਾਰਾ ਤੇਰਾ
ਜੋੜ ਜੋੜ ਸਿਰ ਘੱਤਣ ਘੇਰਾ।
ਨਾ ਕੋਈ ਹਿੱਲੇ ਨਾ ਕੋਈ ਬੋਲੇ
ਨਾ ਕੋਈ ਰਾਹ ਨੱਸਣ ਦਾ ਟੋਲੇ।
ਜੋ ਕੁਝ ਕਹੇਂ,ਕਮਾਈ ਜਾਵਣ
ਜੋ ਕੁਝ ਦੇਂਵੇਂ,ਖਾਈ ਜਾਵਣ।
ਵਧਦਾ ਜਾਏ ਇੱਜੜ ਤੇਰਾ
ਵਾੜਾ ਹੁੰਦਾ ਜਾਇ ਚੁੜੇਰਾ।
ਸਮਾਂ ਵੇਖ, ਤੂੰ ਕੈਂਚੀ ਵਾਹੇਂ
ਉੱਨ ਸਭਸ ਦੀ ਫੜ ਫੜ ਲਾਹੇਂ।
ਪਈਆਂ ਪਾਉਣ ਚੀਕ ਚਿਹਾੜਾ
ਤੂੰ ਮੁੰਨੀਂ ਜਾਹ ਪਾ ਪਾ 'ਭਾੜਾ'।
ਏਹੋ ਹੀ 'ਰੁਜਗਾਰ' ਹੈ ਤੇਰਾ
ਉੱਨ ਦੀ ਖਾਤਰ 'ਪਿਆਰ' ਹੈ ਤੇਰਾ!
(ਪ੍ਰੀਤ-ਲੜੀ,ਜੂਨ1937 )

**ਪੇਸ਼ਕਸ਼: ਤਰਲੋਚਨ ਸਿੰਘ 'ਦੁਪਾਲ ਪੁਰ'**
tsdupalpuri@yahoo.com
+91-81950-25579


**Buying or Selling home in Sacramento??**
**ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।**
**MOBILE 916-513-8094**




*Put my knowledge, Service, experience and professionalism to work for you.*



Buying or selling home in Sacramento?
Call 916-513-8094 for free consultation (PUNJABI/ENGLISH/HINDI)
ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE. 916-513-8094. OFFICE 916-993-8680 EXT.1102
EMAIL realtor.vkapoor@gmail.com Web. www.hsicarerealty.com
9355 E. Stockton Blvd. suite 170, Elk Grove, CA 95864

**VISHAL KAPOOR**
Realtor®
DRE#02087894


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com




22

GET FLAT 22 CENTS




DISCOUNT AT

TA TravelCenters of America

PETRO Stopping Centers®

We also offer Line of Credit for Fuel Card

Additional Services with our Fuel Card

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
SHER BESAN SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com